# ਯੋਜਨਾ

**ਸਾਲ 34 • ਅੰਕ 4 • ਅਪ੍ਰੈਲ 2017 • ਕੁੱਲ ਪੰਨੇ 56**


ਇਸ ਅੰਕ ਵਿਚ


- ਭਾਰਤ ਵਿੱਚ ਕਿਰਤ ਦਾ ਦ੍ਰਿਸ਼ : ਕੁੱਝ ਗੰਭੀਰ ਮੁੱਦੇ - ਪਰਵੀਨ ਝਾ 4
- ਭਾਰਤ ਵਿੱਚ ਕਿਰਤ ਸੁਧਾਰ – ਵੰਗਾਰਾਂ ਤੇ ਮੌਕੇ - ਸ੍ਰੀਰੰਗ ਝਾ 7
- ਭਾਰਤ ਵਿੱਚ ਅਸੰਗਠਿਤ ਕਿਰਤ ਬਾਜ਼ਾਰ - ਏ ਸ੍ਰੀਜਾ 10
- ਔਰਤਾਂ ਦਾ ਰੋਜ਼ਗਾਰ : ਆਸ ਦੇ ਬਰਖਿਲਾਫ ਆਸ - ਨੀਤਾ ਐੱਨ 14
- ਪਰਵਾਸ ਬਾਰੇ ਰਾਸ਼ਟਰੀ ਨੀਤੀ ਦੀ ਦਿਸ਼ਾ ਵੱਲ - ਐੱਸ ਚੰਦਰਸ਼ੇਖਰ 18
- ਬਾਲ ਮਜ਼ਦੂਰੀ ਕਾਨੂੰਨ ਵਿੱਚ ਸੁਧਾਰ - ਹੈਲਨ ਆਰ ਸੇਕਰ 20
- ਰਾਸ਼ਟਰੀ ਪੱਧਰ ਉਤੇ ਹੁਨਰ ਵਿਕਾਸ ਦੇ ਵਿੱਤੀਕਰਨ ਲਈ ਇਕ ਨਵਾਂ ਤੰਤਰ - ਸੰਤੋਸ਼ ਮਹਿਰੋਤਰਾ 23
- ਕਿਰਤ ਨੀਤੀਆਂ ਅਤੇ ਮਜ਼ਦੂਰ ਭਲਾਈ : ਇਕ ਅੰਤਰਰਾਸ਼ਟਰੀ ਤੁਲਨਾ - ਪ੍ਰਦੀਪ ਅਗਰਵਾਲ 25
- ਮਸ਼ੀਨੀ ਯੁੱਗ - ਰਿੰਟੂ ਨਾਥ 29
- ਕਿਰਤ ਬਾਜ਼ਾਰ, ਪਰਵਾਸ ਅਤੇ ਉਜਰਤਾਂ ਤੇ ਮਗਨਰੇਗਾ ਦਾ ਪ੍ਰਭਾਵ - ਯੂ ਹੇਮੰਥਾ ਕੁਮਾਰ - ਬੀ ਸੁਜਾਥਾ 31
- ਸੁਰੱਖਿਅਤ ਬਚਪਨ ਨਾਲ ਮਜ਼ਬੂਤ ਭਾਰਤ ਨਿਰਮਾਣ - ਕੈਲਾਸ਼ ਸਤਿਆਰਥੀ 37
- ਕਿਰਤੀਆਂ ਦੇ ਅਧਿਕਾਰ : ਇਕ ਪੜਚੋਲ - ਅਮਿਤ ਤਿਆਗੀ 41
- ਕੀ ਤੁਸੀਂ ਜਾਣਦੇ ਹੋ? - 46
- ਪੰਜਾਬ ਦੇ ਪੇਂਡੂ ਕਿਤਰੀਆਂ ਦੇ ਜੀਵਨ ਵਿੱਚ ਮਗਨਰੇਗਾ ਦੀ ਭੂਮਿਕਾ - ਸੁਮੀਤ ਸ਼ੰਮੀ 47
- ਵਿਕਾਸ ਖਾਕਾ 51



ਮੁੱਖ ਸੰਪਾਦਕ
**ਦੀਪਿਕਾ ਕੱਛਲ**
ਸੰਪਾਦਕ
**ਗਗਨਦੀਪ ਕੌਰ ਦੇਵਗਨ**



**ਸੰਪਾਦਕੀ ਦਫ਼ਤਰ**
ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ , ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal



ਸੰਯੁਕਤ ਨਿਦੇਸ਼ਕ (ਉਤਪਾਦਨ)
**ਵੀ.ਕੇ. ਮੀਨਾ**
ਬਿਜ਼ਨਸ ਮੈਨੇਜਰ
**ਸੂਰੀਆਕਾਂਤ ਸ਼ਰਮਾ**
ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)
**ਜਰਨਲ ਯੂਨਿਟ**
ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*
ਕਵਰ : **ਜੀ.ਪੀ.ਧੋਪੇ**



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤ ਵਿੱਚ ਕਿਰਤ ਦਾ ਦ੍ਰਿਸ਼ : ਕੁੱਝ ਗੰਭੀਰ ਮੁੱਦੇ

ਪਰਵੀਨ ਝਾ

ਇਹ ਗੱਲ ਆਮ ਤੌਰ ਤੇ ਮੰਨੀ ਜਾਂਦੀ ਹੈ ਕਿ ਵਿਸ਼ਵ ਅਰਥਚਾਰੇ ਵਿੱਚ ਰੋਜ਼ਗਾਰ ਦੇ ਢੁੱਕਵੇਂ ਮੌਕੇ ਅਤੇ ਇਨ੍ਹਾਂ ਦੀ ਗੁਣਵੱਤਾ ਵੱਡੀਆਂ ਵੰਗਾਰਾਂ ਹਨ। ਭਾਰਤ ਵਿੱਚ ਵੀ ਕੁੱਲ ਮਿਲਾ ਕੇ ਇਹੋ ਹਾਲ ਹੈ ਅਤੇ ਇਹ ਮੁੱਦੇ ਹਾਲੀਆ ਵਰ੍ਹਿਆਂ ਵਿੱਚ ਹੋਰ ਤੀਬਰ ਹੋ ਗਏ ਹਨ। ਅੰਤਰਰਾਸ਼ਟਰੀ ਕਿਰਤ ਸੰਗਠਨ, ਰੋਜ਼ਗਾਰ ਅਤੇ ਸਮਾਜਕ ਦ੍ਰਿਸ਼ਟੀਕੋਣ ਅਤੇ 2016 ਦੇ ਰੁਝਾਨਾਂ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ। ਨੌਕਰੀਆਂ ਦੀ ਘਟੀਆ ਗੁਣਵੱਤਾ ਦੁਨੀਆਂ ਭਰ ਵਿੱਚ ਭਖਦਾ ਮੁੱਦਾ ਬਣਿਆ ਹੋਇਆ ਹੈ। ਕਮਜ਼ੋਰ ਰੋਜ਼ਗਾਰ ਦੀ ਘਟਨਾ – ਆਪਣੇ ਕੰਮ ਦਾ ਹਿੱਸਾ ਅਤੇ ਯੋਗਦਾਨ ਪਾਉਣ ਵਾਲਾ ਪਰਿਵਾਰਕ ਰੋਜ਼ਗਾਰ, ਵੱਡੀ ਪੱਧਰ ਦੀ ਅਨਿਸਚਿਤਤਾ ਦੇ ਮੱਦੇਨਜ਼ਰ ਕੰਮ ਦੇ ਵਰਗ – ਇਹ ਵਿਸ਼ਵ ਸੰਕਟ ਸ਼ੁਰੂ ਹੋਣ ਤੋਂ ਪਹਿਲਾਂ ਨਾਲੋਂ ਜ਼ਿਆਦਾ ਧੀਮੀ ਗਤੀ ਨਾਲ ਘਟ ਰਹੇ ਹਨ। ਕਮਜ਼ੋਰ ਰੋਜ਼ਗਾਰ ਦੇ ਦਾਇਰੇ ਹੇਠ 1.5 ਬਿਲੀਅਨ ਲੋਕ ਜਾਂ ਕੁੱਲ ਰੋਜ਼ਗਾਰ ਦਾ 46 ਪ੍ਰਤਿਸ਼ਤ ਆਉਂਦਾ ਹੈ। ਦੱਖਣੀ ਏਸ਼ੀਆ ਅਤੇ ਉੱਪ-ਸਹਾਰਾ ਅਫਰੀਕਾ, ਦੋਵਾਂ ਵਿੱਚ 70 ਪ੍ਰਤਿਸ਼ਤ ਤੋਂ ਜ਼ਿਆਦਾ ਕਾਮੇ ਕਮਜ਼ੋਰ ਰੋਜ਼ਗਾਰ ਵਾਲੇ ਹਨ। ਅੰਤਰਰਾਸ਼ਟਰੀ ਕਿਰਤ ਸੰਗਠਨ ਦੀ ਉਸੇ ਰਿਪੋਰਟ ਮੁਤਾਬਕ ਅਗਲੇ ਦੋ ਸਾਲਾਂ ਵਿੱਚ 2.4 ਮਿਲੀਅਨ ਬੇਰੋਜ਼ਗਾਰ ਵਿਅਕਤੀ, ਵਿਸ਼ਵ ਕਾਮਾ ਸ਼ਕਤੀ ਵਿੱਚ ਸ਼ਾਮਲ ਹੋ ਜਾਣਗੇ। 2017 ਤੱਕ ਦੱਖਣੀ ਏਸ਼ੀਆ ਵਿੱਚ ਸਾਰੇ ਬੇਰੋਜ਼ਗਾਰਾਂ ਦਾ ਲਗਭਗ 60 ਪ੍ਰਤਿਸ਼ਤ ਹਿੱਸਾ ਭਾਰਤ ਵਿੱਚ ਹੋਵੇਗਾ। ਸਪੱਸ਼ਟ ਤੌਰ ਤੇ ਰੋਜ਼ਗਾਰ ਨਿਰਮਾਣ ਅਤੇ ਕੰਮ ਨੂੰ ਸਨਮਾਨਜਨਕ ਬਣਾਉਣ ਲਈ ਨੀਤੀਆਂ ਅਜ਼ਾਦੀ ਤੋਂ ਲੈ ਕੇ ਵੱਡੀਆਂ ਵੰਗਾਰਾਂ ਬਣੀਆਂ ਹੋਈਆਂ ਹਨ ਜੋ ਹਾਲੀਆ ਸਮਿਆਂ ਵਿੱਚ ਹੋਰ ਜ਼ਿਆਦਾ ਮੁਸ਼ਕਲ ਬਣ ਗਈਆਂ ਹਨ। ਸੰਖੇਪ ਨੋਟ ਵਿੱਚ ਸਮਕਾਲੀ ਭਾਰਤ ਵਿੱਚ ਸਮੂਹਿਕ ਕਿਰਤ ਦ੍ਰਿਸ਼ ਨਾਲ ਸੰਬੰਧਿਤ ਕੁੱਝ ਗੰਭੀਰ ਮੁੱਦਿਆਂ ਨੂੰ ਵਿਚਾਰਿਆ ਗਿਆ ਹੈ।

ਮੌਜੂਦਾ ਸਮੇਂ ਕਾਮਾ-ਸ਼ਕਤੀ ਦੀ ਭਾਗੀਦਾਰੀ ਅਤੇ ਰੋਜ਼ਗਾਰ ਚੁਨੌਤੀਆਂ ਭਾਰਤ ਦੀ ਅੰਦਾਜ਼ਨ 1.3 ਬਿਲੀਅਨ ਵਸੋਂ ਵਿੱਚੋਂ (ਜੋ ਮਨੁੱਖਤਾ ਦਾ ਲਗਭਗ 1/6ਵਾਂ ਹਿੱਸਾ ਬਣਦੀ ਹੈ) 70 ਪ੍ਰਤਿਸ਼ਤ ਪਿੰਡਾਂ ਵਿੱਚ ਰਹਿੰਦੀ ਹੈ। ਇਸ ਵਿੱਚੋਂ 40-45 ਪ੍ਰਤਿਸ਼ਤ ਨੂੰ ਕੰਮਕਾਜੀ ਵਸੋਂ ਵਜੋਂ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

ਇਹ ਅਨੁਪਾਤ ਜਾਂ ਤਥਾ-ਕਥਿਤ ਕਾਮਾ ਵਸੋਂ ਅਨੁਪਾਤ ਆਜ਼ਾਦੀ ਤੋਂ ਲੈ ਕੇ ਲਗਭਗ ਅਜਿਹਾ ਹੀ ਰਿਹਾ ਹੈ। ਵਿਚਾਰਨ ਵਾਲਾ ਪਹਿਲਾ ਬਿੰਦੂ ਇਹ ਹੈ ਕਿ ਕੰਮ ਦੀ ਦੁਨੀਆਂ ਜਾਤ, ਧਰਮ, ਲਿੰਗ, ਖਿੱਤੇ ਆਦਿ ਦੇ ਅਧਾਰ ਉਤੇ ਵੰਡੀ ਹੋਈ ਹੈ। ਇਸ ਨਾਲ ਅਨੇਕ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਹਨ, ਜਿਵੇਂ ਕਿ ਵੱਖ-ਵੱਖ ਸਮੂਹਾਂ, ਖ਼ਾਸ ਕਰਕੇ ਔਰਤਾਂ ਦੀ, ਕਿਰਤ ਗਤੀਸ਼ੀਲਤਾ, ਉਜਰਤਾਂ ਵਿੱਚ ਵੱਡਾ ਫਰਕ ਅਤੇ ਵਿਤਕਰਾ ਆਦਿ। ਮਿਸਾਲ ਦੇ ਲਈ, ਕਾਮਾ-ਸ਼ਕਤੀ ਵਿੱਚ ਮਰਦ ਕਾਮਿਆਂ ਦੇ ਮੁਕਾਬਲੇ ਔਰਤਾਂ ਦਾ ਅਨੁਪਾਤ ਨਿਰੰਤਰ 20 ਪ੍ਰਤਿਸ਼ਤ ਅੰਕਾਂ ਤੋਂ ਘੱਟ ਰਿਹਾ ਹੈ। ਹਾਲੀਆ ਅਧਿਕਾਰਤ ਅਨੁਮਾਨਾਂ ਮੁਤਾਬਕ, ਦੇਸ਼ ਅੰਦਰ ਕੰਮ ਵਿੱਚ ਔਰਤਾਂ ਦੀ ਸ਼ਮੂਲੀਅਤ 25 ਤੋਂ 30 ਪ੍ਰਤਿਸ਼ਤ ਦਰਮਿਆਨ ਹੈ, ਜੋ ਸਮਾਜਕ-ਆਰਥਿਕ ਵਰਗਾਂ, ਵੱਖ-ਵੱਖ ਰਾਜਾਂ ਅਤੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਵੱਖ-ਵੱਖ ਹੈ (ਮਜੂਮਦਾਰ ਅਤੇ ਪਿੱਲੇ, 2011)। ਅੰਤਰਰਾਸ਼ਟਰੀ ਕਿਰਤ ਸੰਗਠਨ ਦੀ 2016 ਦੀ ਰਿਪੋਰਟ ਵਿੱਚ ਪੇਸ਼ ਅੰਕੜਿਆਂ ਮੁਤਾਬਕ, ਭਾਰਤ ਵਿੱਚ ਲਿੰਗ ਦੇ ਅਧਾਰ ਉਤੇ ਉਜਰਤਾਂ ਵਿੱਚ ਫਰਕ 26 ਪ੍ਰਤਿਸ਼ਤ ਨਾਲ ਦੁਨੀਆਂ ਵਿੱਚ ਸਭ ਤੋਂ ਵੱਧ ਹੈ। ਇਹ ਏਸ਼ਿਆਈ ਮਹਾਂਦੀਪ ਦੇ ਦੇਸ਼ਾਂ ਦੀ ਔਸਤ ਨਾਲੋਂ ਕਾਫੀ ਜ਼ਿਆਦਾ ਹੈ ਜੋ 23 ਪ੍ਰਤਿਸ਼ਤ ਹੈ। ਵਿਕਸਤ ਅਰਥਚਾਰਿਆਂ ਦੇ ਮੱਧਮਾਨ ਔਸਤ ਉਜਰਾਤ ਫਰਕ, ਜੋ 15 ਪ੍ਰਤਿਸ਼ਤ ਤੋਂ ਘੱਟ ਹੈ, ਨਾਲੋਂ ਵੀ ਇਹ ਜ਼ਿਆਦਾ ਹੈ।

**ਭਾਰਤ ਦੇ ਕਿਰਤ ਖੇਤਰ ਦਾ ਇਕ ਹੋਰ ਮਹੱਤਵਪੂਰਨ ਪੱਖ ਖੇਤੀਬਾੜੀ ਉਤੇ ਲੋੜੋਂ ਵੱਧ ਨਿਰਭਰਤਾ ਹੈ ਜਿਸ ਵਿੱਚ 50 ਪ੍ਰਤਿਸ਼ਤ ਦੇ ਲਗਭਗ ਕਾਮੇ ਲੱਗੇ ਹੋਏ ਹਨ। ਪਿਛਲੇ ਅਨੁਮਾਨਾਂ ਅਨੁਸਾਰ ਖੇਤੀਬਾੜੀ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿੱਚ ਸਿਰਫ 1/6ਵਾਂ ਹਿੱਸਾ ਯੋਗਦਾਨ ਪਾਉਂਦੀ ਹੈ। ਖੇਤੀਬਾੜੀ ਵਿੱਚ ਕਾਮਾ-ਸ਼ਕਤੀ ਦੀ ਬਹੁਤਾਤ ਅਤੇ ਇਸ ਦਾ ਨਿਮਨ ਰੋਜ਼ਗਾਰ, ਉਜਰਤ ਵਾਲੇ ਕਾਮਿਆਂ ਦੀ ਵੱਡੀ ਸੰਖਿਆ ਅਤੇ ਉਨ੍ਹਾਂ ਲੋਕਾਂ ਦੀ ਘਟ ਰਹੀ ਸੰਖਿਆ ਉਤੇ ਅਧਾਰਤ ਹੈ ਜੋ ਆਪਣੇ ਆਪ ਨੂੰ 'ਕਿਸਾਨ' ਦੱਸਦੇ ਹਨ।**

ਜਿਥੋਂ ਤੱਕ ਗ਼ੈਰ ਖੇਤੀਬਾੜੀ ਖੇਤਰ ਦਾ ਸੰਬੰਧ ਹੈ, ਇਸ ਦਾ ਇਕੋ ਇਕ ਪੱਖ (ਖੇਤੀਬਾੜੀ ਵਾਂਗ ਹੀ) ਕਮਜ਼ੋਰ ਗ਼ੈਰ-ਰਸਮੀ ਰੋਜ਼ਗਾਰ ਦਾ ਬਹੁਤ ਹੀ ਵੱਡਾ ਅਨੁਪਾਤ ਹੈ। ਭਾਵੇਂ ਕਿ ਗ਼ੈਰ ਖੇਤੀ ਖੇਤਰ ਵਿੱਚ ਲਗਭਗ ਅੱਧੀ ਕਾਮਾ-ਸ਼ਕਤੀ ਲੱਗੀ ਹੋਈ ਹੈ। ਇਹ ਕੁੱਲ ਘਰੇਲੂ ਉਤਪਾਦ ਵਿੱਚ ਅੰਦਾਜ਼ਨ 80 ਪ੍ਰਤਿਸ਼ਤ ਯੋਗਦਾਨ ਪਾਉਂਦਾ ਹੈ। 10 ਪ੍ਰਤਿਸ਼ਤ ਤੋਂ ਘੱਟ ਹਿੱਸਾ ਸੰਗਠਿਤ

ਖੇਤਰ ਤੋਂ ਆਉਂਦਾ ਹੈ। ਸੰਗਠਿਤ ਖੇਤਰ ਦੇ ਕੁੱਲ ਰੋਜ਼ਗਾਰ ਵਿੱਚੋਂ, ਲਗਭਗ 65 ਤੋਂ 70 ਪ੍ਰਤਿਸ਼ਤ ਜਨਤਕ ਖੇਤਰ ਵਿੱਚ ਹੈ (ਜਿਸ ਵਿੱਚ ਜਨਤਕ ਪ੍ਰਬੰਧਨ ਅਤੇ ਰੱਖਿਆ ਸੇਵਾਵਾਂ ਸ਼ਾਮਲ ਹਨ)। ਲਗਭਗ 29.2 ਮਿਲੀਅਨ ਵਿਅਕਤੀ ਨਿੱਜੀ ਖੇਤਰ ਵਿੱਚ ਕੰਮ ਕਰਦੇ ਹਨ ਜਿਸ ਵਿੱਚ ਜ਼ਿਆਦਾਤਰ ਕਾਰਪੋਰੇਟ ਨਿਰਮਾਣ ਅਤੇ ਵੱਖ-ਵੱਖ ਪ੍ਰਕਾਰ ਦੀਆਂ ਸੇਵਾਵਾਂ ਸ਼ਾਮਲ ਹਨ, ਜਿਸ ਵਿੱਚੋਂ 16 ਪ੍ਰਤਿਸ਼ਤ ਗ਼ੈਰ-ਰਸਮੀ ਰੋਜ਼ਗਾਰ ਵਿੱਚ ਹਨ (ਪਪੋਲਾ ਅਤੇ ਸਾਹੂ, 2012)।

ਭਾਰਤ ਦੇ ਕਿਰਤ ਖੇਤਰ ਨੂੰ ਜੇ ਇਕੱਠਿਆਂ ਵੇਖੀਏ ਤਾਂ ਇਸ ਦੇ ਢਾਂਚਾਗਤ ਪੱਖ ਇਕ ਖ਼ਤਰਨਾਕ ਅਤੇ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ, ਜੋ ਬੇਸ਼ੱਕ ਆਜ਼ਾਦੀ ਤੋਂ ਲੈ ਕੇ ਭਾਰਤ ਦੇ ਵਿਕਾਸ ਪੱਖ ਨਾਲ ਜੁੜੇ ਹੋਏ ਹਨ। ਪਰ, 1990ਵਿਆਂ ਤੋਂ ਇਹ ਖ਼ਤਰਨਾਕ ਸਥਿਤੀ ਹੋਰ ਤੀਬਰ ਹੋਈ ਹੈ, ਜਿਸ ਨੂੰ ਤਥਾ-ਕਥਿਤ ਤੌਰ ਤੇ ਆਰਥਿਕ ਸੁਧਾਰਾਂ ਦਾ ਦੌਰ ਆਖਿਆ ਜਾਂਦਾ ਹੈ। ਇਸ ਸਮੇਂ ਦੌਰਾਨ ਭਾਰਤ ਨੂੰ ਵੱਡੇ ਖੇਤੀ ਸੰਕਟ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਇਸ ਦੀਆਂ ਵਿਆਪਕ ਆਰਥਿਕ ਨੀਤੀਆਂ ਵਿੱਚ ਬਦਲਾਅ ਕੀਤੇ ਗਏ ਅਤੇ ਬੁਨਿਆਦੀ ਖੇਤਰ ਵਿੱਚ ਜਨਤਕ ਨਿਵੇਸ਼ ਘੱਟ ਹੁੰਦਾ ਗਿਆ, ਜਿਸ ਦੇ ਸਿੱਟੇ ਵਜੋਂ ਖੇਤੀਬਾੜੀ ਵਿੱਚ ਕਿਰਤੀਆਂ ਦਾ ਜਜ਼ਬੀਕਰਨ ਘੱਟ ਹੋ ਗਿਆ। ਰੋਜ਼ੀ-ਰੋਟੀ ਦੀ ਨਿਰੰਤਰ ਵਧਦੀ ਬੇਦਖ਼ਲੀ ਅਤੇ ਉਜਾੜੇ ਨੇ ਕਿਰਤੀਆਂ ਦਾ ਇਕ ਅਜਿਹਾ ਰਾਖਵਾਂ ਸਮੂਹ ਤਿਆਰ ਕਰ ਦਿੱਤਾ ਜੋ ਗ਼ੈਰ ਖੇਤੀ ਖੇਤਰ ਵਿੱਚ ਨੌਕਰੀਆਂ ਲੱਭਣ ਲਈ ਮਜਬੂਰ ਸੀ। ਪਰ ਉਥੇ ਵੀ, ਭੂਮੀਹੀਣ ਅਤੇ ਕੱਚੇ ਕਾਮਿਆਂ ਨੂੰ ਨਿਰਮਾਣ ਅਤੇ ਸੇਵਾ ਖੇਤਰਾਂ ਵਿੱਚ ਸਨਮਾਨਜਨਕ ਰੋਜ਼ਗਾਰ ਦੇ ਬਹੁਤ ਘੱਟ ਮੌਕੇ ਪ੍ਰਾਪਤ ਹੋਏ। ਕੁੱਲ ਰਾਸ਼ਟਰੀ ਆਮਦਨ ਵਿੱਚ ਨਿਰਮਾਣ ਖੇਤਰ ਦੀ ਹਿੱਸੇਦਾਰੀ 1990ਵਿਆਂ ਦੇ ਸ਼ੁਰੂ ਤੋਂ ਹੀ 15-16 ਪ੍ਰਤਿਸ਼ਤ ਤੇ ਖੜੋਤ ਵਿੱਚ ਹੈ। ਸਾਰੇ ਨਿਰਮਾਣ ਉੱਦਮਾਂ ਵਿੱਚ ਲਗਭਗ 85 ਪ੍ਰਤਿਸ਼ਤ ਇਕ ਜਾਂ ਦੋ ਕਾਮੇ ਹੀ ਕੰਮ ਕਰ ਰਹੇ ਹਨ, ਜਿਸ ਤੋਂ ਉਨ੍ਹਾਂ ਦੀ ਕਮਜ਼ੋਰ ਅਤੇ ਨਾਜ਼ੁਕ ਸਥਿਤੀ ਅਤੇ 1990ਵਿਆਂ ਤੋਂ ਸਵੈ-ਰੋਜ਼ਗਾਰ ਵੱਲ ਸਮੂਹਿਕ ਰੁਝਾਨ ਸਾਹਮਣੇ ਆਉਂਦੇ ਹਨ। ਉੱਚ ਆਰਥਿਕ ਵਿਕਾਸ ਦੇ ਸਮਿਆਂ ਦੌਰਾਨ ਵੀ, ਰੋਜ਼ਗਾਰ ਦਾ ਪਸਾਰ ਨਾ-ਮਾਤਰ ਸੀ ਅਤੇ ਰੋਜ਼ਗਾਰ ਲਚਕਤਾ ਪਿਛਲੇ ਤਿੰਨ ਦਹਾਕਿਆਂ ਦੌਰਾਨ ਸਾਰੇ ਹੀ ਖੇਤਰਾਂ ਵਿੱਚ ਘਟਦੀ ਨਜ਼ਰ ਆਈ ਹੈ। ਵਿਕਾਸ ਪੱਧਤੀ ਦੀ ਧੁਰੀ ਸੇਵਾ ਖੇਤਰ ਦੇ ਪਸਾਰ ਉਤੇ ਕੇਂਦਰਿਤ ਹੈ ਜਿਸ ਵਿੱਚ ਕਮਜ਼ੋਰ, ਕੱਚੇ ਅਤੇ ਸਵੈ-ਰੋਜ਼ਗਾਰ, ਦੋਵਾਂ ਦੀ ਪ੍ਰਧਾਨਤਾ ਹੈ। ਇਸ ਨੇ ਉੱਚ ਗ਼ੈਰ-ਰਸਮੀਕਰਨ ਸਥਿਰਤਾ ਦਾ ਇਕ ਦ੍ਰਿਸ਼ ਬਣਾ ਦਿੱਤਾ ਹੈ ਜੋ ਸਮਕਾਲੀ ਭਾਰਤੀ ਰਾਜਨੀਤਕ ਆਰਥਿਕਤਾ ਦੇ ਪ੍ਰਮੁੱਖ ਪੱਖਾਂ ਵਿੱਚੋਂ ਇਕ ਹੈ।

## ਵਧਦੀ ਨਿਰਬਲਤਾ ਅਤੇ ਗ਼ੈਰ-ਰਸਮੀਕਰਨ

ਵਿਸ਼ਵ ਆਰਥਿਕ ਅਤੇ ਸਮਾਜਕ ਦ੍ਰਿਸ਼ਟੀਕੋਣ ਰਿਪੋਰਟ 2016 ਦੇ ਮੁਤਾਬਕ, ਵਿਕਸਤ ਦੇਸ਼ਾਂ ਦੀ 12 ਪ੍ਰਤਿਸ਼ਤ ਅਤੇ ਵਿਕਾਸਸ਼ੀਲ ਦੇਸ਼ਾਂ ਦੀ 46 ਪ੍ਰਤਿਸ਼ਤ ਕਾਮਾਸ਼ਕਤੀ ਗ਼ੈਰ-ਰਸਤੀ ਰੋਜ਼ਗਾਰ ਵਿੱਚ ਕਾਰਜਰਤ ਹੈ ਇਸ ਵਿੱਚੋਂ ਦੋ-ਤਿਹਾਈ ਗ਼ੈਰ ਰਸਮੀ ਦੱਖਣੀ ਏਸ਼ੀਆ ਵਿੱਚ ਹੈ ਜੋ ਕਾਮਾ-ਸ਼ਕਤੀ ਦਾ 72 ਪ੍ਰਤਿਸ਼ਤ ਬਣਦੇ ਹਨ। ਭਾਰਤ ਵਿੱਚ ਇਹ ਅਨੁਪਾਤ ਬਹੁਤ ਜ਼ਿਆਦਾ ਹੈ ਜਿਥੇ 90 ਪ੍ਰਤਿਸ਼ਤ ਤੋਂ ਜ਼ਿਆਦਾ ਕਾਮੇ ਕਮਜ਼ੋਰ, ਗ਼ੈਰ-ਰਸਮੀ ਰੋਜ਼ਗਾਰ ਸੰਬੰਧਾਂ ਵਿੱਚ ਬੱਝੇ ਹੋਏ ਹਨ। ਅਸਲ ਵਿੱਚ, ਇਕ ਪ੍ਰਮੁੱਖ ਚਿੰਤਾ ਵਾਲਾ ਰੁਝਾਨ ਰਸਮੀ ਖੇਤਰ ਵਿੱਚ ਕੰਮ ਦਾ ਬੇਰੋਕ ਗ਼ੈਰ ਰਸਮੀਕਰਨ ਹੈ। 1999-2000 ਵਿੱਚ, ਤਥਾ-ਕਥਿਤ ਸੰਗਠਿਤ ਖੇਤਰ ਵਿੱਚ ਅਸੰਗਠਿਤ ਕਾਮਿਆਂ ਦੀ ਹਿੱਸੇਦਾਰੀ 37.8 ਪ੍ਰਤਿਸ਼ਤ ਸੀ, ਜੋ ਐੱਨ ਐੱਸ ਐੱਸ ਓ ਦੇ 68ਵੇਂ ਦੌਰ ਮੁਤਾਬਕ 2011-12 ਵਿੱਚ ਵਧ ਕੇ 54.4 ਪ੍ਰਤਿਸ਼ਤ ਹੋ ਗਈ। ਐੱਨ ਐੱਸ ਐੱਸ ਓ ਦੇ 60ਵੇਂ ਦੌਰ ਦੇ ਅਨੁਸਾਰ ਹੀ, ਪੇਂਡੂ ਖੇਤਰਾਂ ਵਿੱਚ ਸਵੈ-ਰੋਜ਼ਗਾਰ ਖੇਤਰ ਦੇ 97 ਪ੍ਰਤਿਸ਼ਤ ਅਤੇ ਸ਼ਹਿਰੀ ਖੇਤਰਾਂ ਦੇ 98 ਪ੍ਰਤਿਸ਼ਤ ਵਿਅਕਤੀ ਗ਼ੈਰ-ਰਸਮੀ ਖੇਤਰ ਵਿੱਚ ਹਨ, 78 ਪ੍ਰਤਿਸ਼ਤ ਪੇਂਡੂ ਕੱਚੇ ਮਜਦੂਰ ਅਤੇ 81 ਪ੍ਰਤਿਸ਼ਤ ਸ਼ਹਿਰੀ ਕੱਚੇ ਮਜਦੂਰ ਗ਼ੈਰ-ਰਸਤੀ ਖੇਤਰ ਵਿੱਚ ਹਨ। ਇਸ ਪ੍ਰਕਾਰ, ਐੱਨ ਐੱਸ ਐੱਸ ਓ ਦੇ 2011-12 ਦੇ ਅਨੁਮਾਨਾਂ ਮੁਤਾਬਕ, ਕੁੱਲ 484.7 ਮਿਲੀਅਨ ਕੁੱਲ ਕੰਮਕਾਜੀ ਲੋਕਾਂ ਵਿੱਚੋਂ ਵਿਸ਼ਾਲ 447.2 ਮਿਲੀਅਨ ਕਾਮਾ-ਸ਼ਕਤੀ ਗ਼ੈਰ-ਰਸਮੀ ਖੇਤਰ ਵਿੱਚ ਕੰਮ ਕਰ ਰਹੀ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕਾਮਿਆਂ ਨੂੰ ਕਮਜ਼ੋਰ ਦੇ ਤੌਰ ਤੇ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ ਜੋ ਅਸੁਰੱਖਿਅਤ ਨੌਕਰੀਆਂ ਵਿੱਚ ਕੰਮ ਕਰਦੇ ਹਨ ਜਿਥੇ ਸਮਾਜਕ ਸੁਰੱਖਿਆ ਨਾ ਦੇ ਬਰਾਬਰ ਹੁੰਦੀ ਹੈ। ਜਿਵੇਂ ਕਿ ਪਹਿਲਾਂ ਨੋਟ ਕੀਤਾ ਗਿਆ ਹੈ, ਗ਼ੈਰ-ਰਸਮੀਕਰਨ ਅਤੇ ਕਮਜ਼ੋਰੀ ਲਗਾਤਾਰ ਵਧ ਰਹੀ ਹੈ, ਬਾਵਜੂਦ ਇਸਦੇ ਕਿ ਸੁਧਾਰਾਂ ਦੇ ਦੌਰ ਵਿੱਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਮੁਕਾਬਲਤਨ ਵਧ ਰਹੀ ਹੈ। ਸਮਾਜਕ ਖੇਤਰ ਦੇ ਕਈ ਹਿੱਸਿਆਂ ਵਿੱਚ ਭਾਰਤ ਸਰਕਾਰ ਵਲੋਂ ਆਪਣੇ ਪੈਰ ਪਿਛਾਂਹ ਖਿੱਚਣ ਨੇ ਕੰਮਕਾਜੀ ਜਮਾਤ ਦੀ ਕਮਜ਼ੋਰੀ ਨੂੰ ਹੋਰ ਵਧਾਇਆ ਹੈ। ਉਪਰ ਵਰਨਣ ਕੀਤੇ ਗ਼ੈਰ-ਰਸਮੀਕਰਨ ਦੇ ਨਿਰੰਤਰ ਰੁਝਾਨ ਦੇ ਨਾਲ-ਨਾਲ 1990ਵਿਆਂ ਦੇ ਅਰੰਭ ਤੋਂ ਨਿਯਮਤ ਰੋਜ਼ਗਾਰ ਵਿੱਚ ਖੜੋਤ ਦਾ ਰੁਝਾਨ ਵੀ ਵੇਖਣ ਵਿੱਚ ਆ ਰਿਹਾ ਹੈ। ਉਦਾਹਰਣ ਦੇ ਲਈ, 1987-88 ਵਿੱਚ ਪੁਰਸ਼ਾਂ ਵਿੱਚ ਪੱਕੇ ਰੋਜ਼ਗਾਰ ਦੀ ਦਰ 10 ਪ੍ਰਤਿਸ਼ਤ ਸੀ ਜੋ 2009-10 ਵਿੱਚ ਘਟ ਕੇ 8.5 ਪ੍ਰਤਿਸ਼ਤ ਹੋ ਗਈ, ਭਾਵੇਂ ਕਿ 2011-12 ਵਿੱਚ ਇਹ ਵਧ ਕੇ 10 ਪ੍ਰਤਿਸ਼ਤ ਹੋ ਗਈ। ਇਸ ਨਾਲ ਇਹ ਤੱਥ ਵੀ ਸ਼ਾਮਲ ਸੀ ਕਿ ਪਿਛਲੇ ਸਾਲਾਂ ਵਿੱਚ ਪੈਦਾ ਕੀਤੀਆਂ ਗਈਆਂ 80 ਪ੍ਰਤਿਸ਼ਤ ਤੋਂ ਵੱਧ ਨੌਕਰੀਆਂ ਕੱਚੇ ਕਿਸਮ ਦੀਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਉਸਾਰੀ ਦੇ ਖੇਤਰ ਵਿੱਚ ਹਨ। ਕੰਮਕਾਜੀ ਜਮਾਤ ਦਾ ਲਗਾਤਾਰ ਵਧ ਰਿਹਾ ਵਿਖੰਡਨ ਕੰਮ ਵਾਲੀ ਥਾਂ ਦੀ ਬਦਲ ਰਹੀ ਕਿਸਮ ਤੋਂ ਨਜ਼ਰ ਆ ਰਿਹਾ ਹੈ। ਹਾਲੀਆ ਅੰਕੜੇ ਇਸ਼ਾਰਾ ਕਰਦੇ ਹਨ ਕਿ ਉਤਪਾਦਨ ਦਾ ਬਦਲ ਰਿਹਾ ਸੰਗਠਨ ਅਤੇ ਉਤਪਾਦਨ ਪ੍ਰਣਾਲੀ ਦਾ ਛੋਟਾਪਨ ਸਮਾਨਜਨਕ ਕੰਮ ਵਾਲੀਆਂ ਹਾਲਤਾਂ ਤੱਕ ਪਹੁੰਚ ਉਤੇ ਅਸਰ-ਅੰਦਾਜ਼ ਹੁੰਦਾ ਹੈ। ਸਵੈ-ਰੋਜ਼ਗਾਰ ਦੀ ਵਧ ਰਹੀ ਪ੍ਰਧਾਨਤਾ ਇਸ ਨਤੀਜੇ ਉਤੇ ਸਹੀ ਬਹਿੰਦੀ ਹੈ ਕਿਉਂਕਿ ਇਨ੍ਹਾਂ ਇਕਾਈਆਂ ਵਿੱਚ ਉਤਪਾਦਨ ਉਨ੍ਹਾਂ ਥਾਵਾਂ ਉਤੇ ਹੋਇਆ ਜਿਨ੍ਹਾਂ ਨੂੰ ਕੰਮ ਦੇ ਰਵਾਇਤੀ ਜਾਂ ਨਿਰਧਾਰਤ ਸਥਾਨ ਨਹੀਂ ਆਖਿਆ ਜਾ ਸਕਦਾ। ਇਸ ਪ੍ਰਕਾਰ ਇਨ੍ਹਾਂ ਵਿੱਚੋਂ ਬਹੁਤ ਸਾਰੇ ਕਾਮਿਆਂ ਨੂੰ 'ਕਾਮੇ' ਵਜੋਂ ਮਾਨਤਾ ਨਹੀਂ ਦਿੱਤੀ ਗਈ। ਇਹ ਕਾਮੇ ਕਿਸੇ ਵੀ ਪ੍ਰਕਾਰ ਦੇ ਕਿਰਤ ਕਾਨੂੰਨਾਂ ਦੇ ਦਾਇਰੇ ਤੋਂ ਬਾਹਰ ਹਨ ਜੋ ਕਾਮਿਆਂ ਦੇ ਹੱਕਾਂ ਦੇ ਪੈਮਾਨੇ ਨਿਰਧਾਰਤ ਕਰਦੇ ਹਨ। ਕਮਜ਼ੋਰ ਕਿਰਤੀਆਂ ਦੇ ਰਾਖਵੇਂ ਭੰਡਾਰ ਦਾ ਕਾਰਨ ਰੋਜ਼ਗਾਰ ਦੇ ਮੌਕਿਆਂ ਦੀ ਕਮੀ ਹੈ। ਕੰਮ ਦੇ ਰੋਜ਼ਾਨਾ ਦੇ ਹਾਲਾਤ ਬਾਰੇ ਅੰਕੜੇ ਪ੍ਰਗਟਾਉਂਦੇ ਹਨ ਕਿ 1983 ਤੋਂ 1993-94 ਦਰਮਿਆਨ ਬੇਰੋਜ਼ਗਾਰੀ ਵਿੱਚ ਵੱਡੀ ਕਮੀ ਆਈ, ਪਰ 1993-

94 ਅਤੇ 2004-05 ਦਰਮਿਆਨ ਬੇਰੋਜ਼ਗਾਰੀ ਵਿੱਚ ਤਿੱਖਾ ਵਾਧਾ ਦਰਜ ਕੀਤਾ ਗਿਆ। ਅਧਿਕਾਰਤ ਅੰਦਾਜ਼ਿਆਂ ਮੁਤਾਬਕ, ਹਰੇਕ ਸਾਲ 10-12 ਮਿਲੀਅਨ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਕਾਮਾ-ਸ਼ਕਤੀ ਵਿੱਚ ਭਵਿੱਖੀ ਦਾਖਲਾ ਕਰਨ ਵਾਲਿਆਂ ਨੂੰ ਜਜ਼ਬ ਕੀਤਾ ਜਾ ਸਕੇ। ਕਿਰਤ ਬਿਓਰੋ ਤੋਂ ਹਾਸਲ ਤਾਜ਼ੇ ਅਨੁਮਾਨ, ਨੌਕਰੀਆਂ ਪੈਦਾ ਕਰਨ ਦੀ ਰਫ਼ਤਾਰ ਬਾਰੇ ਬਹੁਤ ਨਿਰਾਸ਼ਾਜਨਕ ਤਸਵੀਰ ਪੇਸ਼ ਕਰਦੇ ਹਨ। ਮੁਕੰਮਲ ਰੋਜ਼ਗਾਰ ਨੂੰ ਸੱਚ ਬਣਾਉਣ ਦੇ ਨੇੜ ਨਾ ਹੋਣ ਦੇ ਨਾਲ-ਨਾਲ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਮਾਮਲੇ ਵਿੱਚ ਲਗਭਗ 90 ਪ੍ਰਤਿਸ਼ਤ ਦੀ ਵੱਡੀ ਗਿਰਾਵਟ ਵੀ ਦਰਜ ਕੀਤੀ ਗਈ, 2010 ਵਿੱਚ ਨਵੀਆਂ ਨੌਕਰੀਆਂ ਦੀ ਸੰਖਿਆ 11 ਲੱਖ ਸੀ ਜੋ 2016 ਵਿੱਚ ਘਟ ਕੇ 1.5 ਲੱਖ ਰਹਿ ਗਈ।

### ਸਮਾਜਕ ਸੁਰੱਖਿਆ ਮੰਚ ਦੀ ਲੋੜ

ਤਥਾ-ਕਥਿਤ ਆਰਥਿਕ ਸੁਧਾਰਾਂ ਦੇ ਯੁੱਗ ਦੌਰਾਨ, ਅਧਿਕਾਰਤ ਬੁਲਾਰੇ ਅਕਸਰ ਦਲੀਲ ਦਿੰਦੇ ਸਨ ਕਿ ਭਾਰਤ ਦਾ ਕਿਰਤ ਬਾਜ਼ਾਰ ਬਹੁਤ ਹੀ ਕਠੋਰ ਹੈ (ਬਹੁਤ ਸਾਰੇ ਪ੍ਰਤਿਬੰਧਕ ਕਾਨੂੰਨਾਂ ਕਾਰਨ) ਇਸ ਕਰਕੇ ਵਿਦੇਸ਼ ਨਿਵੇਸ਼ ਵਾਸਤੇ ਸੁਧਾਰ ਖ਼ਾਸ ਕਰਕੇ ਮਹੱਤਵਪੂਰਨ ਹਨ। ਭਾਰਤ ਦੇ ਨੀਤੀ-ਘਾੜੇ ਬਾਰ-ਬਾਰ ਸੁਝਾਅ ਦਿੰਦੇ ਹਨ ਕਿ ਦੇਸ਼ ਕੋਲ 'ਜਨਸੰਖਿਅਕ ਲਾਭ' ਰੂਪੀ ਇਕ ਪ੍ਰਮੁੱਖ ਤੁਲਨਾਤਮਕ ਲਾਭ ਹੈ ਅਤੇ ਕਿਰਤ ਬਾਜ਼ਾਰ ਦੀ ਲਚਕਤਾ ਦੀ ਮਦਦ ਨਾਲ ਨਿਵੇਸ਼ ਆਕਰਸ਼ਿਤ ਕਰਨ ਅਤੇ ਨਵੀਆਂ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਮਿਲੇਗੀ। ਜਿਵੇਂ ਕਿ ਮੈਂ ਕਿਸੇ ਹੋਰ ਥਾਂ ਚਰਚਾ ਕੀਤੀ ਹੈ (ਮਿਸਾਲ ਦੇ ਲਈ ਝਾਅ 2016), ਉਪਰੋਕਤ ਦਲੀਲਾਂ ਦੀ ਸਾਵਧਾਨੀ ਨਾਲ ਪੜਚੋਲ ਅਤੇ ਆਰਥਿਕ ਸਿਧਾਂਤ ਤੋਂ ਇਹ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਕਿਰਤ ਬਾਜ਼ਾਰ ਦੇ ਕਾਨੂੰਨ ਦਰਅਸਲ ਆਰਥਿਕ ਵਿਕਾਸ ਜਾਂ ਰੋਜ਼ਗਾਰ ਨਿਰਮਾਣ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਦੇ।

ਜਿਵੇਂ ਕਿ ਪਹਿਲਾਂ ਦੇਖਿਆ ਗਿਆ ਹੈ, ਕੁੱਲ ਕਾਮਾ-ਸ਼ਕਤੀ ਦਾ ਇਕ ਬਹੁਤ ਹੀ ਛੋਟਾ ਅਨੁਪਾਤ, ਜੋ ਸੰਗਠਿਤ ਖੇਤਰ ਦਾ ਹਿੱਸਾ ਹੈ, ਨੂੰ ਕੁੱਝ ਸੁਰੱਖਿਆ ਕਵਚ ਹਾਸਲ ਹੈ। ਕੁੱਝ ਰਾਜਾਂ ਅਤੇ ਖੇਤਰਾਂ ਵਿੱਚ ਘੱਟੋ-ਘੱਟ ਉਜਰਤਾਂ ਬਾਰੇ ਐਕਟ ਨੂੰ ਛੱਡ ਕੇ, ਸਾਰੇ ਅਮਲ ਕਾਰਕ ਉਦੇਸ਼ਾਂ ਵਾਸਤੇ, ਗ਼ੈਰ-ਰਸਮੀ ਖੇਤਰ ਦੀਆਂ ਸਰਗਰਮੀਆਂ ਪ੍ਰਮੁੱਖ ਕਿਰਤ ਕਾਨੂੰਨਾਂ ਦੀ ਹੋਂਦ ਤੋਂ ਅਣਭਿੱਜ ਰਹਿੰਦੀਆਂ ਹਨ, ਜੋ ਸੰਗਠਿਤ ਖੇਤਰ ਵਿੱਚ ਪ੍ਰਸੰਗਿਕ ਕਿਰਤ ਸੰਬੰਧਾਂ ਦੇ ਹੱਲ ਲਈ ਬਣਾਏ ਗਏ ਸਨ। ਅਜਿਹੀ ਪਿੱਠਭੂਮੀ ਨੂੰ ਧਿਆਨ ਵਿੱਚ ਰੱਖਦਿਆਂ ਉਸ ਤੀਬਰਤਾ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਜਿਸ ਨਾਲ ਭਾਰਤ ਦੇ ਕਿਰਤ ਬਾਜ਼ਾਰ ਵਿੱਚ ਲਚਕਤਾ ਦਾ ਰੋਣਾ ਰੋਇਆ ਜਾਂਦਾ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਦਲੀਲ ਦੇ ਚੁੱਕਾ ਹਾਂ (ਝਾਅ 2017), ਭਾਰਤ ਦੀ 90 ਪ੍ਰਤਿਸ਼ਤ ਕਾਮਾ-ਸ਼ਕਤੀ ਦੀ ਸਮੱਸਿਆ ਕਾਨੂੰਨਨ, ਅਢੁੱਕਵੇਂ ਕਾਨੂੰਨ ਹਨ ਅਤੇ ਵਾਸਤਵ ਵਿੱਚ ਲਾ ਕਾਨੂੰਨੀ ਦਾ ਦ੍ਰਿਸ਼ ਪਸਰਿਆ ਹੋਇਆ ਹੈ।

ਇਸ ਸੰਦਰਭ ਵਿੱਚ ਭਾਰਤ ਦੇ ਨੀਤੀ ਘਾੜਿਆਂ ਸਾਹਮਣੇ ਕਿਰਤੀ ਹੱਕਾਂ ਬਾਰੇ ਇਕ ਅਜਿਹਾ ਮੰਚ ਤਿਆਰ ਕਰਨ ਦੀ ਵੰਗਾਰ ਹੈ ਜਿਸ ਦੀ 'ਰਾਸ਼ਟਰੀ ਕਿਰਤ ਬਾਜ਼ਾਰ' ਬਾਰੇ ਇਕ ਵਿਆਪਕ ਦ੍ਰਿਸ਼ਟੀ ਹੋਵੇ। ਅਜਿਹੀ ਦ੍ਰਿਸ਼ਟੀ ਵਿੱਚ ਪ੍ਰਮੁੱਖ ਕਿਰਤ ਮਿਆਰਾਂ ਬਾਰੇ ਸਪੱਸ਼ਟ ਵਿਆਖਿਆ ਹੋਵੇ, ਜਿਸ ਵਿੱਚ ਰਾਸ਼ਟਰੀ ਘੱਟੋ-ਘੱਟ ਉਜਰਾਤਾਂ ਸ਼ਾਮਲ ਹੋਣ। ਇਹ ਨੀਤੀਗਤ ਏਜੰਡੇ ਦਾ ਮੁੱਖ ਹਿੱਸਾ ਹੋਣਾ ਚਾਹੀਦਾ ਹੈ ਤਾਂ ਕਿ ਕਿਰਤ ਬਾਜ਼ਾਰ ਦੇ ਗ਼ੈਰ-ਰਸਮੀਕਰਨ ਦਾ ਮੁੱਦਾ ਹੱਲ ਕੀਤਾ ਜਾ ਸਕੇ। ਸਮਾਜਕ ਸੁਰੱਖਿਆ ਦੇ ਮੁੱਦੇ ਉਤੇ ਚਰਚਾਵਾਂ ਮੌਜੂਦਾ ਸਮੇਂ ਪ੍ਰਮੁੱਖਤਾ ਅਖਤਿਆਰ ਕੀਤੇ ਵਿਕਾਸ ਅਤੇ ਇਕੱਤਰੀਕਰਨ ਦੇ ਪੱਖ ਉਤੇ ਕੇਂਦਰਿਤ ਹੋਣੀਆਂ ਚਾਹੀਦੀਆਂ ਹਨ। ਸਮਕਾਲੀ ਭਾਰਤੀ ਸਰਕਾਰ ਦਾ, ਸਮੂਹਿਕ ਵਿਆਪਕ ਆਰਥਿਕ ਨੀਤੀਗਤ ਨਿਜ਼ਾਮ ਦੇ ਮੌਜੂਦਾ ਸੰਦਰਭ ਵਿੱਚ, ਕਿਰਤ ਦੇ ਤੌਖਲਿਆਂ ਨੂੰ ਹੱਲ ਕਰਨ ਤੋਂ ਇਨਕਾਰ 'ਸਸਤੀ ਕਿਰਤ ਨਿਜ਼ਾਮ' ਦੇ ਲਾਭ ਤੋਂ ਫਾਇਦਾ ਚੁੱਕਣ ਉਤੇ ਅਧਾਰਤ ਹੈ। ਪਰ, ਅਜਿਹੇ ਰੁਖ ਪਿੱਛੇ ਤਰਕ ਤੇ ਗੰਭੀਰਤਾ ਨਾਲ ਸਵਾਲ ਚੁੱਕੇ ਜਾਣ ਦੀ ਲੋੜ ਹੈ, ਸਿਧਾਂਤ ਅਤੇ ਵਿਸ਼ਵ ਅਨੁਭਵ, ਦੋਵਾਂ ਦੇ ਅਧਾਰ ਉਤੇ।

ਗ਼ੈਰ-ਰਸਮੀ ਰੋਜ਼ਗਾਰ ਵਿੱਚ ਕੰਮ ਕਰ ਰਹੇ ਕਾਮਿਆਂ ਲਈ ਇਕਸਮਾਨ ਸਮਾਜਕ ਸੁਰੱਖਿਆ ਯਕੀਨੀ ਬਣਾਉਣ ਦੀ ਫੌਰੀ ਲੋੜ ਹੈ, ਜੋ ਉਨ੍ਹਾਂ ਦੀਆਂ ਕੰਮ ਦੀਆਂ ਹਾਲਤਾਂ ਵਿੱਚ ਸੁਧਾਰ ਕਰਦੀ ਹੈ ਅਤੇ ਸਨਮਾਨਜਨਕ ਜ਼ਿੰਦਗੀ ਜਿਉਣ ਵਿੱਚ ਮਦਦ ਕਰਦੀ ਹੈ। ਅਜਿਹਾ ਕਰਨ ਲਈ ਪੋਸ਼ਣ, ਸਾਫ-ਸਫਾਈ, ਸਿਹਤ ਅਤੇ ਸਿੱਖਿਆ ਜਿਹੀਆਂ ਬੁਨਿਆਦੀ ਸੇਵਾਵਾਂ ਪ੍ਰਦਾਨ ਕਰਨ ਵਾਲੀ ਪ੍ਰਣਾਲੀ ਵਿੱਚ ਪਸਾਰ ਅਤੇ ਸੁਧਾਰ ਕਰਨ ਉਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਇਸ ਨਾਲ ਕਾਮਿਆਂ ਦੀਆਂ ਪਦਾਰਥਕ ਅਤੇ ਸਮਾਜਕ ਹਾਲਤਾਂ ਵਿੱਚ ਸੁਧਾਰ ਆਵੇਗਾ ਅਤੇ ਉਨ੍ਹਾਂ ਪ੍ਰਕਿਰਿਆਵਾਂ ਨੂੰ ਪੁੱਠਾ ਗੇੜਾਂ ਦਿੱਤਾ ਜਾ ਸਕੇਗਾ ਜੋ ਕਾਮਿਆਂ ਦੀ ਬਹੁ-ਸੰਖਿਆ ਦੀ ਖਰਾਬ ਹਾਲਤ ਵਿੱਚ ਹੋਰ ਵਾਧਾ ਕਰਦੀਆਂ ਹਨ।

*(ਲੇਖਕ ਆਰਥਿਕ ਅਧਿਐਨ ਅਤੇ ਯੋਜਨਾਬੰਦੀ ਬਾਰੇ ਕੇਂਦਰ ਵਿੱਚ ਅਰਥਸ਼ਾਸਤਰ ਦੇ ਪ੍ਰੋਫੈਸਰ ਹਨ)*

*e-mail :praveenjha2005@gmail.com*

**ਯੋਜਨਾ (ਪੰਜਾਬੀ)**

**ਦਾ**

**ਅਗਲਾ ਅੰਕ**

- **ਮਈ 2017 – ਇਹ ਅੰਕ *ਪ੍ਰਗਤੀ ਦੇ ਰਾਹ 'ਤੇ ਰਾਸ਼ਟਰ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

# ਭਾਰਤ ਵਿੱਚ ਕਿਰਤ ਸੁਧਾਰ – ਵੰਗਾਰਾਂ ਅਤੇ ਮੌਕੇ

ਸ੍ਰੀਰੰਗ ਝਾ

ਕਿਰਤ ਸੁਧਾਰਾਂ ਨੂੰ ਆਮ ਤੌਰ ਤੇ ਕਿਰਤ ਕਾਨੂੰਨਾਂ ਵਿੱਚ ਬਦਲਾਵਾਂ ਦੇ ਤੌਰ ਤੇ ਵੇਖਿਆ ਜਾਂਦਾ ਹੈ ਜਿਸ ਨਾਲ ਉੱਦਮੀ ਅਤੇ ਸੱਨਅਤਕਾਰ ਮਨਜ਼ੂਰੀ ਦੀਆਂ ਤਕਲੀਫ਼ਾਂ ਅਤੇ ਰਾਜ ਦੀਆਂ ਦੰਡਾਤਮਕ ਕਾਰਵਾਈਆਂ ਤੋਂ ਬਿਨਾਂ ਆਪਣੇ ਵਪਾਰ ਨੂੰ ਅਸਾਨੀ ਨਾਲ ਚਲਾ ਸਕਣ। ਹਾਲਾਂਕਿ ਇਹ ਇਕ ਸੀਮਤ ਅਪੀਲ ਹੈ ਕਿਉਂਕਿ ਕਿਰਤ ਸੁਧਾਰ ਖ਼ਾਸ ਤੌਰ ਤੇ ਕਿਰਤ ਮੰਡੀ ਦੀ ਸਮੁੱਚੀ ਜਾਂਚ ਦਾ ਸੱਦਾ ਦਿੰਦੇ ਹਨ ਨਾ ਕਿ ਕਿਰਤ ਕਾਨੂੰਨਾਂ ਵਿੱਚ ਟੁਕੜਿਆਂ ਵਿੱਚ ਬਦਲਾਅ ਜਾਂ ਕਦੀ-ਕਦਾਈਂ ਹੋਣ ਵਾਲਾ ਸਮਾਜਕ ਸੁਰੱਖਿਆ ਉੱਦਮਾਂ ਦਾ ਪਸਾਰ। ਦਿਲਚਸਪ ਗੱਲ ਇਹ ਹੈ ਕਿ ਹੁਣ ਦੋ ਕਾਰਨਾ ਕਰਕੇ ਭਾਰਤ ਵਿੱਚ ਕਿਰਤ ਸੁਧਾਰਾਂ ਲਈ ਬਹੁਤ ਉੱਚਿਤ ਸਮਾਂ ਹੈ ਪਹਿਲਾ ਇਹ ਕਿ ਚੀਨ ਹੁਣ ਵਿਸ਼ਵ ਪੱਧਰ ਉਤੇ ਵੱਡੇ ਉਤਪਾਦਕ ਵਜੋਂ ਆਪਣੀ ਸਾਖ ਨੂੰ ਬਹੁਤ ਤੇਜ਼ੀ ਨਾਲ ਗਵਾ ਰਿਹਾ ਹੈ ਕਿਉਂਕਿ ਇਥੇ ਪਿਛਲੇ ਇਕ ਦਹਾਕੇ ਤੋਂ ਕੀਮਤਾਂ ਵਿੱਚ ਤਿਗਣਾ ਵਾਧਾ ਹੋਇਆ ਹੈ ਅਤੇ ਦੂਜਾ ਹੁਣ ਭਾਰਤ 'ਮੇਕ ਇਨ ਇੰਡੀਆ' ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਪੂੰਜੀਕਾਰਾਂ ਅਤੇ ਵੱਡੀ ਗਿਣਤੀ ਵਿੱਚ ਸੱਨਅਤਕਾਰਾਂ ਨੂੰ ਦੇਸ਼ ਵਿੱਚ ਆਪਣੇ ਉੱਦਮ ਸਥਾਪਤ ਕਰਨ ਲਈ ਆਕਰਸ਼ਤ ਕਰ ਰਿਹਾ ਹੈ। 'ਮੇਕ ਇਨ ਇੰਡੀਆ' ਦੀ ਸਫਲਤਾ ਇਸ ਗੱਲ ਉਤੇ ਨਿਰਭਰ ਕਰੇਗੀ ਕਿ ਕਿਰਤ ਸੁਧਾਰ ਕਿੰਨੀ ਜਲਦੀ ਅਤੇ ਕਿੰਨੀ ਤੇਜ਼ੀ ਨਾਲ ਲਿਆਏ ਜਾ ਰਹੇ ਹਨ।

ਮੋਟੇ ਤੌਰ ਤੇ ਜੇ ਗੱਲ ਕਰੀਏ ਤਾਂ ਕਿਰਤ ਸੁਧਾਰ ਕਿਰਤ ਉਤਪਾਦਨ ਵਿੱਚ ਵਾਧੇ ਰਾਹੀਂ ਮੁਕਾਬਲੇਬਾਜ਼ੀ ਨਾਲ ਜੁੜੇ ਹੋਏ ਹਨ। ਬਦਕਿਸਮਤੀ ਨਾਲ ਭਾਰਤੀ ਕਿਰਤ ਮੰਡੀ ਵਿੱਚ ਸੁਧਾਰਾਂ ਦੀਆਂ ਕੋਸ਼ਿਸ਼ਾਂ ਬਹੁਤ ਧੀਮੀਆਂ ਹਨ। ਇਥੋਂ ਤੱਕ ਕਿ 1991 ਵਿੱਚ ਭਾਰਤ ਵਿੱਚ ਸ਼ੁਰੂ ਹੋਈ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਕਾਰਵਾਈ ਦਾ ਵੀ ਕਿਰਤ ਮੰਡੀ ਉਤੇ ਬਹੁਤ ਸੀਮਤ ਅਸਰ ਹੋਇਆ। ਕੋਈ ਸ਼ੱਕ ਨਹੀਂ ਕਿ ਭਾਰਤ ਨੇ ਕਿਰਤ ਮੰਡੀ ਵਿੱਚ ਕੱਟੜਤਾ, ਪੁਰਾਤਨ ਕਿਰਤ ਕਾਨੂੰਨਾਂ ਅਤੇ ਵਧੀਆ ਹੁਨਰ ਘਾਟੇ ਕਾਰਨ ਵਿਸ਼ਵ ਵਿੱਚ ਇਕ ਵਧੀਆ ਉਤਪਾਦਕ, ਕੇਂਦਰਬਿੰਦੂ ਵਜੋਂ ਉੱਭਰਨ ਦਾ ਮੌਕਾ ਗਵਾ ਲਿਆ। ਪਿੱਛਲੇ 25 ਸਾਲਾਂ ਵਿੱਚ ਭਾਰਤ ਸਰਕਾਰ ਨੇ ਕਿਰਤ ਵਿੱਚ ਲਚਕੀਲੇਪਣ ਲਿਆਉਣ ਦੇ ਮਕਸਦ ਨਾਲ ਕਿਰਤ ਕਾਨੂੰਨਾਂ ਵਿੱਚ ਕੁੱਝ ਛੁਟਪੁਟ ਬਦਲਾਅ ਹੀ ਕੀਤੇ ਹਨ।

ਫਿਰ ਵੀ ਜਦੋਂ ਚਮੜੇ ਦੀਆਂ ਵਸਤਾਂ, ਕੱਪੜਾ (ਪੋਸ਼ਾਕਾਂ, ਸਹਾਇਕ ਉਪਕਰਨ ਆਦਿ), ਹੀਰੇ ਅਤੇ ਜੇਵਰਾਤ, ਖੇਡਾਂ ਦਾ ਸਮਾਨ, ਹਥਿਆਰ ਅਤੇ ਗੋਲਾ ਬਾਰੂਦ, ਫਰਨੀਚਰ, ਰਬੜ, ਦੇ ਉਤਪਾਦਾਂ, ਘੜੀਆਂ ਹੋਈਆਂ ਧਾਤੂ ਦੀਆਂ ਵਸਤਾਂ ਆਦਿ ਜਿਵੇਂ ਕਿਰਤ ਪ੍ਰਧਾਨ ਖੇਤਰਾਂ ਵਿੱਚ ਪਰਤੱਖ ਵਿਦੇਸ਼ੀ ਪੂੰਜੀਕਾਰੀ ਨੂੰ ਖਿੱਚਣ ਦੀ ਗੱਲ ਆਉਂਦੀ ਹੈ ਤਾਂ ਭਾਰਤ ਵਿੱਚ ਕਿਰਤ ਬਜ਼ਾਰ ਸਖਤ ਨਜ਼ਰੀ ਪੈਂਦਾ ਹੈ। ਇਹ ਜ਼ਰੂਰੀ ਹੈ ਕਿ ਕਿਰਤ ਸੁਧਾਰਾਂ ਨੂੰ ਸਮੁਚਿਤ ਤੌਰ ਤੇ ਵੇਖਿਆ ਜਾਵੇ ਤਾਂ ਕਿ ਭਾਰਤ ਦੁਨੀਆਂ ਦੀ ਉਤਪਾਦਨ ਨਿਰਮਾਣ ਦੀ ਮੰਜ਼ਿਲ ਬਣ ਕੇ ਕਿਰਤ ਮਿਆਰਾਂ ਨਾਲ ਸਮਝੌਤਾ ਕੀਤੇ ਬਿਨਾਂ ਉੱਚ ਕਿਰਤ ਉਤਪਾਦਕਤਾ, ਲਚਕੀਲੀ ਕਿਰਤ ਮੰਡੀ ਪਰਕਿਰਿਆ ਅਤੇ ਘੱਟ ਕਿਰਤ ਲਾਗਤ ਦੇ ਨਾਲ ਜਨਸੰਖਿਅਕ ਲਾਭਾਂਸ ਪ੍ਰਾਪਤ ਕਰ ਸਕੇ।

ਭਾਰਤੀ ਕਿਰਤ ਬਾਜ਼ਾਰ ਨੂੰ ਖਰਾਬ ਕੀਤਾ ਹੈ ਪੁਰਾਣੇ ਕਿਰਤ ਕਾਨੂੰਨਾਂ ਦੀਆਂ ਮੁਸ਼ਕਲਾਂ, ਲਾਪਰਵਾਹੀ ਭਰੇ ਨੌਕਰਸ਼ਾਹੀ ਨਿਯੰਤ੍ਰਣ ਅਤੇ ਭ੍ਰਿਸ਼ਟ ਨਿਰੀਖਕਾਂ ਨੇ ਜਿਨ੍ਹਾਂ ਕੋਲ ਕਿਰਤੀਆਂ ਦੀ ਭਲਾਈ ਦੀ ਕੀਮਤ ਤੇ ਅਤਿ-ਸੰਵੇਦਨਸ਼ੀਲ ਕਾਰਖ਼ਾਨਾ ਮਾਲਿਕਾਂ ਦਾ ਫ਼ਾਇਦਾ ਉਠਾਉਣ ਦੀਆਂ ਬੇਸ਼ੁਮਾਰ ਸਮਰੱਥਾਵਾਂ ਹਨ। ਇਸ ਲਈ ਕਿਰਤ ਬਾਜ਼ਾਰ ਦਾ ਉਦਾਰੀਕਰਨ ਇਸ ਸਮੇਂ ਦੀ ਸਭ ਤੋਂ ਵੱਡੀ ਅਤੇ ਜ਼ਰੂਰੀ ਮੰਗ ਹੈ। ਇਹ ਵੀ ਜ਼ਰੂਰੀ ਹੈ ਕਿ ਕਿਰਤ ਕਾਨੂੰਨ ਅਗਾਂਹਵਧੂ ਹੋਣ, ਨੌਕਰਸ਼ਾਹੀ ਵਲੋਂ ਨਿਯੰਤਰਤ ਹੋਣ ਦੀ ਥਾਂ ਪਾਰਦਰਸ਼ੀ ਸ਼ਾਸਨ ਪ੍ਰਣਾਲੀ ਲਿਆਂਦੀ ਜਾਵੇ ਅਤੇ ਕਾਰਖਾਨਾ ਨਰੀਖਣ ਅਤੇ ਅਨੁਪਾਲਣ ਦੀ ਤਰੁਟੀਪੂਰਨ ਪ੍ਰਣਾਲੀ ਨੂੰ ਕਿਰਤ ਮਿਆਰਾਂ ਦੇ ਸਵੈ-ਇੱਛਕ ਪਾਲਣ ਤੋਂ ਦੂਰ ਕੀਤਾ ਜਾਵੇ।

ਇਹ ਕਹਿਣ ਦੀ ਲੋੜ ਨਹੀਂ ਕਿ ਕਿਰਤ ਬਾਜ਼ਾਰ ਉਦਾਰੀਕਰਨ ਵੱਡੇ ਪੱਧਰ ਉਤੇ ਰੋਜ਼ਗਾਰ ਵਿੱਚ ਲਚੀਲਾਪਣ, ਕੌਸ਼ਲ ਵਿਕਾਸ ਅਤੇ ਰੋਜ਼ਗਾਰ ਸਿਰਜਣ ਦੇ ਮੌਕੇ ਵਧਾਉਣ ਦਾ ਕੰਮ ਕਰੇਗਾ। ਹਾਲਾਂਕਿ ਮੁਕਤ ਬਾਜ਼ਾਰ ਸਮਰਥ ਬਾਜ਼ਾਰ ਦੇ ਉੱਭਰਦੇ ਮਾਹੌਲ ਨਾਲ ਜੁੜੀਆਂ ਸਖਤ ਲੋੜਾਂ ਦੇ ਅਨੁਸਾਰ ਕਰਮਚਾਰੀ ਨੂੰ ਨੌਕਰੀ ਉਤੇ ਰੱਖਣ, ਕੱਢਣ ਅਤੇ ਰੋਜ਼ਗਾਰ ਨਾਲ ਜੁੜੇ ਤਮਾਮ ਨਿਯਮਾਂ ਅਤੇ ਸ਼ਰਤਾਂ ਨੂੰ ਨਿਯਮਤ ਕਰਨ ਦੇ ਮਾਮਲੇ ਵਿੱਚ ਕਿਰਤ ਕਾਨੂੰਨਾਂ ਵਿੱਚ ਸੋਧ ਉਤੇ ਕਾਫੀ ਜ਼ੋਰ ਦਿੰਦੇ ਹਨ। ਇਸ ਤਰ੍ਹਾਂ ਦੀ ਅਤਿ ਦੀ ਸਥਿਤੀ ਨਾ ਸਿਰਫ ਗਲਤ ਹੈ ਸਗੋਂ ਕਿਰਤ ਸੁਧਾਰਾਂ ਨੂੰ ਨਿਰਮਾਣ ਅਤੇ ਸੇਵਾ ਖੇਤਰਾਂ ਵਿੱਚ ਮੁਕਾਬਲੇਬਾਜ਼ੀ ਦੀ ਨੀਂਹ ਦੇ ਤੌਰ ਤੇ ਬਦਲਣ ਦੇ ਰਾਹ ਵਿੱਚ ਇਕ ਵੱਡੀ ਅੜਚਣ ਵੀ ਹੈ।

ਇਕ ਹੋਰ ਵਿਚਾਰਕ ਪੱਧਰ ਉਤੇ ਕਿਸੇ ਵੀ ਕੀਮਤ ਉਤੇ ਪਾਬੰਦੀਸ਼ੁਦਾ ਵਿਸ਼ੇਸ਼ ਅਧਿਕਾਰ ਰੱਖਣ ਅਤੇ ਕਰਮਚਾਰੀਆਂ ਨੂੰ ਭਰਤੀ ਕਰਨ, ਕੱਢਣ ਸੰਬੰਧੀ ਅਨਿਜ਼ਮਤ ਸ਼ਕਤੀ ਦੇਣ ਵਾਲੇ ਨਵੇਂ ਉਦਾਰਵਾਦੀਆਂ ਦੇ ਮੁਕਤ ਕਿਰਤ ਬਾਜ਼ਾਰ ਦੇ ਵਿਚਾਰ ਦੇ ਉਲਟ ਕਰਮਚਾਰੀਆਂ ਦੇ ਸਸ਼ਕਤੀਕਰਨ ਅਤੇ ਹੁਨਰ ਵਿਕਾਸ ਦੇ ਰਾਹੀਂ ਪੁਰਾਣੇ ਕਿਰਤ ਕਾਨੂੰਨਾਂ ਦੇ ਮੁੜ-ਗਠਨ ਅਤੇ ਕਿਰਤ ਬਾਜ਼ਾਰ ਵਿੱਚ ਲਚਕੀਲਾਪਣ ਲਿਆਉਣ ਦੀ ਵਕਾਲਤ ਕੀਤੀ ਜਾਂਦੀ ਹੈ।

ਇਹ ਸਚ ਹੈ ਆਜ਼ਾਦੀ ਦੇ ਬਾਅਦ ਤੋਂ ਹੀ ਭਾਰਤੀ ਕਿਰਤ ਮੰਡੀ ਅਨੁਸ਼ਾਸਨ ਅਧਾਰਤ ਮਾਨਸਿਕਤ ਨਾਲ ਕੰਮ ਕਰ ਰਹੀ ਹੈ, ਭਾਰਤ

ਸਰਕਾਰ ਦੇ ਨਾਲ-ਨਾਲ ਰਾਜ ਸਰਕਾਰਾਂ ਵੀ ਦੇਸ਼ ਵਿੱਚ ਕਿਰਤ ਸੁਧਾਰਾਂ ਦੀਆਂ ਉੱਭਰਦੀਆਂ ਲੋੜਾਂ ਦੇ ਨਾਲ-ਨਾਲ ਬਦਲਾਅ ਕਰਦੀਆਂ ਦਿਖਦੀਆਂ ਹਨ ਤਾਂ ਕਿ ਵਿਸ਼ਵੀਕਰਨ, ਪੂੰਜੀ ਬਾਜ਼ਾਰ, ਉਤਪਾਦ ਬਾਜ਼ਾਰ ਅਤੇ ਕਿਰਤ ਬਾਜ਼ਾਰ ਦੇ ਏਕੀਕਰਨ ਦੇ ਨਾਲ ਚਲਿਆ ਜਾ ਸਕੇ। ਇਸ ਤਰ੍ਹਾਂ ਹੁਕਮ ਪਾਲਣਾਂ ਦਾ ਦਬਾਅ ਅਤੇ ਨਰੀਖਣ ਕਰਤਾਵਾਂ ਦਾ ਡਰ ਪਿਛਲੇ 25 ਸਾਲਾਂ ਦੇ ਦੌਰਾਨ ਘੱਟ ਹੋਇਆ ਹੈ। ਦਿਲਚਸਪ ਗੱਲ ਇਹ ਹੈ ਕਿ ਸਰਕਾਰ ਖੁਦ ਹੀ ਠੇਕੇ 'ਤੇ ਕਿਰਤ ਬਾਰੇ ਕਾਨੂੰਨ ਦੀ ਅਣਦੇਖੀ ਕਰਕੇ ਠੇਕੇ ਤੇ ਕਿਰਤ ਦੇ ਸਭ ਤੋਂ ਵੱਡੇ ਭਰਤੀ ਕਰਨ ਵਜੋਂ ਉੱਭਰ ਕੇ ਸਾਹਮਣੇ ਆਈ ਹੈ।

ਇਸ ਵਿੱਚ ਕੋਈ ਅਸਚਰਜ ਨਹੀਂ ਹੈ ਕਿ ਨਿੱਜੀ ਕੰਪਨੀਆਂ ਆਪਣੇ ਜ਼ਰੂਰੀ ਕੰਮਾਂ ਦੇ ਲਈ ਠੇਕੇ ਉਤੇ ਕਰਮਚਾਰੀਆਂ ਨੂੰ ਰੋਜ਼ਗਾਰ ਦੇਣ ਨੂੰ ਲੈ ਕੇ ਹੋਰ ਵੀ ਜ਼ਿਆਦਾ ਉਤਸ਼ਾਹਿਤ ਹਨ, ਜੋ ਕਿ ਤਕਰੀਬਨ ਨਾਮੁਮਕਿਨ ਹੁੰਦਾ ਹੈ ਜੇਕਰ ਸਰਕਾਰ ਕਿਰਤ ਕਾਨੂੰਨਾਂ ਦੀ ਪਾਲਣਾ ਬਾਰੇ ਗੰਭੀਰ ਹੋਵੇ। ਇਥੋਂ ਤੱਕ ਕਿ ਅਦਾਲਤਾਂ ਵੀ ਸੱਨਅਤੀ ਝਗੜਿਆਂ ਦੇ ਮਾਮਲਿਆਂ ਦਾ ਫੈਸਲਾ ਸੁਣਾਉਣ ਨੂੰ ਲੈ ਕੇ ਬੇਹੱਦ ਵਿਵੇਕਸ਼ੀਲ ਹੋ ਗਈਆਂ ਹਨ।

ਹਾਲਾਂਕਿ ਭਾਰਤ ਸਰਕਾਰ ਨੇ ਕਿਰਤ ਕਾਨੂੰਨਾਂ ਬਾਰੇ ਆਪਣੀ ਸਥਿਤੀ ਨੂੰ ਥੋੜ੍ਹਾ ਲਚਕੀਲਾ ਕੀਤਾ ਹੈ ਫਿਰ ਵੀ ਉਹ ਅਜੇ ਰੋਜ਼ਗਾਰ ਦੇ ਸਾਰੇ ਨਿਯਮਾਂ ਅਤੇ ਸ਼ਰਤਾਂ ਦਾ ਨਿਯੰਤ੍ਰਣ ਬਿਨਾਂ ਰਾਜ ਦੇ ਨਿਯਮਾਂ ਦੇ ਦੋਹਾਂ ਧਿਰਾਂ ਦੇ ਵਿੱਚ ਸਵੈ-ਇੱਛਕ ਸਮਝੌਤੇ ਉਤੇ ਅਧਾਰਤ ਮਾਲਕ ਦੇ ਹੱਥ ਵਿੱਚ ਦੇਣ ਨੂੰ ਪੂਰੀ ਤਰ੍ਹਾਂ ਤਿਆਰ ਨਹੀਂ ਹੈ।

ਯੋਜਨਾ ਆਯੋਗ (2001) ਦੇ ਅਧਿਐਨ ਵਿੱਚ ਇਸ ਮਾਮਲੇ ਉਤੇ ਵਿਚਾਰਾਂ ਦਾ ਸਪੱਸ਼ਟੀਕਰਨ ਸਾਹਮਣੇ ਆਉਂਦਾ ਹੈ - ਵਸਤ ਬਾਜ਼ਾਰ ਦੇ ਮੁਕਾਬਲੇ ਵਿੱਚ ਕਿਰਤ ਬਾਜ਼ਾਰ ਨੂੰ ਨਿਯਮਕ ਕਰਨ ਦੀ ਲੋੜ ਕਿਉਂਕਿ ਜ਼ਿਆਦਾ ਹੈ, ਇਸ ਦਾ ਕਾਰਨ ਸਾਹਮਣੇ ਹੈ। ਕਿਰਤੀ ਕੋਈ ਵਸਤੂ ਨਹੀਂ ਹਨ, ਉਹ ਇਨਸਾਨ ਹਨ ਅਤੇ ਨਾਗਰਿਕ ਹਨ ਅਤੇ ਸੁਤੰਤਰ ਕਰਮਚਾਰੀ ਵੀ, ਕਿਸੇ ਮਾਲਕ-ਕਰਮਚਾਰੀ ਸੰਬੰਧ ਵਿੱਚ ਸਭ ਤੋਂ ਕਮਜ਼ੋਰ ਧਿਰ ਹਨ। ਇਹ ਵਿਚਾਰ ਕੁੱਝ ਖੇਤਰਾਂ ਵਿੱਚ ਕਰਮਚਾਰੀਆਂ ਦੇ ਅਧਿਕਾਰਾਂ ਦੇ ਅਧਿਕਾਰਾਂ ਦੀ ਰਾਖੀ ਨੂੰ ਤਰਕਸੰਗਤ ਠਹਿਰਾਉਂਦੇ ਹਨ ਜਿਵੇਂ ਕਿ ਸਮੂਹਿਕ ਸੌਦੇਬਾਜ਼ੀ ਲਈ ਯੂਨੀਅਨ ਬਣਾਉਣਾ, ਘੱਟੋ-ਘੱਟ ਜ਼ਿੰਮੇਵਾਰੀ ਤੈਅ ਕਰਨਾ ਜਿਨ੍ਹਾਂ ਨੂੰ ਮਾਲਕਾਂ ਨੂੰ ਸਮਾਜਕ ਲਾਭ, ਸਿਹਤ ਅਤੇ ਕਰਮਚਾਰੀਆਂ ਦੀ ਸੁਰੱਖਿਆ, ਔਰਤ ਕਰਮਚਾਰੀਆਂ ਦੇ ਲਈ ਖ਼ਾਸ ਸਹੂਲਤਾਂ ਦਾ ਪ੍ਰਬੰਧ, ਸ਼ਿਕਾਇਤ ਨਿਵਾਰਨ ਤੰਤਰ ਸਥਾਪਤ ਕਰਨਾ ਆਦਿ ਦੇ ਅਧਾਰ ਉਤੇ ਪੂਰਾ ਕਰਨਾ ਚਾਹੀਦਾ ਹੈ। ਇਹ ਵਿਕਸਤ ਅਤੇ ਵਿਕਾਸਸ਼ੀਲ ਦੋਹਾਂ ਦੇਸ਼ਾਂ ਵਿੱਚ ਇਕ ਮਨਜ਼ੂਰਸ਼ੁਦਾ ਅਭਿਆਸ ਹੈ। ਹਾਲਾਂਕਿ ਇਸ ਵਿੱਚ ਹਰੇਕ ਦੇਸ਼ ਅਨੁਸਾਰ ਕਾਨੂੰਨ ਵੱਖਰੇ-ਵੱਖਰੇ ਹੁੰਦੇ ਹਨ।

ਭਾਰਤ ਸਰਕਾਰ ਕਿਰਤੀਆਂ ਅਤੇ ਪ੍ਰਬੰਧਕਾਂ ਦੋਹਾਂ ਦੇ ਹਿਤਾਂ ਦੀ ਰਾਖੀ ਕਰਨ ਨੂੰ ਲੈ ਕੇ ਇਕੋ ਤਰ੍ਹਾਂ ਵਿਚਾਰਸ਼ੀਲ ਹੈ। ਇਹ ਵਿਚਾਰ ਯੋਜਨਾ ਆਯੋਗ (2001) ਦੇ ਅਧਿਐਨ ਦੇ ਲਈ ਹੇਠ ਲਿਖਤ ਪੜਚੋਲ ਵਿੱਚ ਸ਼ਾਮਲ ਹੈ :

"ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਨੂੰ ਕਿਰਤੀਆਂ ਦੇ ਹਿਤਾਂ ਨੂੰ ਜਾਇਜ਼ ਬਣਾਉਣ ਦੇ ਲਈ ਕਿਰਤ ਕਾਨੂੰਨ ਚਾਹੀਦੇ ਹਨ ਪਰ ਇਸ ਦੇ ਅਧਾਰ ਉਤੇ ਸਾਹਮਣੇ ਆਉਣ ਵਾਲੀ ਕਾਨੂੰਨੀ ਰੂਪਰੇਖਾ ਵਿੱਚ ਕਰਮਚਾਰੀਆਂ ਦੇ ਕਾਨੂੰਨੀ ਅਧਿਕਾਰਾਂ ਦੀ ਰਾਖੀ ਦੇ ਉਦੇਸ਼ ਅਤੇ ਇਕੋ ਤਰ੍ਹਾਂ ਦੇ ਪ੍ਰਮੁੱਖ ਕੁੱਲ ਰੋਜ਼ਗਾਰ ਨੂੰ ਵਧਾਉਣ ਦੇ ਲਈ ਮੁਹਾਰਤ ਅਤੇ ਉਤਸ਼ਾਹ ਵਧਾਉਣ ਦੇ ਟੀਚੇ ਵਿੱਚ ਸਹੀ ਸੰਤੁਲਨ ਯਕੀਨੀ ਹੋਣਾ ਚਾਹੀਦਾ ਹੈ। ਕਾਨੂੰਨ ਅਤੇ ਉਸ ਨੂੰ ਅਮਲ ਵਿੱਚ ਲਿਆਉਣ ਦਾ ਤਰੀਕਾ ਅਜਿਹਾ ਹੋਣਾ ਚਾਹੀਦਾ ਹੈ ਜਿਸ ਵਿੱਚ ਮਾਲਕ ਕਿਰਤ ਉਤਪਾਦਕਤਾ ਨੂੰ ਵਧਾਉਣ ਦੇ ਲਈ ਪ੍ਰੋਤਸਾਹਨ ਰਾਸ਼ੀ ਦੇਣ ਦਾ ਪ੍ਰਬੰਧ ਕਰ ਸਕੇ। ਇਸ ਵਿੱਚ ਕਿਰਤ ਸ਼ਕਤੀ ਨੂੰ ਤਕਨੀਕ ਅਤੇ ਬਾਜ਼ਾਰ ਵਿੱਚ ਆ ਰਹੇ ਬਦਲਾਵਾਂ ਦੇ ਮੁਤਾਬਕ ਬਣਾਉਣ ਅਤੇ ਮੁੜਗਠਨ ਕਰਨ ਦੀ ਪ੍ਰਕਿਰਿਆ ਵਿੱਚ ਲਚਕੀਲਾਪਣ ਸ਼ਾਮਲ ਹੈ। ਇਸ ਲਚਕੀਲੇਪਣ ਦੀ ਲੋੜ ਵਧੀ ਹੈ ਕਿਉਂਕਿ ਉਦਾਰੀ-ਕਰਨ ਅਤੇ ਵਿਸ਼ਵੀਕਰਨ ਨੇ ਲਚਕੀਲੇਪਣ ਤੇ ਲਾਭਾਂਸ਼ ਤੈਅ ਕਰ ਦਿੱਤੇ ਹਨ।"

## ਕਿਰਤ ਬਾਜ਼ਾਰ ਸੁਧਾਰ ਵਿਚਲੀਆਂ ਅੜਚਨਾਂ

ਕਿਰਤ ਕਾਨੂੰਨ ਭਾਰਤ ਵਿੱਚ ਸੱਨਅਤਾਂ ਦੇ ਅਨੁਸਾਰ ਕਿਰਤ ਬਾਜ਼ਾਰ ਤਿਆਰ ਕਰਨ ਦੇ ਰਾਹ ਵਿੱਚ ਸਭ ਤੋਂ ਵੱਡੀ ਅੜਚਣ ਹਨ। ਕਿਰਤ ਕਾਨੂੰਨ ਲਗਾਤਾਰ ਕਰਮਚਾਰੀਆਂ ਦੇ ਅਧਿਕਾਰਾਂ ਨੂੰ ਬਰਕਰਾਰ ਰਖਦੇ ਆ ਰਹੇ ਹਨ ਜਦ ਕਿ ਬਾਜ਼ਾਰੀ ਮੁਕਾਬਲੇਬਾਜ਼ੀ ਘਰੇਲੂ ਉੱਦਮਾਂ ਦੀ ਰਾਖੀ ਕਰਨ ਵਾਲੀ ਢਾਲ 1991 ਤੋਂ ਬਾਅਦ ਅਲੋਪ ਹੋ ਗਈ। ਵਿਸ਼ਵੀਕਰਨ ਅਤੇ ਉਦਾਰੀਕਰਨ ਦਾ 1991 ਵਿੱਚ ਪਸਾਰ ਹੋਇਆ, ਜਿਸ ਨੇ ਅੰਤਰ-ਰਾਸ਼ਟਰੀ ਸੱਨਅਤਕਾਰਾਂ ਨੂੰ ਭਾਰਤੀ ਬਾਜ਼ਾਰ ਵਿੱਚ ਆਉਣ ਦੀ ਇਜਾਜ਼ਤ ਦਿੱਤੀ ਅਤੇ ਇਸ ਤਰ੍ਹਾਂ ਮੂਲ ਰੂਪ ਵਿੱਚ ਹੀ ਵਪਾਰ ਅਤੇ ਵਪਾਰਕ ਪ੍ਰਕਿਰਿਆ ਨੂੰ ਬਦਲ ਦਿੱਤਾ। ਕਿਰਤ ਕਾਨੂੰਨਾਂ ਦਾ ਦਿਹਾੜੀ ਮਜ਼ਦੂਰੀ ਤੀਜੇ ਪੱਖ ਦੇ ਰੋਜ਼ਗਾਰ ਵਰਗੇ ਉੱਭਰਦੇ ਰੁਝਾਨਾਂ ਅਨੁਸਾਰ ਬਦਲਣਾ ਜ਼ਰੂਰੀ ਹੈ। ਨਾਲ ਹੀ ਇਹ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ ਕਿ ਕਰਮਚਾਰੀਆਂ ਦੇ ਬੁਨਿਆਦੀ ਅਧਿਕਾਰ ਸੁਰੱਖਿਅਤ ਰਹਿਣ ਅਤੇ ਕਿਰਤ ਮਿਆਰਾਂ ਨੂੰ ਸੰਗਠਤ ਅਤੇ ਅਸੰਗਠਤ ਖੇਤਰਾਂ ਵਿੱਚ ਸੱਨਅਤਾਂ ਵਿੱਚ ਵੀ ਅਮਲ ਵਿੱਚ ਲਿਆਂਦਾ ਜਾ ਸਕੇ।

ਦੇਸ਼ ਭਰ ਵਿੱਚ ਮਹੱਤਵਪੂਰਨ ਹੁਨਰ ਦੀ ਕਮੀ ਦਾ ਭਾਰਤੀ ਕਿਰਤ ਬਾਜ਼ਾਰ ਉਤੇ ਗੰਭੀਰ ਅਸਰ ਹੁੰਦਾ ਹੈ। ਪੁਰਾਣੇ ਹੋ ਚੁੱਕੇ ਕਿਰਤ ਕਾਨੂੰਨਾਂ ਤੋਂ ਵੀ ਵੱਧ ਇਹ ਮੁੱਦਾ ਕਿਰਤ ਬਾਜ਼ਾਰ ਨੂੰ ਪਰਤੱਖ ਵਿਦੇਸ਼ੀ ਪੂੰਜੀਕਾਰੀ ਦੇ ਲਈ ਖਿੱਚ ਵਿਹੂਣਾ ਕਰਦਾ ਹੈ, ਇਥੋਂ ਤੱਕ ਕਿ ਸੂਖਮ, ਛੋਟੇ ਅਤੇ ਮੱਧ ਵਰਗ ਦੇ ਉੱਦਮਾਂ ਵਿੱਚ ਵੱਡੇ ਘਰੇਲੂ ਉੱਦਮੀਆਂ ਦੇ ਨਾਲ-ਨਾਲ ਨਵੇਂ ਉੱਦਮੀਆਂ ਨੂੰ ਵੀ ਕੁਸ਼ਲ ਕਿਰਤ ਸ਼ਕਤੀ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਯੋਜਨਾ ਆਯੋਗ (2001) ਦੇ ਇਕ ਅਧਿਐਨ ਵਿੱਚ ਦੱਸਿਆ ਗਿਆ ਸੀ ਕਿ ਦਿਹਾਤੀ ਖੇਤਰਾਂ ਵਿੱਚ ਸਿਰਫ 10.1 ਪ੍ਰਤਿਸ਼ਤ ਮਰਦ ਕਰਮਚਾਰੀ ਤੇ 6.8 ਪ੍ਰਤਿਸ਼ਤ ਮਹਿਲਾ ਕਰਮਚਾਰੀਆਂ ਦੇ ਕੋਲ ਇਸ ਤਰ੍ਹਾਂ ਦਾ ਕੋਈ ਖ਼ਾਸ ਹੁਨਰ ਹੁੰਦਾ ਹੈ। ਇਸ ਤੋਂ ਵੀ ਵੱਧ ਇਹ ਕਿ ਸਿਰਫ 20-24 ਸਾਲ ਦੀ ਉਮਰ ਦੇ ਵਿਸ਼ਵ ਕਿਰਤ ਸ਼ਕਤੀ ਦਾ ਸਿਰਫ 5 ਪ੍ਰਤਿਸ਼ਤ ਭਾਰਤੀ ਕਿਰਤ ਬਲ ਹੈ ਜਿਸ ਕੋਲ ਪੇਸ਼ੇਵਰ ਜਾਂ ਕੰਮਕਾਜੀ ਹੁਨਰ ਹੈ। ਉਥੇ ਹੀ ਸੱਨਅਤ ਦੇਸ਼ਾਂ ਵਿੱਚ ਇਹ ਆਂਕੜਾ 60 ਤੋਂ 80 ਪ੍ਰਤਿਸ਼ਤ ਦੇ ਵਿਚਕਾਰ ਹੈ (ਯੋਜਨਾ ਆਯੋਗ-2001)।

ਕਿੱਤਾਕਾਰੀ ਹੁਨਰ ਦੇ ਸੰਦਰਭ ਵਿੱਚ ਭਾਰਤ ਕੁੱਝ ਵਿਕਾਸਸ਼ੀਲ ਦੇਸ਼ਾਂ ਜਿਵੇਂ ਕਿ ਮੈਕਸੀਕੋ ਤੋਂ ਵੀ ਬੁਰੀ ਸਥਿਤੀ ਵਿੱਚ ਹੈ। ਮੈਕਸੀਕੋ ਵਿੱਚ ਕਿਤਾਕਾਰੀ ਸਿਖਲਾਈ ਪ੍ਰਾਪਤ ਨੌਜਵਾਨਾਂ ਦੀ ਗਿਣਤੀ 28 ਪ੍ਰਤਿਸ਼ਤ ਤੱਕ ਹੈ (ਯੋਜਨਾ ਆਯੋਗ-2001) ਇਕ ਸੰਗਠਤ ਕਿਰਤ ਨੀਤੀ ਦੀ ਕਮੀ ਇਕ ਉਦਾਰ ਕਿਰਤ ਬਜ਼ਾਰ ਦੇ ਵਿਕਸਤ ਕਰਨ ਦੇ

ਰਾਹ ਵਿੱਚ ਇਕ ਪ੍ਰਮੁੱਖ ਰੁਕਾਵਟ ਹੈ ਜੋ ਕਿ ਦੇਸ਼ ਵਿੱਚ ਮੁਕਾਬਲੇਬਾਜ਼ੀ ਨਿਰਮਾਣ ਅਤੇ ਸੇਵਾ ਸੱਨਅਤ ਦੀ ਇਕੋ-ਪ੍ਰਣਾਲੀ ਬਣਾਉਣ ਵਿੱਚ ਯੋਗਦਾਨ ਕਰ ਸਕਦਾ ਹੈ। ਇਹੋ ਜਿਹੇ ਕਈ ਪਾਠ ਅਧਿਐਨ, ਰਿਪੋਰਟਾਂ, ਸੁਝਾਅ ਸੰਬੰਧੀ ਬੈਠਕਾਂ ਆਦਿ ਹੋਈਆਂ ਹਨ। ਫਿਰ ਵੀ ਇਕ ਸਮੁੱਚਿਤ ਰਾਸ਼ਟਰੀ ਕਿਰਤ ਨੀਤੀ ਦਾ ਟੀਚਾ ਹਾਸਲ ਕਰਨਾ ਬਹੁਤ ਦੂਰ ਦੀ ਗੱਲ ਹੈ। ਜਦ ਕਿ ਸਰਕਾਰ ਸਮੇਂ-ਸਮੇਂ ਉਤੇ ਕਿਰਤ ਕਾਨੂੰਨ ਵਿੱਚ ਸੁਧਾਰ ਕਰਦੀ ਰਹੀ ਹੈ।

ਇਸ ਤੋਂ ਇਲਾਵਾ ਰਾਸ਼ਟਰੀ ਉਸਾਰੂ ਨੀਤੀ, ਬਾਲ ਮਜ਼ਦੂਰੀ ਤੇ ਰਾਸ਼ਟਰੀ ਨੀਤੀ, ਹੁਨਰ ਵਿਕਾਸ ਤੇ ਰਾਸ਼ਟਰੀ ਨੀਤੀ, ਰਾਸ਼ਟਰੀ ਰੋਜ਼ਗਾਰ ਨੀਤੀ, ਐੱਚ ਆਈ ਵੀ/ਏਡਸ ਬਾਰੇ ਰਾਸ਼ਟਰੀ ਨੀਤੀ ਅਤੇ ਕੰਮ ਕਰਨ ਵਾਲੀ ਜਗ੍ਹਾ ਉਤੇ ਸੁਰੱਖਿਆ, ਸਿਹਤ ਅਤੇ ਵਾਤਾਵਰਨ ਸੰਬੰਧੀ ਨੀਤੀ ਵਿੱਚ ਕਿਰਤ ਸੁਧਾਰਾਂ ਦੇ ਸੰਦਰਭ ਮਿਲਦੇ ਹਨ। ਕਿਰਤ ਨੀਤੀ ਬਾਰੇ ਆਖਰੀ ਜ਼ਿਕਰ ਤੀਜੀ ਪੰਜ ਸਾਲਾ ਯੋਜਨਾ ਦੇ ਡਰਾਫਟ ਵਿੱਚ ਮਿਲਦਾ ਸੀ ਜੋ ਹੁਣ ਬਹੁਤ ਪੁਰਾਣੀ ਗੱਲ ਹੈ। ਅਜਿਹੇ ਦਿਸ਼ਾਹੀਣ ਅਤੇ ਵਿਅਰਥ ਯਤਨਾਂ ਨੇ ਵਿਸ਼ਵੀ ਰੁਝਾਨਾਂ ਅਨੁਸਾਰ ਕਿਰਤ ਬਜ਼ਾਰ ਨੂੰ ਉਦਾਰ ਬਣਾਉਣ ਵਿੱਚ ਕੋਈ ਚੰਗਾ ਕੰਮ ਨਹੀਂ ਕੀਤਾ ਹੈ।

ਭਾਰਤ ਲਈ ਪੁਰਾਣੇ ਪੈ ਚੁੱਕੇ ਕਿਰਤ ਕਾਨੂੰਨਾਂ ਵਿੱਚ ਬਦਲਾਅ ਭਾਰਤ ਵਿੱਚ ਕਿਰਤ ਸੁਧਾਰਾਂ ਦਾ ਕੇਂਦਰੀ ਵਿਸ਼ਾ ਰਿਹਾ ਹੈ। ਯੋਜਨਾ ਆਯੋਗ (2001) ਨੇ ਹੇਠ ਲਿਖਤ ਸ਼ਬਦਾਂ ਵਿੱਚ ਇਸ ਚਰਚਾ ਦਾ ਮੂਲ ਸ਼ਾਮਲ ਕੀਤਾ ਹੈ – ਇਨ੍ਹਾਂ ਸਾਰੇ ਕਾਨੂੰਨਾਂ ਦੀ ਵਿਆਪਕ ਸਮੀਖਿਆ ਨਿਸ਼ਚਿਤ ਤੌਰ ਤੇ ਜ਼ਰੂਰੀ ਹੈ। ਇਨ੍ਹਾਂ ਨੂੰ ਅਸਾਨ ਬਣਾਉਣ ਅਤੇ ਮੌਜੂਦਾ ਆਰਥਿਕ ਹਾਲਾਤ ਖ਼ਾਸ ਤੌਰ ਤੇ ਮੌਜੂਦਾ ਅੰਤਰਰਾਸ਼ਟਰੀ ਰਵਾਇਤਾਂ ਦੇ ਮੁਤਾਬਕ ਬਣਾਉਣ ਦੀ ਲੋੜ ਹੈ। ਕਦੀ-ਕਦੀ ਇੰਨੀ ਸਮੱਸਿਆ ਕਾਨੂੰਨ ਦੇ ਨਾਲ ਨਹੀਂ ਹੁੰਦੀ ਜਿੰਨੀ ਲੰਬੀ ਕਾਨੂੰਨੀ ਕਾਰਵਾਈ ਦੇ ਕਾਰਨ ਹੁੰਦੀ ਹੈ ਜੋ ਕਿ ਕਰਮਚਾਰੀਆਂ ਨੂੰ ਕੰਮ ਉਤੇ ਰੱਖਣ ਦੀ ਲਾਗਤ ਅਤੇ ਇਸ ਨਾਲ ਜੁੜੀਆਂ ਪ੍ਰੇਸ਼ਾਨੀਆਂ ਨੂੰ ਵਧਾਉਂਦੀ ਹੈ। ਲਾਗੂਕਰਨ ਮਸ਼ੀਨਰੀ ਦੇ ਨਾਲ ਵੀ ਸਮੱਸਿਆਵਾਂ ਹਨ, ਜਿਵੇਂ ਕਿ ਕਾਨੂੰਨ ਲਾਗੂ ਕਰਨ ਦੇ ਲਈ ਨਿਯੁਕਤ ਵੱਖ-ਵੱਖ ਨਿਰੀਖਣ ਕਰਤਾ ਸੱਨਅਤਾਂ ਵਲੋਂ ਵੀ ਸਮੇਂ-ਸਮੇਂ ਉਤੇ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਕਿ ਇਹ ਮਸ਼ੀਨਰੀ ਇਨ੍ਹਾਂ ਬਹੁਤ ਸਾਰੀਆਂ ਤਾਕਤਾਂ ਦਾ ਇਸਤੇਮਾਲ ਨਿਯੁਕਤੀ ਕਰਤਾਵਾਂ ਨੂੰ ਪ੍ਰਤਾੜਤ ਕਰਨ ਲਈ ਕਰਦੀ ਹੈ। ਨਿਰੀਖਣਕਰਤਾ ਕਈ ਤਰ੍ਹਾਂ ਨਾਲ ਰਿਸ਼ਵਤ ਦੀ ਮੰਗ ਕਰਦੇ ਹਨ ਜਿਸ ਨਾਲ ਛੋਟੇ ਉੱਦਮੀਆਂ ਦੀ ਲਾਗਤ ਕਾਫੀ ਵਧ ਜਾਂਦੀ ਹੈ। ਇਕ ਤੌਰ ਤੇ ਮਜ਼ਦੂਰ ਜਥੇਬੰਦੀਆਂ ਵਲੋਂ ਇਸ ਦੇ ਉਲਟ ਵਿਚਾਰ ਪ੍ਰਗਟ ਕੀਤੇ ਗਏ ਹਨ। ਉਨ੍ਹਾਂ ਦੇ ਅਨੁਸਾਰ ਕਿਰਤ ਸੁਧਾਰ ਮਸ਼ੀਨਰੀ ਨੂੰ ਹੋਰ ਵੀ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਕਿਰਤ ਕਾਨੂੰਨਾਂ ਨੂੰ ਹੋਰ ਸਹੀ ਢੰਗ ਨਾਲ ਲਾਗੂ ਕੀਤਾ ਜਾ ਸਕੇ।

ਮੌਜੂਦਾ ਕਿਰਤ ਕਾਨੂੰਨਾਂ ਵਿੱਚ ਅਸਪੱਸ਼ਟਤਾ, ਦੋਗਲਾਪਣ ਅਤੇ ਬੇਤੁਕੇਪਣ ਨੂੰ ਖਤਮ ਕਰਨਾ ਮਹੱਤਵਪੂਰਨ ਹੈ ਤਾਂ ਕਿ ਸੱਨਅਤਾਂ ਕਾਨੂੰਨ ਦੇ ਕਿਸੇ ਡਰ ਤੋਂ ਬਿਨਾਂ ਦੇਸ਼ ਵਿੱਚ ਕਿਰਤ ਬਾਜ਼ਾਰ ਦੀ ਪੂਰੀ ਸਮਰੱਥਾ ਦਾ ਲਾਭ ਉਠਾ ਸਕਣ ਸਗੋਂ ਜਿਥੋਂ ਤੱਕ ਰੋਜ਼ਗਾਰ ਰਵਾਇਤਾਂ ਦਾ ਸੰਬੰਧ ਹੈ, ਕਿਰਤ ਕਾਨੂੰਨ ਨੂੰ ਇਕ ਸਮਰੱਥ ਮਾਹੌਲ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਜਿੰਨੀ ਜਲਦੀ ਅਸੀਂ ਪਾਲਣਾ ਦੀ ਮਾਨਸਿਕਤ ਤੋਂ ਉਭਰਾਂਗੇ ਉਨਾ ਹੀ ਬਿਹਤਰ ਨਿਰਮਾਣ ਅਤੇ ਸੇਵਾ ਖੇਤਰ ਵਿੱਚ ਸਾਡੇ ਵਿਸ਼ਵੀ ਮੁਕਾਬਲੇਬਾਜ਼ੀ ਦੇ ਮੌਕੇ ਵਧਣਗੇ। ਇਹ ਸਹੀ ਸਮਾਂ ਹੈ ਜਦੋਂ ਸਰਕਾਰ ਨੂੰ ਸਾਰੇ ਮੌਜੂਦਾ ਕਿਰਤ ਕਾਨੂੰਨਾਂ ਨੂੰ ਇਕ ਸੰਗਠਤ ਕਾਨੂੰਨ ਬਣਾਉਣ 'ਤੇ ਧਿਆਨ ਕਰਨਾ ਚਾਹੀਦਾ ਹੈ ਜਿਸ ਵਿੱਚ ਕਿਰਤ ਪ੍ਰਬੰਧਨ ਸੰਬੰਧਾਂ, ਸਮਾਜਕ ਸੁਰੱਖਿਆ, ਕਾਰਜ ਸਥਾਨ ਉਤੇ ਸੁਰੱਖਿਆ, ਭਲਾਈ ਤਜਵੀਜ਼ਾਂ, ਰੋਜ਼ਗਾਰ ਦੇ ਨਿਯਮ ਅਤੇ ਸ਼ਰਤਾਂ, ਮਜ਼ਦੂਰ ਜੱਥੇਬੰਦੀਆਂ ਦੀ ਮਾਨਤਾ ਅਤੇ ਇਨ੍ਹਾਂ ਸਾਰਿਆਂ ਤੋਂ ਉਪਰ ਅੰਤਰਰਾਸ਼ਟਰੀ ਕਿਰਤ ਮਿਆਰਾਂ ਨੂੰ ਲਾਗੂ ਕਰਨ ਵਾਲੀਆਂ ਵਿਸ਼ੇਸ਼ ਧਾਰਾਵਾਂ ਹੋਣ। ਅਜਿਹੀ ਵਿਧਾਨਕ ਵਿਵਸਥਾ ਰਾਜ ਸਰਕਾਰਾਂ ਲਈ ਇਕ ਮਿਸਾਲ ਹੋਵੇਗੀ। ਹੋ ਸਕਦਾ ਹੈ ਕਿ ਰਾਜ ਸਰਕਾਰਾਂ ਕੇਂਦਰੀ ਰਵਾਇਤ ਨੂੰ ਅਪਣਾ ਲੈਣ ਅਤੇ ਖੇਤਰੀ ਵਿਸ਼ੇਸ਼ਤਾਵਾਂ ਨੂੰ ਸਮਾਯੋਜਿਤ ਕਰਨ ਲਈ ਥੋੜ੍ਹੇ ਵਖਰੇਵੇਂ ਵਾਲੇ ਇਕੋ ਜਿਹੇ ਲੋਕਾਂ ਨਾਲ ਆਉਣ। ਇਸ ਤੋਂ ਇਲਾਵਾ ਇਸ ਖੇਤਰ ਦੇ ਕਾਨੂੰਨ ਤਾਂ ਹੀ ਅਸਰਦਾਰ ਹੋਣਗੇ ਜਦੋਂ ਉਹ ਸਮੁੱਚਿਤ ਤੌਰ ਤੇ ਲਾਗੂ ਹੋਣ ਜਿਸ ਵਿੱਚ ਸੰਗਠਤ ਅਤੇ ਅਸੰਗਠਤ ਖੇਤਰਾਂ ਦੇ ਕਰਮਚਾਰੀ ਸ਼ਾਮਲ ਹੋਣ।

ਕਿਰਤ ਬਾਜ਼ਾਰ ਵਿੱਚ ਵਿਆਪਕ ਸਮਰਪਤ ਰਾਸ਼ਟਰੀ ਕਿਰਤ ਨੀਤੀ ਵਿਕਸਤ ਕੀਤੇ ਬਿਨਾਂ ਇਕ ਕਾਨੂੰਨੀ ਦਖਲ ਅਸੰਭਵ ਹੈ। ਇਸ ਤਰ੍ਹਾਂ ਭਾਰਤ ਸਰਕਾਰ ਨੂੰ ਪਹਿਲਾਂ ਕਿਰਤੀਆਂ ਦੇ ਮੁੱਦਿਆਂ ਉਤੇ ਰਾਸ਼ਟਰੀ ਨੀਤੀ ਦੀ ਰੂਪਰੇਖਾ ਨੂੰ ਲੈ ਕੇ ਆਮ ਸਹਿਮਤੀ ਬਣਾਉਣ ਉਤੇ ਧਿਆਨ ਦੇਣਾ ਚਾਹੀਦਾ ਹੈ ਬਜਾਇ ਇਸ ਦੇ ਕਿ ਉੱਦਮੀਆਂ ਨੂੰ ਖ਼ੁਸ਼ ਕਰਨ ਲਈ ਕਿਰਤ ਕਾਨੂੰਨਾਂ ਦੇ ਕੁੱਝ ਪ੍ਰਬੰਧ ਲਾਗੂ ਕਰਦੇ ਰਹਿਣ ਦੇ ਦ੍ਰਿਸ਼ਟੀਕੋਣ ਤੋਂ ਅੱਗੇ ਵਧਦੇ ਰਹਿਣ ਦੇ।

ਕਿਉਂਕਿ ਪਿਛਲੇ 25 ਸਾਲਾਂ ਦੇ ਦੌਰਾਨ ਕਈ ਤਰ੍ਹਾਂ ਦੇ ਅਧਿਐਨ, ਸੁਝਾਅ ਅਤੇ ਸੁਧਾਰ ਸਾਹਮਣੇ ਆ ਚੁੱਕੇ ਹਨ ਇਸ ਲਈ ਸਾਰਿਆਂ ਨੂੰ ਆਮ ਸਹਿਮਤੀ ਨਾਲ ਰਾਸ਼ਟਰੀ ਕਿਰਤ ਨੀਤੀ ਦਾ ਖਰੜਾ ਤਿਆਰ ਕਰਨਾ ਅਸਾਨ ਹੋਵੇਗਾ ਸਗੋਂ ਬਹੁਤ ਜ਼ਿਆਦਾ ਸਵੈ-ਚਾਲਤ ਨਿਰਮਾਣ ਖੇਤਰ ਦੇ ਕਾਰਨ ਦੇਸ਼ ਵਿੱਚ ਬੇਰੋਜ਼ਗਾਰੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ, ਇਸ ਲਈ ਜ਼ਰੂਰੀ ਹੈ ਕਿ ਭਾਰਤ ਸਰਕਾਰ ਨਵੇਂ ਰੋਜ਼ਗਾਰ ਦੇ ਮੌਕੇ ਪੈਦਾ ਕਰੇ। ਹਾਲਾਂ ਕਿ ਮੇਕ ਇਨ ਇੰਡੀਆ ਨੇ ਪਹਿਲਾਂ ਹੀ ਪੂੰਜੀਕਾਰੀ ਨੂੰ ਆਕਰਸ਼ਤ ਕਰਨਾ ਸ਼ੁਰੂ ਕਰ ਦਿੱਤਾ ਹੈ ਫਿਰ ਵੀ ਨਿਰਮਾਣ ਖੇਤਰਾਂ ਵਿੱਚ ਨੌਕਰੀਆਂ ਨਹੀਂ ਵਧ ਰਹੀਆਂ। ਇਸ ਲਈ ਭਾਰਤ ਸਰਕਾਰ ਨੂੰ ਯੁਵਾ ਆਬਾਦੀ ਦੇ ਵੱਡੇ ਵਰਗ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਉਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਇਸ ਟੀਚੇ ਨੂੰ ਉੱਚ ਸਿੱਖਿਆ ਦੇ ਨਾਲ ਕਿੱਤਾਕਾਰੀ ਸਿਖਲਾਈ ਨੂੰ ਜੋੜ ਕੇ ਹਾਸਲ ਕੀਤਾ ਜਾ ਸਕਦਾ ਹੈ। ਅਸਲ ਮਾਇਨਿਆਂ ਵਿੱਚ ਕਿਰਤ ਸੁਧਾਰ ਉਦੋਂ ਹੋਣਗੇ ਜਦੋਂ ਕਿਰਤ ਬਜ਼ਾਰ ਬਹੁਤ ਜ਼ਿਆਦਾ ਹੁਨਰਮੰਦ ਲੋਕਾਂ ਨਾਲ ਭਰੇ ਹੋਣਗੇ ਜੋ ਕਿ ਸ਼ੋਸ਼ਣ ਕੀਤੇ ਜਾਣ ਦੇ ਡਰ ਬਿਨਾਂ ਨਿਰਮਾਣ ਅਤੇ ਸੇਵਾ ਉਤਪਾਦਨ ਵਿੱਚ ਸ਼ਾਮਲ ਹੋਣ ਦੇ ਲਈ ਤਿਆਰ ਹੋਣਗੇ।

ਕਿਰਤ ਕਾਨੂੰਨਾਂ ਵਿੱਚ ਬਦਲਾਅ ਦੇ ਭਾਰਤ ਸਰਕਾਰ ਦੇ ਹਾਲ ਹੀ ਵਿੱਚ ਚੁੱਕੇ ਗਏ ਕਦਮਾਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ, ਉਥੇ ਹੀ ਉਨ੍ਹਾਂ ਦੀ ਮੁਹਾਰਤ ਨੂੰ ਵਧਾ ਕੇ ਕਿਰਤ ਬਾਜ਼ਾਰ ਨੂੰ ਮਜ਼ਬੂਤ ਬਣਾਉਣ ਉਤੇ ਵੀ ਪੂਰਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

*(ਲੇਖਕ ਪ੍ਰਬੰਧਨ ਬਾਰੇ ਏ.ਪੀ.ਜੇ. ਸਕੂਲ, ਨਵੀਂ ਦਿੱਲੀ ਵਿੱਚ ਜਨਤਕ ਨੀਤੀ ਅਤੇ ਗਰਵਨੈਂਸ ਬਾਰੇ ਕੇਂਦਰ ਦੇ ਕਨਵੀਨਰ ਅਤੇ ਐਸੋਸ਼ੀਏਟ ਪ੍ਰੋਫੈਸਰ ਹਨ)*

*e-mail :mail:jha.srirang@gmail.com*

# ਭਾਰਤ ਵਿੱਚ ਅਸੰਗਠਿਤ ਕਿਰਤ ਬਾਜ਼ਾਰ

ਏ ਸ੍ਰੀਜਾ

ਭਾਰਤ ਦਾ ਕਿਰਤ ਬਾਜ਼ਾਰ ਦੋ ਵਰਗਾਂ ਵਿੱਚ ਵੰਡਿਆ ਹੋਇਆ ਹੈ ਜਿਥੇ 92 ਪ੍ਰਤਿਸ਼ਤ ਕਾਮਾ ਸ਼ਕਤੀ ਗ਼ੈਰ ਰਸਮੀ (ਅਸੰਗਠਿਤ) ਰੋਜ਼ਗਾਰ ਵਿੱਚ ਹੈ ਜਦ ਕਿ 10 ਪ੍ਰਤਿਸ਼ਤ ਤੋਂ ਘੱਟ ਨੂੰ ਸੰਗਠਿਤ ਰੋਜ਼ਗਾਰ ਹਾਸਲ ਹੈ। ਵੱਡੇ ਅਨੁਪਾਤ ਵਿੱਚ ਕਾਮਾ ਸ਼ਕਤੀ ਦਾ ਅਸੰਗਠਿਤ ਹੋਣ ਦਾ ਕਾਰਨ ਸਮਾਜਕ-ਆਰਥਿਕ ਤੱਥ ਹਨ ਜੋ ਬਸਤੀਵਾਦੀ ਸਮੇਂ ਤੋਂ ਚਲੇ ਆ ਰਹੇ ਹਨ। ਬਸਤੀਵਾਦੀ ਸ਼ਾਸਨ ਦੌਰਾਨ ਅਪਨਾਈ ਗਈ ਸੱਨਅਤੀਕਰਨ ਦੀ ਰਵਾਇਤ ਨੇ ਕੱਚੇ ਮਾਲ ਦੇ ਨਿਰਯਾਤ ਅਤੇ ਤਿਆਰ ਉਤਪਾਦਾਂ ਦੇ ਆਯਾਤ ਨੂੰ ਉਤਸ਼ਾਹਿਤ ਕੀਤਾ। ਬਰਤਾਨੀਆਂ ਵਿੱਚ ਸੱਨਅਤੀ ਇਨਕਲਾਬ ਭਾਰਤੀ ਅਰਥਚਾਰੇ ਉਤੇ ਕੋਈ ਪ੍ਰਭਾਵ ਛੱਡਣ ਵਿੱਚ ਅਸਫਲ ਰਿਹਾ। ਇਹ ਪਹਿਲੇ ਵਿਸ਼ਵ ਯੁੱਧ ਦੇ ਆਸ-ਪਾਸ ਸੰਭਵ ਹੋ ਸਕਿਆ ਕਿ ਕਾਰਖਾਨਾ ਆਧਾਰਤ ਨਿਰਮਾਣ ਸ਼ੁਰੂ ਹੋਇਆ, ਉਹ ਵੀ ਯੁੱਧ ਦੀਆਂ ਲੋੜਾਂ ਪੂਰੀਆਂ ਕਰਨ ਲਈ। ਇਸ ਕਰਕੇ ਆਜ਼ਾਦੀ ਮਿਲਣ ਸਮੇਂ ਸਾਡੇ ਪੱਲੇ ਕਿਸਾਨੀ ਆਰਥਿਕਤਾ ਪਈ। ਕਿਰਤ ਸ਼ਕਤੀ ਘੱਟ ਗਿਣਤੀ ਵਿੱਚ ਸੀ ਜੋ ਅੰਤਰ-ਜਾਤੀ ਦੁਸ਼ਮਣੀ ਉਤੇ ਅਧਾਰਤ ਸੀ, ਕਿਉਂਕਿ ਗ਼ੈਰ-ਖੇਤੀ ਕਿੱਤੇ ਜ਼ਿਆਦਾਤਰ ਜਾਤ ਅਧਾਰਤ ਸਨ। ਉੱਦਮਤਾ ਕੁੱਝ ਭਾਈਚਾਰਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਅਤੇ ਜੋ ਉਦਯੋਗ ਸਥਾਪਤ ਹੋਏ ਵੀ, ਉਹ ਲੋਹਾ, ਇਸਪਾਤ, ਖਾਣਾਂ, ਕੱਪੜਾ ਅਤੇ ਅਖ਼ਬਾਰੀ ਕਾਗਜ਼ ਆਦਿ ਸਨ ਜਿਥੇ ਕਿਰਤ ਦਾ ਹਿੱਸਾ ਘੱਟ ਸੀ। ਆਜ਼ਾਦੀ ਤੋਂ ਬਾਅਦ ਸੱਨਅਤੀਕਰਨ ਦੀ ਮਹਾਲਨੋਬਿਧ ਰਣਨੀਤੀ ਦਾ ਕੇਂਦਰ ਬਿੰਦੂ ਪੂੰਜੀ ਮੁਖੀ ਸੱਨਅਤਾਂ ਸਨ ਅਤੇ ਨੀਤੀਗਤ ਕੇਂਦਰ ਬਿੰਦੂ, ਗ਼ੈਰ ਖੇਤੀ ਖੇਤਰ ਵਿੱਚ ਦਿਹਾਤੀ ਸਹਿਕਾਰੀ ਸਭਾਵਾਂ ਬਣਾ ਕੇ, ਛੋਟੇ ਅਤੇ ਦਰਮਿਆਨੇ ਖੇਤਰ ਲਈ ਕੁੱਝ ਸੱਨਅਤਾਂ ਰਾਖਵੀਆਂ ਕਰਕੇ, ਕਿਰਤ ਮੁਖੀ ਖੇਤਰ ਸੀ। ਕੁੱਲ ਮਿਲਾ ਕੇ ਕਿਰਤ ਮੁਖੀ ਖੇਤਰ ਜਿਵੇਂ ਖੇਤੀਬਾੜੀ, ਦਸਤਕਲਾ, ਹੱਥ ਖੱਡੀ, ਛੋਟੇ ਅਤੇ ਦਿਹਾਤੀ ਉਦਯੋਗਾਂ ਦਾ ਪਸਾਰ ਨਹੀਂ ਹੋਇਆ ਅਤੇ ਇਹ ਅਕਾਰ ਵਿੱਚ ਛੋਟੇ ਹੀ ਰਹੇ ਜਿਥੇ ਕੰਮ ਕਰਦੇ ਮਜ਼ਦੂਰ ਗ਼ੈਰ ਸੰਗਠਿਤ ਹੀ ਸਨ। ਕੁੱਲ ਰੋਜ਼ਗਾਰ ਵਿੱਚ ਗ਼ੈਰ ਸੰਗਠਿਤ ਖੇਤਰ ਦੀ ਹਿੱਸੇਦਾਰੀ 1977-78 ਵਿੱਚ 92.2 ਪ੍ਰਤਿਸ਼ਤ ਸੀ ਜੋ 1993-94 ਵਿੱਚ ਵਧ ਕੇ 92.7 ਪ੍ਰਤਿਸ਼ਤ ਹੋ ਗਈ। ਇਸ ਲਈ, ਇਤਿਹਾਸਕ ਤੌਰ ਤੇ ਭਾਰਤ ਕੋਲ ਉਦਾਰੀਕਰਨ ਦੇ ਵਿਸ਼ਵੀਕਰਨ ਦੀ ਆਮਦ ਤੋਂ ਪਹਿਲਾਂ ਹੀ, 90ਵਿਆਂ ਦੀ ਸ਼ੁਰੂਆਤ ਵਿੱਚ ਹੀ ਵੱਡੀ ਗਿਣਤੀ ਗ਼ੈਰ ਸੰਗਠਿਤ ਕਾਮਾ ਸ਼ਕਤੀ ਸੀ। ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਦੌਰ ਨੇ ਇਸ ਵਿੱਚ ਹੋਰ ਵਾਧਾ ਕੀਤਾ।

**ਗ਼ੈਰ ਸੰਗਠਿਤ ਖੇਤਰ ਵਿੱਚ ਉੱਦਮਾਂ ਬਾਰੇ ਰਾਸ਼ਟਰੀ ਆਯੋਗ (ਐੱਨ ਸੀ ਈ ਯੂ ਐੱਸ) ਨੇ ਗ਼ੈਰ ਸੰਗਠਿਤ ਖੇਤਰ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ - ਗਿਣਤੀ ਤੋਂ ਬਾਹਰੇ ਸਾਰੇ ਨਿੱਜੀ ਉੱਦਮ ਜਿਨ੍ਹਾਂ ਦੀ ਮਾਲਕੀ ਨਿੱਜੀ ਜਾਂ ਪਰਿਵਾਰਾਂ ਕੋਲ ਹੈ ਅਤੇ ਜੋ ਮਾਲਕੀ ਜਾਂ ਸਾਂਝ ਅਧਾਰਤ ਵਸਤਾਂ ਤੇ ਸੇਵਾਵਾਂ ਦੀ ਵੇਚ ਅਤੇ ਉਤਪਾਦਨ ਵਿੱਚ ਲੱਗੇ ਹੋਏ ਹਨ ਅਤੇ ਜਿਥੇ ਦਸ ਤੋਂ ਘੱਟ ਕਾਮੇ ਕੰਮ ਕਰਦੇ ਹਨ।**

ਅਸੰਗਠਿਤ ਕਾਮਿਆਂ ਦੇ ਸੰਗਠਿਤ ਅਤੇ ਗ਼ੈਰ ਸੰਗਠਿਤ ਖੇਤਰਾਂ ਵਿੱਚ ਫੈਲੇ ਹੋਣ ਕਰਕੇ, ਐੱਨ ਸੀ ਈ ਯੂ ਐੱਸ ਨੇ ਉਨ੍ਹਾਂ ਦੀ ਪਰਿਭਾਸ਼ਾ ਦਿੰਦਿਆਂ ਕਿਹਾ - "ਗ਼ੈਰ ਸੰਗਠਿਤ ਕਾਮੇ ਉਹ ਹਨ ਜੋ ਗ਼ੈਰ ਸੰਗਠਿਤ ਖੇਤਰ ਜਾਂ ਘਰਾਂ ਵਿੱਚ ਕੰਮ ਕਰਦੇ ਹਨ, ਇਸ ਵਿੱਚ ਨਿਯਮਤ ਕਾਮੇ ਸ਼ਾਮਲ ਨਹੀਂ ਹਨ ਜਿਨ੍ਹਾਂ ਨੂੰ ਮਾਲਕਾਂ ਵਲੋਂ ਸਮਾਜਕ ਸੁਰੱਖਿਆ ਦੇ ਲਾਭ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਸੰਗਠਿਤ ਖੇਤਰ ਵਿੱਚ ਰੋਜ਼ਗਾਰ ਅਤੇ ਸਮਾਜਕ ਸੁਰੱਖਿਆ ਵਿਹੂਣੇ ਕਾਮਿਆਂ ਨੂੰ ਮਾਲਕਾਂ ਵਲੋਂ ਇਹ ਲਾਭ ਦਿੱਤੇ ਜਾਂਦੇ ਹਨ।" ਐੱਨ ਸੀ ਈ ਯੂ ਐੱਸ ਦੀ ਪਰਿਭਾਸ਼ਾ ਐੱਨ ਐੱਸ ਐੱਸ ਓ ਇਕਾਈ ਪੱਧਰ ਦੇ ਅੰਕੜਿਆਂ ਉਤੇ ਲਾਗੂ ਕਰਨ ਨਾਲ ਗ਼ੈਰ ਸੰਗਠਿਤ ਰੋਜ਼ਗਾਰ ਦਾ ਉੱਭਰਿਆ ਰੁਝਾਨ ਤਾਲਿਕਾ-1 ਵਿੱਚ ਵੇਖਿਆ ਜਾ ਸਕਦਾ ਹੈ।

ਸੰਗਠਿਤ ਅਤੇ ਗ਼ੈਰ ਸੰਗਠਿਤ ਖੇਤਰਾਂ ਵਿੱਚ ਗ਼ੈਰ ਸੰਗਠਿਤ ਰੋਜ਼ਗਾਰ 1999-2000 ਦੇ 91.2 ਪ੍ਰਤਿਸ਼ਤ ਤੋਂ ਵਧ ਕੇ 2004-05 ਵਿੱਚ 92.7 ਪ੍ਰਤਿਸ਼ਤ ਹੋ ਗਿਆ, ਭਾਵੇਂ ਕਿ 2011-12 ਵਿੱਚ ਇਹ ਫਿਰ ਥੋੜ੍ਹਾ ਜਿਹਾ ਘਟ ਕੇ 91.9 ਪ੍ਰਤਿਸ਼ਤ ਹੋ ਗਿਆ (ਤਾਲਿਕਾ-1)। ਗ਼ੈਰ ਸੰਗਠਿਤ ਖੇਤਰ ਵਿੱਚ ਕਾਮਾ ਸ਼ਕਤੀ ਦਾ ਇਹ ਵੱਡਾ ਅਨੁਪਾਤ ਇਸ ਤੱਥ ਦੇ ਚਲਦਿਆਂ ਹੈ ਕਿ 50 ਪ੍ਰਤਿਸ਼ਤ ਤੋਂ ਵੱਧ ਕਾਮਾ ਸ਼ਕਤੀ ਸਵੈ-ਰੋਜ਼ਗਾਰ ਅਧਾਰਤ ਹੈ ਜੋ ਗ਼ੈਰ ਸੰਗਠਿਤ ਖੇਤੀ ਖੇਤਰ ਵਿੱਚ ਕੰਮ ਕਰ ਰਹੀ ਹੈ। ਨਿਰਮਾਣ ਖੇਤਰ ਵਿੱਚ ਭਾਰੀ ਉਦਯੋਗਾਂ ਉਤੇ ਜ਼ਿਆਦਾ ਜ਼ੋਰ ਦੇਣ ਕਾਰਨ ਅਤੇ ਐੱਸ ਐੱਮ ਈ ਦੀ ਰਾਖਵਾਂ ਕਰਨ ਨੀਤੀ ਕਰਕੇ ਉਜਰਤ ਵਸਤਾਂ ਖੇਤਰ ਉਤੇ ਅਕਾਰ ਦੀ ਪਾਬੰਦੀ ਲੱਗਣ ਕਾਰਨ, ਜ਼ਿਆਦਾ ਗੁਣਵੱਤਾ ਵਾਲੇ ਰੋਜ਼ਗਾਰ ਦਾ ਨਿਰਮਾਣ ਨਹੀਂ ਹੋ ਸਕਿਆ ਕਿਉਂਕਿ ਸਬਸਿਡੀਆਂ ਅਤੇ ਰਿਆਇਤਾਂ ਦਾ ਲਾਹਾ ਲੇਣ ਲਈ ਇਕਾਈਆਂ ਨੂੰ ਛੋਟੀਆਂ ਰੱਖਿਆ ਗਿਆ। ਜਨਤਕ ਖੇਤਰ ਵਿੱਚ 1991 ਦੀ ਅਪਨਿਵੇਸ਼ ਨੀਤੀ ਉਪਰੰਤ ਵਧਦੀ ਹੋਈ ਬਾਹਰੀ ਮੁਕਾਬਲੇ-ਬਾਜ਼ੀ ਨਾਲ ਗ਼ੈਰ ਸੰਗਠਿਤ ਰੋਜ਼ਗਾਰ ਨਿਰਮਾਣ ਵਿੱਚ ਹੋਰ ਵਾਧਾ ਹੋਇਆ,

ਖ਼ਾਸ ਕਰਕੇ ਸੰਗਠਿਤ ਖੇਤਰ ਵਿੱਚ। ਸੰਗਠਿਤ ਖੇਤਰ ਵਿੱਚ ਗ਼ੈਰ ਸੰਗਠਿਤ ਰੋਜ਼ਗਾਰ ਦੀ ਹਿੱਸੇਦਾਰੀ 1999-2000 ਦੇ 37.9 ਪ੍ਰਤਿਸ਼ਤ ਤੋਂ ਵਧ ਕੇ 2004-05 ਵਿੱਚ 48 ਪ੍ਰਤਿਸ਼ਤ ਅਤੇ 2011-12 ਵਿੱਚ 54.6 ਪ੍ਰਤਿਸ਼ਤ ਹੋ ਗਈ।

ਪਿਛਲੇ ਚਾਰ ਦਹਾਕਿਆਂ ਦੌਰਾਨ ਜਦੋਂ ਭਾਰਤ ਨੇ ਹਿੰਦੂ ਵਿਕਾਸ ਦਰ ਪਾਰ ਕਰ ਲਈ ਅਤੇ ਤੇਜ਼ੀ ਨਾਲ ਵਿਕਸਤ ਹੋਣ ਵਾਲਾ ਅਰਥਚਾਰੇ ਬਣ ਗਿਆ, ਤਾਂ ਕਿਰਤ ਬਾਜ਼ਾਰ ਵਿੱਚ ਢਾਂਚਾਗਤ ਬਦਲਾਵਾਂ ਦੇ ਹਿੱਸੇ ਵਜੋਂ ਖੇਤੀਬਾੜੀ ਖੇਤਰ ਵਿੱਚ ਨੌਕਰੀਆਂ ਘਟ ਗਈਆਂ, ਜੋ ਗ਼ੈਰ ਸੰਗਠਿਤ ਰੋਜ਼ਗਾਰ ਦੇ ਰੂਪ ਵਿੱਚ ਜ਼ਿਆਦਾਤਰ ਉਸਾਰੀ ਅਤੇ ਘੱਟ ਹੁਨਰਮੰਦ ਸੇਵਾ ਖੇਤਰਾਂ ਵੱਲ ਚਲੀਆਂ ਗਈਆਂ। ਉਦਾਰੀਕਰਨ ਤੋਂ ਬਾਅਦ ਵਧੀ ਵਿਸ਼ਵੀ ਮੁਕਾਬਲੇਬਾਜ਼ੀ ਅਤੇ ਸਬਸਿਡੀਆਂ ਤੇ ਰਾਖਵਾਂਕਰਨ ਵਾਪਸ ਲੈਣ ਕਰਕੇ ਜੋਖ਼ਮ ਵਧ ਗਿਆ। ਉੱਦਮੀਆਂ ਵਲੋਂ ਆਪਣੀਆਂ ਇਕਾਈਆਂ ਦਾ ਅਕਾਰ ਛੋਟਾ ਰੱਖਣਾ ਜਾਰੀ ਰਿਹਾ ਤਾਂ ਕਿ ਉਨ੍ਹਾਂ ਨੂੰ ਨਿਯਮਾਂ, ਕਰ ਢਾਂਚੇ, ਕਿਰਤ ਕਾਨੂੰਨਾਂ, ਜਿਸ ਵਿੱਚ ਕਾਮਿਆਂ ਲਈ ਸਮਾਜਕ ਸੁਰੱਖਿਆ ਸ਼ਾਮਲ ਹੈ, ਦੀ ਪਾਲਣਾ ਕਰਨ ਤੋਂ ਛੋਟ ਮਿਲੀ ਰਹੇ। ਉੱਦਮੀਆਂ ਵਲੋਂ ਇਕਾਈਆਂ ਦਾ ਅਕਾਰ ਵਧਾਉਣ ਪ੍ਰਤਿ ਦਿਖਾਈ ਉਦਾਸੀਨਤਾ ਕਾਰਨ ਉਦਾਰੀਕਰਨ ਤੋਂ ਬਾਅਦ ਕੱਚੇ ਅਤੇ ਠੇਕੇ ਉਤੇ ਮਜ਼ਦੂਰ ਰੱਖਣ ਦੇ ਰੁਝਾਨ ਵਿੱਚ ਵਾਧਾ ਹੋਇਆ। ਬਹੁਰਾਸ਼ਟਰੀ ਕੰਪਨੀਆਂ ਵਿੱਚ ਵਾਧਾ ਹੋਣ ਨਾਲ ਸਮੁੰਦਰੋਂ ਪਾਰ ਠੇਕੇ ਉਤੇ ਕਾਮੇ ਰੱਖਣ ਅਤੇ ਅੰਤਰਰਾਸ਼ਟਰੀ ਉੱਪ-ਠੇਕਾ ਰੁਝਾਨ ਵਧ ਗਿਆ ਹੈ ਜਿਸ ਕਰਕੇ ਪੱਕੇ ਰੋਜ਼ਗਾਰ ਦੇ ਨਿਸਬਤ ਅਸਥਾਈ ਰੋਜ਼ਗਾਰ ਵੱਲ ਰੁਝਾਨ ਵਧਿਆ ਹੈ। ਅਜਿਹਾ ਇਸ ਲਈ ਹੋਇਆ ਕਿਉਂਕਿ ਠੇਕੇ ਉਤੇ ਕਾਮੇ ਰੱਖ ਕੇ ਮਾਲਕਾਂ ਨੂੰ ਉਦਯੋਗਿਕ ਝਗੜਿਆਂ ਬਾਰੇ ਐਕਟ, 1947 ਤਹਿਤ ਭਰਤੀ ਕਰੋ ਤੇ ਫਾਰਗ ਕਰੋ ਦੇ ਝੰਜਟ ਤੋਂ ਮੁਕਤੀ ਮਿਲ ਜਾਵੇਗੀ। ਤੇਜ਼ੀ ਨਾਲ ਹੋ ਰਹੇ ਤਕਨੀਕੀ ਆਵਿਸ਼ਕਾਰਾਂ ਕਰਕੇ ਨਿਰਮਾਣ ਕੀਤੇ ਉਤਪਾਦਾਂ ਦਾ ਜੀਵਨ ਘੱਟ ਹੋ ਗਿਆ ਹੈ ਜਿਸ ਕਰਕੇ ਨਵੇਂ ਅਤੇ ਸੁਧਰੇ ਹੋਏ ਉਤਪਾਦ ਬਣਾਉਣ ਦੀ ਲੋੜ ਪੈਦਾ ਹੋਈ। ਪੂੰਜੀਗਤ ਵਸਤਾਂ ਦੇ ਆਯਾਤ ਨੂੰ ਰਿਆਇਤੀ ਜਾਂ ਸ਼ੁਲਕ ਰਹਿਤ ਕਰ ਦਿੱਤਾ ਗਿਆ। ਛੋਟੇ ਨਿਰਮਾਣਕਾਰਾਂ ਵਲੋਂ ਖੁੱਲ੍ਹੇ ਬਾਜ਼ਾਰ ਦੀਆਂ ਇਨ੍ਹਾਂ ਵੰਗਾਰਾਂ ਦਾ ਮੁਕਾਬਲਾ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿੱਚ ਕਟੌਤੀ ਅਤੇ ਉਤਪਾਦਨ ਮੰਗ ਠੇਕੇ ਵਾਲੇ ਮਜ਼ਦੂਰਾਂ ਰਾਹੀਂ ਪੂਰੀ ਕਰਕੇ ਕੀਤਾ ਗਿਆ। ਜਨਤਕ ਖੇਤਰ ਵਿੱਚ ਲਾਗਤ ਘੱਟ ਕਰਨ ਦੇ ਕਦਮ ਵਜੋਂ ਵਧਦਾ ਹੋਇਆ ਗ਼ੈਰ ਰਸਮੀਕਰਨ ਇਕ ਹੋਰ ਚਿੰਤਾ ਦਾ ਵਿਸ਼ਾ ਹੈ ਜੋ ਨੋਟ ਕੀਤਾ ਜਾ ਰਿਹਾ ਹੈ।

**ਤਾਲਿਕਾ-1 : ਸੰਗਠਿਤ ਤੇ ਗ਼ੈਰ ਸੰਗਠਿਤ ਖੇਤਰਾਂ ਵਿੱਚ ਰਸਮੀ ਤੇ ਗ਼ੈਰ-ਰਸਮੀ ਰੋਜ਼ਗਾਰ** (ਮਿਲੀਅਨ ਵਿੱਚ), ਬਰੈਕਟ ਵਿੱਚ ਪ੍ਰਤਿਸ਼ਤ ਹਿੱਸੇਦਾਰੀ ਦਿਖਾਈ ਗਈ ਹੈ)

| | **ਸੰਗਠਿਤ** | **ਗ਼ੈਰ ਸੰਗਠਿਤ** | **ਕੁੱਲ** |
|---|---|---|---|
| **1999-2000** | | | |
| **ਰਸਮੀ** | 33.7 | 1.4 | 35 |
| | (62.3) | (0.41) | (8.8) |
| **ਗ਼ੈਰ ਰਸਮੀ** | 20.5 | 341.3 | 361.7 |
| | (37.9) | (99.6) | (91.2) |
| **ਕੁੱਲ** | **54.1** | **342.6** | **396.8** |
| | **(13.6)** | **(86.3)** | **100** |
| **2004-05** | | | |
| | **ਸੰਗਠਿਤ** | **ਗ਼ੈਰ ਸੰਗਠਿਤ** | **ਕੁੱਲ** |
| **ਰਸਮੀ** | 32.06 | 1.35 | 33.41 |
| | (52) | (0.3) | (7.30 |
| **ਗ਼ੈਰ ਰਸਮੀ** | 29.54 | 396.66 | 426.2 |
| | (48) | (99.7) | (92.7) |
| **ਕੁੱਲ** | **61.61** | **398.01** | **459.61** |
| | **(13)** | **(87)** | **100** |
| **2011-12** | | | |
| | **ਸੰਗਠਿਤ** | **ਗ਼ੈਰ ਸੰਗਠਿਤ** | **ਕੁੱਲ** |
| **ਸੰਗਠਿਤ** | 37.18 | 1.39 | 38.56 |
| | (45.4) | (0.4) | (8.1) |
| **ਗ਼ੈਰ ਰਸਮੀ** | 44.74 | 390.92 | 435.66 |
| | (54.6) | (99.6) | (91.9) |
| **ਕੁੱਲ** | **81.92** | **392.31** | **474.23** |
| | **(17.3)** | **(82.7)** | **100** |

*ਸਰੋਤ : ਐੱਨ ਐੱਸ ਐੱਸ ਓ ਦਾ ਰੋਜ਼ਗਾਰ-ਬੇਰੋਜ਼ਗਾਰੀ ਸਰਵੇਖਣ 1999-2000, 2004-05 ਅਤੇ 2011-12 ਦੇ ਇਕਾਈ ਪੱਧਰ ਦੇ ਅੰਕੜਿਆਂ ਤੋਂ ਹਾਸਲ ਕੀਤਾ ਗਿਆ।*

**ਤਾਲਿਕਾ-2 : ਅਕਾਰ-ਰੋਜ਼ਗਾਰ ਦੇ ਵਰਗ ਦੇ ਅਧਾਰ ਉਤੇ ਅਦਾਰਿਆਂ ਦੀ ਵੰਡ (ਪ੍ਰਤਿਸ਼ਤ ਵਿੱਚ)**

| ਕ੍ਰ.ਸੰ. | ਰੋਜ਼ਗਾਰ ਦੇ ਵਰਗ ਦੇ ਅਧਾਰ ਤੇ ਅਕਾਰ | ਮਦ | ਆਰਥਿਕ ਮਰਦਮਸ਼ੁਮਾਰੀ ਦੇ ਵਰ੍ਹੇ | | | |
|---|---|---|---|---|---|---|
| | | | **1990** | **1998** | **2005** | **2013** |
| 1 | 1-5 | ਅਦਾਰੇ | **93.4** | **94.0** | 95.4 | 95.5 |
| | | ਰੋਜ਼ਗਾਰ | 54.5 | 58.6 | 67.3 | 69.5 |
| 2 | 6-9 | ਅਦਾਰੇ | 3.5 | 3.3 | 3.4 | 3.1 |
| | | ਰੋਜ਼ਗਾਰ | 8.4 | 8.3 | 10.3 | 9.3 |
| 3 | 10 ਤੋਂ ਉਪਰ | ਅਦਾਰੇ | 3.1 | 2.8 | 1.3 | 1.4 |
| | | ਰੋਜ਼ਗਾਰ | 37.1 | 33.1 | 22.4 | 21.2 |

*ਸਰੋਤ : ਪੰਜਵੀਂ ਤੇ ਛੇਵੀਂ ਆਰਥਿਕ ਮਰਦਮਸ਼ੁਮਾਰੀ ਦੀਆਂ ਸਰਬ ਭਾਰਤੀ ਰਿਪੋਰਟਾਂ*

ਆਰਥਿਕ ਮਰਦਮਸ਼ੁਮਾਰੀ ਮੁਤਾਬਕ 6 ਤੋਂ ਘੱਟ ਕਾਮੇ ਰੱਖਣ ਵਾਲੀਆਂ ਇਕਾਈਆਂ ਦੀ ਸੰਖਿਆ 1990 ਦੇ 93 ਪ੍ਰਤਿਸ਼ਤ ਦੇ ਮੁਕਾਬਲੇ 2013 ਵਿੱਚ ਵਧ ਕੇ 95.5 ਪ੍ਰਤਿਸ਼ਤ ਹੋ ਗਈ ਜਦ ਕਿ 10 ਤੋਂ ਘੱਟ ਕਾਮੇ ਰੱਖਣ ਵਾਲੀਆਂ ਇਕਾਈਆਂ ਦੀ ਸੰਖਿਆ ਇਸ ਸਮੇਂ ਦੌਰਾਨ 3.5 ਪ੍ਰਤਿਸ਼ਤ ਤੋਂ ਥੋੜ੍ਹਾ ਘਟ ਕੇ 3.1 ਪ੍ਰਤਿਸ਼ਤ ਹੋ ਗਈ ਹੈ। 10 ਤੋਂ ਜ਼ਿਆਦਾ ਕਾਮੇ ਰੱਖਣ ਵਾਲੀਆਂ ਇਕਾਈਆਂ ਦਾ ਅਕਾਰ 1990 ਤੋਂ 3.1

ਪ੍ਰਤਿਸ਼ਤ ਤੋਂ ਘਟ ਕੇ 2013 ਵਿੱਚ 1.4 ਪ੍ਰਤਿਸ਼ਤ ਰਹਿ ਗਿਆ ਅਤੇ ਰੋਜ਼ਗਾਰ ਵਿੱਚ ਉਨ੍ਹਾਂ ਦੀ ਹਿੱਸੇਦਾਰੀ 37.1 ਪ੍ਰਤਿਸ਼ਤ ਤੋਂ ਘਟ ਕੇ ਇਸ ਸਮੇਂ ਦੌਰਾਨ 21.2 ਪ੍ਰਤਿਸ਼ਤ ਰਹਿ ਗਈ।

ਠੇਕੇ/ਕੱਚੇ ਅਧਾਰਤ ਰੋਜ਼ਗਾਰ ਵਧਣ ਕਾਰਨ ਅਜਿਹੀ ਹਾਲਤ ਖੜ੍ਹੀ ਹੋ ਗਈ ਹੈ ਜਿਥੇ ਕਾਮਾ ਸ਼ਕਤੀ ਨੌਕਰੀ ਦੀ ਸੁਰੱਖਿਆ, ਆਪਣੇ ਅਤੇ ਪਰਿਵਾਰ ਲਈ ਡਾਕਟਰੀ ਲਾਭ ਰੂਪੀ ਸਮਾਜਕ ਸੁਰੱਖਿਆ, ਪੈਨਸ਼ਨ, ਕਾਮਿਆਂ ਨੂੰ ਮੁਆਵਜ਼ਾ, ਘੱਟੋ-ਘੱਟ ਉਜਰਤਾਂ, ਵਾਧੂ ਸਮੇਂ ਦੀਆਂ ਉਜਰਤਾਂ, ਕੰਮ ਦੇ ਖ਼ਤਰਿਆਂ ਦਾ ਸਾਹਮਣਾ ਕਰਨ ਆਦਿ ਵਰਗੇ ਮੁੱਦਿਆਂ ਉਤੇ ਨੁਕਸਾਨ ਝੱਲ ਰਹੀ ਹੈ। ਵਧਦੇ ਹੋਏ ਗ਼ੈਰ-ਰਸਮੀਕਰਨ ਦਾ ਟਾਕਰਾ ਕਰਨ ਲਈ ਵੱਖ-ਵੱਖ ਕਮੇਟੀਆਂ ਅਤੇ ਆਯੋਗਾਂ ਦਾ ਗਠਨ ਕੀਤਾ ਗਿਆ, ਜਿਵੇਂ ਕਿ ਕਿਰਤ ਬਾਰੇ ਦੂਜਾ ਰਾਸ਼ਟਰੀ ਆਯੋਗ (2002), 'ਦਸਵੀਂ ਪੰਜ ਸਾਲਾ ਯੋਜਨਾ ਦੌਰਾਨ ਪ੍ਰਤਿ ਸਾਲ 10 ਮਿਲੀਅਨ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਟੀਚੇ' ਬਾਰੇ ਐੱਸ ਪੀ ਗੁਪਤਾ ਰਿਪੋਰਟ (2002), 10 ਮਿਲੀਅਨ ਨੌਕਰੀਆਂ ਦੇ ਮੌਕੇ ਪੈਦਾ ਕਰਨ ਬਾਰੇ ਟਾਸਕ ਫੋਰਸ (2002), ਗ਼ੈਰ ਸੰਗਠਿਤ ਖੇਤਰ ਵਿੱਚ ਉੱਦਮਾਂ ਲਈ ਰਾਸ਼ਟਰੀ ਆਯੋਗ (2004-2008)। ਇਨ੍ਹਾਂ ਰਿਪੋਰਟਾਂ ਤੋਂ ਇਹ ਸਾਹਮਣੇ ਆਇਆ ਕਿ ਜ਼ਿਆਦਾਤਰ ਕਾਮਾ ਸ਼ਕਤੀ ਅਨਪੜ੍ਹ ਹੈ ਜਿਨ੍ਹਾਂ ਕੋਲ ਬਹੁਤ ਨੀਵੇਂ ਪੱਧਰ ਦੇ ਕਿੱਤਾ ਮੁਖੀ ਹੁਨਰ ਹਨ। ਇਹ ਉਨ੍ਹਾਂ ਦੇ ਖੇਤੀਬਾੜੀ ਤੋਂ ਨਿਰਮਾਣ ਜਾਂ ਸੇਵਾ ਖੇਤਰ ਵੱਲ ਜਾਣ ਦੇ ਰਸਤੇ ਵਿੱਚ ਰੁਕਾਵਟ ਬਣਦੇ ਹਨ। ਕਿਰਤ ਬਾਜ਼ਾਰ ਵਿੱਚ ਢਾਂਚਾਗਤ ਬਦਲਾਅ ਖੇਤੀਬਾੜੀ ਤੇ ਨਿਮਨ ਜਾਂ ਗ਼ੈਰ-ਹੁਨਰਮੰਦ ਉਸਾਰੀ ਖੇਤਰ, ਪ੍ਰਚੂਨ ਵਪਾਰ-ਮਾਲਕੀ ਉੱਦਮਾਂ, ਆਵਾਜਾਈ ਖੇਤਰ ਵਿੱਚ ਨਿੱਜੀ ਵਾਹਨਾਂ ਦੇ ਚਾਲਕ ਦੇ ਤੌਰ ਤੇ, ਘਰੇਲੂ ਕਾਮੇ, ਘਰ ਅਧਾਰਤ ਕੰਮ ਕਰਨ ਵਾਲੇ ਕਾਮੇ ਜਾਂ ਸੁਰੱਖਿਆ ਗਾਰਡਾਂ ਵੱਲ ਜਾਣ ਬਾਰੇ ਸਨ। ਆਯੋਗਾਂ/ਕਮੇਟੀਆਂ ਦੀਆਂ ਸਿਫਾਰਸ਼ਾ ਦਾ ਕੇਂਦਰ ਬਿੰਦੂ ਕਿਰਤ ਕਾਨੂੰਨਾਂ ਵਿੱਚ ਸੁਧਾਰ, ਹੁਨਰ ਵਿਕਾਸ, ਕਿੱਤਾ-ਮੁਖੀ ਸਿਖਲਾਈ ਦੀ ਮਜਬੂਤੀ ਆਦਿ ਸੀ।

## ਨੀਤੀਗਤ ਕਦਮ

ਘੱਟ ਹੁਨਰ ਵਾਲੇ ਰੋਜ਼ਗਾਰ ਦੇ ਇਕ ਪ੍ਰਮੁੱਖ ਖੇਤਰ ਉਸਾਰੀ ਵਿੱਚ, ਇਮਾਰਤਸਾਜ਼ੀ ਤੇ ਹੋਰ ਉਸਾਰੀ ਕਾਮੇ (ਰੋਜ਼ਗਾਰ ਤੇ ਸੇਵਾ ਸ਼ਰਤਾਂ ਦਾ ਨਿਯਮਨ) 'ਐਕਟ, 1996 ਅਤੇ ਇਮਾਰਤਸਾਜ਼ੀ ਅਤੇ ਹੋਰ ਉਸਾਰੀ ਕਾਮਿਆਂ ਬਾਰੇ ਸੈੱਸ ਐਕਟ, 1996 ਉਜਰਤਾਂ, ਕੰਮ ਦੇ ਹਾਲਾਤ, ਸੁਰੱਖਿਆ ਅਤੇ ਸਿਹਤ, ਕਾਮਿਆਂ ਲਈ ਭਲਾਈ ਕਦਮਾਂ ਬਾਰੇ ਕਾਨੂੰਨ ਬਣਾਉਣ ਦੇ ਨਜ਼ਰੀਏ ਤੋਂ ਲਾਗੂ ਕੀਤੇ ਗਏ ਸਨ। ਗ਼ੈਰ ਸੰਗਠਿਤ ਕਾਮੇ ਸਮਾਜਕ ਸੁਰੱਖਿਅ ਐਕਟ 2008 ਗ਼ੈਰ ਸੰਗਠਿਤ ਕਾਮਿਆਂ ਦੀ ਸਮਾਜਕ ਸੁਰੱਖਿਆ ਅਤੇ ਭਲਾਈ ਵਾਸਤੇ ਲਾਗੂ ਕੀਤਾ ਗਿਆ ਸੀ। ਇਸ ਤੋਂ ਬਿਨਾਂ, ਭਲਾਈ ਕਦਮਾਂ ਦੇ ਹਿੱਸੇ ਵਜੋਂ ਰਾਸ਼ਟਰੀ ਸਵਾਸਥ ਬੀਮਾ ਯੋਜਨਾ 2008 ਵਿੱਚ, ਗ਼ੈਰ ਸੰਗਠਿਤ ਖੇਤਰ ਦੇ ਕਾਮਿਆਂ ਦੇ ਵਿੱਤੋਂ ਬਾਹਰੇ ਸਿਹਤ ਖਰਚੇ ਪੂਰੇ ਕਰਨ ਲਈ ਅਰੰਭ ਕੀਤੀ ਗਈ ਸੀ। ਇਸ ਸਕੀਮ ਦੇ ਦਾਇਰੇ ਹੇਠ ਗ਼ੈਰ ਸੰਗਠਿਤ ਖੇਤਰ ਦੇ ਵੱਖ-ਵੱਖ ਵਰਗਾਂ ਦੇ ਕਾਮੇ ਆਉਂਦੇ ਹਨ ਜਿਵੇਂ ਕਿ ਇਮਾਰਤਸਾਜ਼ੀ ਤੇ ਉਸਾਰੀ ਕਾਮੇ, ਰੇਲਵੇ ਵਿੱਚ ਕੰਮ ਕਰਨ ਵਾਲੇ ਘੁਮਿਆਰ, ਗਲੀਆਂ ਵਿੱਚ ਸਮਾਨ ਵੇਚਣ ਵਾਲੇ, ਮਨਰੇਗਾ ਕਾਮੇ, ਘਰੇਲੂ ਕਾਮੇ, ਆਟੋ ਤੇ ਟੈਕਸੀ ਚਾਲਕ, ਰਿਕਸ਼ਾ ਚਲਾਉਣ ਵਾਲੇ, ਕੂੜਾ ਚੁਗਣ ਵਾਲੇ, ਬੀੜੀ ਬਣਾਉਣ ਵਾਲੇ, ਖਾਣਾਂ ਵਿੱਚ ਕੰਮ ਕਰਨ ਵਾਲੇ ਅਤੇ ਸਫਾਈ ਕਰਮਚਾਰੀ। 31 ਮਾਰਚ, 2016 ਤੱਕ ਆਰ ਐੱਸ ਬੀ ਵਾਈ ਸਮਾਰਟ ਕਾਰਡ ਧਾਰਕਾਂ ਦੀ ਸੰਖਿਆ 41.3 ਕਰੋੜ ਸੀ। ਠੇਕੇ ਵਾਲੇ ਮਜ਼ਦੂਰਾਂ (ਨਿਯਮਨ ਤੇ ਖਾਤਮਾ) ਬਾਰੇ 1970 ਦਾ ਐਕਟ ਹੈ ਜੋ ਠੇਕੇ ਉਤੇ ਰੱਖੇ ਜਾਂਦੇ ਕਾਮਿਆਂ ਦੇ ਰੋਜ਼ਗਾਰ ਦਾ ਨਿਯਮਨ ਕਰਦਾ ਹੈ। ਪਰ ਇਹ ਐਕਟ ਉਨ੍ਹਾਂ ਅਦਾਰਿਆਂ ਜਾਂ ਠੇਕੇਦਾਰਾਂ ਉਤੇ ਹੀ ਲਾਗੂ ਹੁੰਦਾ ਹੈ ਜਿਨ੍ਹਾਂ ਨੇ 20 ਤੋਂ ਵੱਧ ਕਾਮਿਆਂ ਨੂੰ ਕੰਮ ਉਤੇ ਰੱਖਿਆ ਹੋਵੇ। ਇਸ ਲਈ ਵੱਡੀ ਗਿਣਤੀ ਠੇਕਾ ਅਧਾਰਤ ਕਾਮੇ ਇਸ ਐਕਟ ਦੇ ਦਾਇਰੇ ਤੋਂ ਬਾਹਰ ਰਹਿ ਜਾਂਦੇ ਹਨ। ਅੰਤਰਰਾਜੀ ਪ੍ਰਵਾਸੀ ਕਾਮਿਆਂ ਦੇ ਰੋਜ਼ਗਾਰ ਦੇ ਨਿਯਮਨ ਅਤੇ ਉਨ੍ਹਾਂ ਦੀਆਂ ਸੇਵਾ ਸ਼ਰਤਾਂ ਵਾਸਤੇ ਅੰਤਰਰਾਜੀ ਪ੍ਰਵਾਸੀ ਕਾਮੇ (ਰੋਜ਼ਗਾਰ ਅਤੇ ਸੇਵਾ ਸ਼ਰਤਾਂ ਦਾ ਨਿਯਮਨ) ਐਕਟ, 1979 ਲਾਗੂ ਕੀਤਾ ਗਿਆ। ਇਸ ਐਕਟ ਵਿੱਚ ਪ੍ਰਵਾਸੀ ਕਾਮਿਆਂ ਲਈ ਉਪਲਬਧ ਭਲਾਈ ਸਕੀਮਾ ਨੂੰ ਸੂਚੀਬਧ ਕੀਤਾ ਗਿਆ ਹੈ, ਜਿਵੇਂ ਕਿ ਸਥਾਨਕ ਕਰਮਚਾਰੀਆਂ ਦੇ ਬਰਾਬਰ ਉਜਰਤਾਂ, ਉਜਰਤਾਂ ਦਾ ਨੁਕਸਾਨ ਕੀਤੇ ਬਿਨਾਂ ਸਮੇਂ-ਸਮੇਂ ਘਰ ਪਰਤਣ ਦਾ ਹੱਕ, ਡਾਕਟਰੀ ਸੰਭਾਲ ਦਾ ਹੱਕ ਅਤੇ ਕੰਮ ਵਾਲੀ ਥਾਂ ਉਤੇ ਰਹਿਣ ਦਾ ਹੱਕ ਆਦਿ। ਪਰ ਹਕੀਕਤ ਵਿੱਚ ਇਨ੍ਹਾਂ ਪ੍ਰਾਵਧਾਨਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਪ੍ਰਵਾਸੀ ਕਾਮੇ ਬਹੁਤ ਮਾੜੇ ਹਾਲਤਾਂ ਵਿੱਚ ਰਹਿ ਕੇ ਕੰਮ ਕਰਦੇ ਹਨ। ਇਸ ਤੋਂ ਬਿਨਾਂ ਕਈ ਭਲਾਈ ਕਾਨੂੰਨ ਵੀ ਮੌਜੂਦ ਹਨ ਜੋ ਸਿਨਮਾ, ਖਾਣਾਂ, ਬੀੜੀ ਅਤੇ ਸਿਗਾਰ, ਸਿਰ ਉਤੇ ਮੈਲ੍ਹਾ ਆਦਿ ਢੋਣ ਵਾਲੇ ਕਾਮਿਆਂ ਦੇ ਕਿੱਤਾ-ਮੁਖੀ ਵਰਗਾਂ ਲਈ ਬਣਾਏ ਗਏ ਹਨ। ਪਰ ਗ਼ੈਰ ਸੰਗਠਿਤ ਕਾਮਿਆਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ ਕਿਉਂਕਿ ਕਾਮੇ ਇਨ੍ਹਾਂ ਪ੍ਰਾਵਧਾਨਾਂ ਬਾਰੇ ਜਾਗਰੂਕ ਨਹੀਂ ਹਨ। ਗ਼ੈਰ ਹੁਨਰਮੰਦ ਕਾਮਿਆਂ ਦੀ ਲੋੜੋਂ ਵੱਧ ਪੂਰਤੀ ਕਰਕੇ ਉਨ੍ਹਾਂ ਦੀ ਸੌਦੇਬਾਜ਼ੀ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ।

ਵੱਖ-ਵੱਖ ਸਕੀਮਾਂ ਦੀ ਸ਼ੁਰੂਆਤ ਕੀਤੀ ਗਈ ਹੈ ਜਿਨ੍ਹਾਂ ਦਾ ਉਦੇਸ਼ ਗ਼ੈਰ ਸੰਗਠਿਤ ਕਾਮਿਆਂ ਲਈ ਸਮਾਜਕ ਸੁਰੱਖਿਆ ਨੂੰ ਸਮਰੂਪ ਕਰਨਾ ਹੈ, ਜਿਵੇਂ ਅਟੱਲ ਪੈਨਸ਼ਨ ਯੋਜਨਾ, ਜੋ 18-40 ਸਾਲ ਦੇ ਉਮਰ ਵਰਗ ਕਾਮਿਆਂ ਨੂੰ ਉਨ੍ਹਾਂ ਦੇ ਧੰਦੇ ਦੇ ਅਧਾਰ ਉਤੇ, 60 ਸਾਲ ਦੀ ਉਮਰ ਹੋਣ 'ਤੇ ਪ੍ਰਤਿ ਮਹੀਨਾ ਘੱਟੋ-ਘੱਟ 1000 ਰੁਪਏ ਪੈਨਸ਼ਨ ਦੀ ਜ਼ਾਮਨੀ ਦਿੰਦੀ ਹੈ। ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ 12 ਰੁਪਏ ਸਾਲਾਨਾ ਪ੍ਰੀਮੀਅਮ ਅਦਾ ਕਰਨ ਉਤੇ 2 ਲੱਖ ਰੁਪਏ ਤੱਕ ਦਾ ਦੁਰਘਟਨਾ ਅਤੇ ਅਪੰਗਤਾ ਬੀਮਾ ਪ੍ਰਦਾਨ ਕਰਦੀ ਹੈ। ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ 330 ਰੁਪਏ ਸਾਲਾਨਾ ਪ੍ਰੀਮੀਅਮ ਦੇ ਕੇ 2 ਲੱਖ ਰੁਪਏ ਤੱਕ ਦਾ ਜੀਵਨ ਬੀਮਾ ਪ੍ਰਦਾਨ ਕਰਦੀ ਹੈ। ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਤਹਿਤ ਫ਼ਸਲ ਬੀਜਣ ਤੋਂ ਪਹਿਲਾਂ ਅਤੇ ਕਟਾਈ ਤੋਂ ਬਾਅਦ ਤੱਕ ਕੁਦਰਤੀ ਆਫ਼ਤਾਂ ਕਾਰਨ ਹੋਣ ਵਾਲੇ ਨੁਕਸਾਨ ਲਈ ਕਿਸਾਨਾਂ ਨੂੰ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

ਪ੍ਰਧਾਨ ਮੰਤਰੀ ਰੋਜ਼ਗਾਰ ਪ੍ਰੋਤਸਾਹਨ ਯੋਜਨਾ ਤਹਿਤ ਸਰਕਾਰ ਵਲੋਂ ਕਰਮਚਾਰੀ ਭਵਿੱਖ ਨਿਧੀ ਵਿੱਚ 8.33 ਪ੍ਰਤਿਸ਼ਤ ਯੋਗਦਾਨ ਪਾਇਆ ਜਾਂਦਾ ਹੈ। ਕੱਪੜਾ ਖੇਤਰ ਦੇ ਮਾਮਲੇ ਵਿੱਚ ਅਪ੍ਰੈਲ, 2016 ਤੋਂ ਬਾਅਦ ਖੋਲ੍ਹੇ ਗਏ ਸਾਰੇ ਨਵੇਂ ਖਾਤਿਆਂ ਲਈ ਮਾਲਕਾਂ ਵਲੋਂ ਪਾਇਆ ਜਾਣ ਵਾਲਾ ਸਾਰਾ 12 ਪ੍ਰਤਿਸ਼ਤ ਯੋਗਦਾਨ ਸਰਕਾਰ ਵਲੋਂ ਅਦਾ ਕੀਤਾ ਜਾਵੇਗਾ। ਇਹ ਛੋਟੀਆਂ ਇਕਾਈਆਂ ਦੀ ਹੌਸਲਾ ਅਫਜ਼ਾਈ ਲਈ ਕੀਤਾ


ਜਾਂਦਾ ਹੈ ਤਾਂ ਕਿ ਉਹ ਹੋਰ ਜ਼ਿਆਦਾ ਕਾਮਿਆਂ ਨੂੰ ਨੌਕਰੀ ਦੇ ਕੇ ਉਨ੍ਹਾਂ ਨੂੰ ਸਮਾਜਕ ਸੁਰੱਖਿਆ ਦੇ ਲਾਭ ਪ੍ਰਦਾਨ ਕਰ ਸਕਣ। ਰਾਸ਼ਟਰੀ ਸਿਖਿਆਰਥੀ ਪ੍ਰੋਤਸਾਹਨ ਸਕੀਮ ਅਧੀਨ ਨਵੇਂ ਸਿਖਿਆਰਥੀਆਂ ਨੂੰ ਰੱਖਣ ਵਾਸਤੇ ਮਾਲਕਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਸਕੀਮ ਸ਼ੁਰੂ ਕੀਤੀ ਗਈ ਜਿਸ ਅਧੀਨ ਸਰਕਾਰ ਵਲੋਂ ਸਾਰੇ ਸਿਖਿਆਰਥੀਆਂ ਲਈ ਨਿਰਧਾਰਤ ਵਜ਼ੀਫ਼ੇ ਦਾ 25 ਪ੍ਰਤਿਸ਼ਤ ਮਾਲਕਾਂ ਨੂੰ ਭੁਗਤਾਨ ਕੀਤਾ ਜਾਂਦਾ ਹੈ। ਇਸ ਦੀ ਸੀਮਾ 1500 ਰੁਪਏ ਪ੍ਰਤਿ ਮਹੀਨਾ ਹੈ। ਨਵੇਂ ਸਿਖਿਆਰਥੀਆਂ (ਜੋ ਬਿਨਾਂ ਕਿਸੇ ਰਸਮੀ ਸਿਖਲਾਈ ਦੇ ਸਿਖਣ ਲਈ ਆਉਂਦੇ ਹਨ) ਦੀ ਮੁਢਲੀ ਸਿਖਲਾਈ ਦਾ ਖਰਚ ਵੀ ਸਰਕਾਰ ਵਲੋਂ ਚੁੱਕਿਆ ਜਾਂਦਾ ਹੈ, ਜਿਸ ਦੀ ਸੀਮਾ 7500 ਰੁਪਏ ਪ੍ਰਤਿ ਸਿਖਿਆਰਥੀ ਹੈ ਜੋ ਵੱਧ ਤੋਂ ਵੱਧ 500 ਘੰਟੇ/3 ਮਹੀਨਿਆਂ ਲਈ ਪ੍ਰਦਾਨ ਕੀਤਾ ਜਾਂਦਾ ਹੈ।

**ਸਕਿੱਲ ਇੰਡੀਆ ਮਿਸ਼ਨ ਤਹਿਤ, 20 ਤੋਂ ਵੱਧ ਕੇਂਦਰੀ ਮੰਤਰਾਲਿਆਂ ਵਲੋਂ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਅਤੇ ਹੁਨਰ ਵਿਕਾਸ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ ਜਿਸ ਵਿੱਚ ਕਿਰਤ ਸ਼ਕਤੀ ਵਿੱਚ ਨਵੇਂ ਦਾਖਲ ਹੋਣ ਵਾਲੇ ਵਿਅਕਤੀਆਂ ਨੂੰ ਹੁਨਰ ਸਿਖਾਇਆ ਜਾਂਦਾ ਹੈ ਤਾਂ ਕਿ ਉਨ੍ਹਾਂ ਨੂੰ ਚੰਗੇ ਪੈਸੇ ਵਾਲੀਆਂ ਨੌਕਰੀਆਂ ਮਿਲ ਸਕਣ।**

ਵਪਾਰ ਕਰਨ ਦੀ ਸੌਖ ਵਾਲੀ ਪਹਿਲਕਦਮੀ ਤਹਿਤ ਪੰਜੀਕਰਨ, ਕਿਰਤ ਕਾਨੂੰਨਾਂ ਦੀ ਪਾਲਣਾ, ਨਿਰੀਖਣ ਆਦਿ ਦੀਆਂ ਪ੍ਰਕਿਰਿਆਵਾਂ ਸਰਲ ਕਰ ਦਿੱਤੀਆਂ ਗਈਆਂ ਹਨ ਤਾਂ ਕਿ ਹੋਰ ਜ਼ਿਆਦਾ ਉੱਦਮੀਆਂ ਨੂੰ ਇਕਾਈਆਂ ਸਥਾਪਤ ਕਰਨ ਅਤੇ ਗੁਣਵੱਤਾ ਵਾਲੀਆਂ ਨੌਕਰੀਆਂ ਪ੍ਰਦਾਨ ਕਰਨ ਲਈ ਪ੍ਰੋਤਸਾਹਨ ਦਿੱਤਾ ਜਾ ਸਕੇ, ਮੋਹਰੀ ਸਕੀਮਾਂ, ਜਿਵੇਂ ਕਿ 'ਮੇਕ ਇਨ ਇੰਡੀਆ', 'ਡਿਜੀਟਲ ਇੰਡੀਆ, ਸਵੱਛ ਭਾਰਤ ਅਭਿਆਨ ਅਜਿਹੀਆਂ ਪਹਿਲਕਦਮੀਆਂ ਹਨ ਜੋ ਰੋਜ਼ਗਾਰ ਨਿਰਮਾਣ ਦੇ ਨਵੇਂ ਮੌਕੇ ਪ੍ਰਦਾਨ ਕਰਨਗੀਆਂ। ਇਸ ਤੋਂ ਬਿਨਾਂ ਸਟਾਰਟ ਅੱਪ ਇੰਡੀਆ, ਸਟੈਂਡ ਅੱਪ ਇੰਡੀਆ, ਮੁਦਰਾ, ਏ ਐੱਸ ਪੀ ਆਈ ਆਰ ਈ, ਅਟੱਲ ਖੋਜ ਮਿਸ਼ਨ, ਪ੍ਰਧਾਨ ਮੰਤਰੀ ਯੁਵਾ ਯੋਜਨਾ ਆਦਿ ਉੱਦਮਤਾ ਨੂੰ ਪ੍ਰੋਤਸਾਹਨ ਦੇਣ ਲਈ ਯਤਨ ਵੀ ਕੀਤੇ ਜਾ ਰਹੇ ਹਨ ਕਿਉਂਕਿ ਬਦਲੇ ਵਿੱਚ ਉੱਦਮੀ ਹੋਰ ਨੌਕਰੀਆਂ ਪੈਦਾ ਕਰੇਗਾ। ਕੁੱਲ ਮਿਲਾ ਕੇ, ਭਾਵੇਂ ਕਿ ਕਾਨੂੰਨੀ ਅਤੇ ਸਕੀਮ ਰੂਪੀ ਪਹਿਲਕਦਮੀਆਂ ਹੋਰ ਜ਼ਿਆਦਾ ਗ਼ੈਰ ਸੰਗਠਿਤ ਕਾਮਿਆਂ ਨੂੰ ਸਮਾਜਕ ਸੁਰੱਖਿਆ ਪ੍ਰਦਾਨ ਕਰਨਗੀਆਂ, ਪਰ ਇਹ ਯਕੀਨੀ ਬਣਾਉਣ ਲਈ ਯਤਨ ਕਰਨ ਦੀ ਲੋੜ ਹੈ ਕਿ ਚੰਗੀ ਕਿਸਮ ਦੀਆਂ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣ।

*(ਲੇਖਕ ਨੀਤੀ ਆਯੋਗ ਦੇ ਹੁਨਰ ਵਿਕਾਸ ਅਤੇ ਰੋਜ਼ਗਾਰ ਯੂਨਿਟ ਵਿੱਚ ਡਾਇਰੈਕਟਰ ਹਨ)*

*e-mail :srija.a@nic.in*



# ਔਰਤਾਂ ਦਾ ਰੋਜ਼ਗਾਰ : ਆਸ ਦੇ ਬਰਖਿਲਾਫ ਆਸ

ਨੀਤਾ ਐੱਨ

ਭਾਰਤ ਵਿੱਚ ਔਰਤਾਂ ਦੀ ਕਾਮਾ-ਸ਼ਕਤੀ ਵਿੱਚ ਭਾਗੀਦਾਰੀ ਸਭ ਤੋਂ ਘੱਟ ਹੈ, ਜੋ ਉੱਪ-ਸਹਾਰਾ ਅਫਰੀਕੀ ਦੇਸ਼ਾਂ ਅਤੇ ਮੱਧ ਪੂਰਬ ਨਾਲੋਂ ਵੀ ਘੱਟ ਹੈ। ਇਹ ਪੁਰਸ਼ਾਂ ਦੀ ਭਾਗੀਦਾਰੀ ਨਾਲੋਂ ਵੀ ਕਿਤੇ ਘੱਟ ਹੈ (ਆਈ ਐੱਲ ਓ, 2016)। ਸਿਰਫ ਕੁੱਝ ਕੁ ਦੇਸ਼ਾਂ ਦੀ ਕਾਰਗੁਜ਼ਾਰੀ ਭਾਰਤ ਤੋਂ ਮਾੜੀ ਹੈ ਜਿਨ੍ਹਾਂ ਵਿੱਚ ਇਰਾਨ, ਪਾਕਿਸਤਾਨ ਅਤੇ ਸਊਦੀ ਅਰਬ ਸ਼ਾਮਲ ਹਨ – ਔਰਤਾਂ ਦੀ ਕਾਮਾ-ਸ਼ਕਤੀ ਵਿੱਚ ਭਾਗੀਦਾਰੀ ਦੇ ਮਾਮਲੇ ਵਿੱਚ ਇਹ ਭਾਰਤ ਤੋਂ ਵੀ ਬਹੁਤ ਪਿੱਛੇ ਹਨ। 2013 ਵਿੱਚ ਦੱਖਣੀ ਏਸ਼ੀਆ ਵਿੱਚ ਭਾਗੀਦਾਰੀ ਦਰ 30.5 ਪ੍ਰਤਿਸ਼ਤ ਸੀ। ਭਾਵੇਂ ਕਿ ਜ਼ਿਆਦਾਤਰ ਖਿੱਤਿਆਂ ਅਤੇ ਦੇਸ਼ਾਂ ਅੰਦਰ ਭਾਗੀਦਾਰੀ ਦਰ ਵਿੱਚ ਸੁਧਾਰ ਵੇਖਣ ਨੂੰ ਮਿਲਿਆ ਹੈ, ਪਰ ਦੱਖਣੀ ਏਸ਼ੀਆ ਅੰਦਰ ਇਸ ਵਿੱਚ ਗਿਰਾਵਟ ਆਈ ਹੈ, ਖ਼ਾਸ ਕਰਕੇ ਭਾਰਤ ਅੰਦਰ ਤਿੱਖੀ ਗਿਰਾਵਟ ਦਰਜ ਕੀਤੀ ਗਈ। ਭਾਵੇਂ ਕਿ ਉੱਚ ਆਰਥਿਕ ਵਿਕਾਸ ਦੇ ਦੌਰ ਵਿੱਚ ਔਰਤਾਂ ਦੀ ਸਾਖਰਤਾ ਦਰ ਅਤੇ ਸਿੱਖਿਆ ਸੰਸਥਾਨਾਂ ਵਿੱਚ ਦਾਖ਼ਲੇ ਦੀਆਂ ਦਰਾਂ ਵਿੱਚ ਹਾਂ-ਪੱਖੀ ਸੁਧਾਰ ਆਇਆ ਹੈ, ਪਰ ਔਰਤਾਂ ਦਾ ਰੋਜ਼ਗਾਰ ਹਾਲੇ ਵੀ ਚੁਨੌਤੀ ਬਣਿਆ ਹੋਇਆ ਹੈ। ਇਹ ਅਜਿਹੇ ਸਮੇਂ ਵਿੱਚ ਖ਼ਾਸ ਕਰਕੇ ਦੁਵਿਧਾਜਨਕ ਜਾਪ ਰਿਹਾ ਹੈ ਜਦੋਂ ਵੱਡੇ ਪੱਧਰ ਉਤੇ ਪੇਂਡੂ ਰੋਜ਼ਗਾਰ ਪ੍ਰੋਗਰਾਮ, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਸਕੀਮ (ਮਗਨਰੇਗਾ) ਦੀ ਸ਼ੁਰੂਆਤ ਕੀਤੀ ਗਈ। 2004-05 ਦੇ 28.2 ਪ੍ਰਤਿਸ਼ਤ ਦੇ ਮੁਕਾਬਲੇ 2011-12 ਵਿੱਚ 21.7 ਪ੍ਰਤਿਸ਼ਤ ਨਾਲ ਔਰਤਾਂ ਦੀ ਕਾਮਾ-ਸ਼ਕਤੀ ਵਿੱਚ ਭਾਗੀਦਾਰੀ ਅੰਦਰ ਵੱਡੀ ਗਰਾਵਟ ਦਰਜ ਕੀਤੀ ਗਈ ਹੈ ਜੋ ਚੱਲ ਰਹੇ ਸੰਕਟ ਨੂੰ ਦਰਸਾਉਂਦੀ ਹੈ। ਇਸ ਗਿਰਾਵਟ ਕਾਰਨ ਔਰਤਾਂ ਦੀ ਭਾਗੀਦਾਰੀ ਦੇ ਮਾਮਲੇ ਵਿੱਚ ਭਾਰਤ ਦੀ ਦਰਜਾਬੰਦੀ 83 ਦੇਸ਼ਾਂ ਵਿੱਚੋਂ 2010 ਵਿੱਚ 68ਵੀਂ ਸੀ ਜੋ 2012 ਵਿੱਚ ਵਧ ਕੇ 87ਵੀਂ ਹੋ ਗਈ।

## ਔਰਤਾਂ ਦੇ ਰੋਜ਼ਗਾਰ ਦੇ ਰੁਝਾਨ ਅਤੇ ਪੱਧਤੀਆਂ

ਅੰਕੜਾ ਪ੍ਰਣਾਲੀ ਵਿੱਚ ਸ਼ੁਰੂ ਤੋਂ ਹੀ ਮੁੱਦੇ ਅਤੇ ਸਮੱਸਿਆਵਾਂ ਮੌਜੂਦ ਹਨ, ਜਿਸ ਦਾ ਮਤਲਬ ਹੈ ਕਿ ਔਰਤਾਂ ਦੇ ਕੰਮ ਬਾਰੇ ਅੰਕੜੇ ਬਹੁਤੇ ਵਧੀਆ ਨਹੀਂ ਹਨ। ਪਰ, ਮੌਜੂਦਾ ਸਮੂਹ ਵਿਆਪਕ ਰੁਝਾਨ ਅਤੇ ਪੱਧਤੀਆਂ ਸੰਬੰਧੀ ਮੋਟੀ-ਮੋਟੀ ਤਸਵੀਰ ਜ਼ਰੂਰ ਪੇਸ਼ ਕਰਦੇ ਹਨ। 1999-2000 ਅਤੇ 2004-05 ਦੇ ਸਮੇਂ ਦੌਰਾਨ ਔਰਤਾਂ ਦੇ ਰੋਜ਼ਗਾਰ ਦੇ ਮਾਮਲੇ ਵਿੱਚ ਥੋੜ੍ਹਾ ਸੁਧਾਰ ਵੇਖਣ ਨੂੰ ਮਿਲਦਾ ਹੈ, ਜਦੋਂ ਔਰਤਾਂ ਦੀ ਭਾਗੀਦਾਰੀ ਦਰ ਲਗਭਗ 3 ਪ੍ਰਤਿਸ਼ਤ ਵਧ ਗਈ, 2004-05 ਹੀ ਸਿਰਫ ਇਕ ਅਪਵਾਦ ਰਿਹਾ। ਉਦੋਂ ਤੋਂ ਲੈ ਕੇ ਰੁਝਾਨ ਹੋਰ ਗਿਰਾਵਟ ਦਿਖਾਉਂਦੇ ਹਨ ਜੋ ਔਰਤਾਂ ਦੀ ਭਾਗੀਦਾਰੀ ਦੇ ਦਾਅਵਿਆਂ ਦੀ ਪੋਲ ਖੋਲ੍ਹਦੇ ਹਨ। ਨਾ ਕੇਵਲ ਔਰਤਾਂ ਦੀ ਕੰਮ ਵਿੱਚ ਭਾਗੀਦਾਰੀ ਦੀ ਦਰ (ਡਬਲਯੂ ਪੀ ਆਰ) ਹੀ ਘੱਟ ਹੈ, ਦਿਹਾਤੀ ਔਰਤਾਂ ਲਈ ਇਹ ਗਿਰਾਵਟ ਨਾਟਕੀ ਹੈ, ਜਦ ਕਿ ਸ਼ਹਿਰੀ ਔਰਤਾਂ ਲਈ ਇਹ ਇਕ ਥਾਂ ਆ ਕੇ ਅਟਕ ਗਈ ਹੈ।

ਸਾਹਿਤਕ ਤੌਰ ਤੇ, ਆਰਥਿਕਤਾ ਵਿੱਚ ਉੱਚ ਵਾਸਤਵ ਉਜਰਤਾਂ ਦਾ ਹਾਂ-ਪੱਖੀ ਆਮਦਨ ਪ੍ਰਭਾਵ ਅਤੇ ਸਿੱਖਿਆ ਪ੍ਰੋਗਰਾਮਾਂ ਦੇ ਹਾਂ-ਪੱਖੀ ਨਤੀਜੇ ਮੁੱਖ ਕਾਰਨ ਹਨ ਜੋ ਔਰਤਾਂ ਦੇ ਰੋਜ਼ਗਾਰ ਵਿੱਚ ਗਿਰਾਵਟ ਲਈ ਜ਼ਿੰਮੇਵਾਰ ਸਮਝੇ ਜਾਂਦੇ ਹਨ। ਪਰ, ਨਾ ਹੀ ਔਰਤਾਂ ਦੀ ਸਿੱਖਿਆ ਵਿੱਚ ਵਧਦੀ ਭਾਗੀਦਾਰੀ ਅਤੇ ਨਾ ਹੀ ਪਰਿਵਾਰਾਂ ਦੀ ਅਸਲ ਆਮਦਨ ਵਿੱਚ ਵਾਧਾ ਇਸ ਵਿਆਪਕ ਗਿਰਾਵਟ ਦੀ ਵਿਆਖਿਆ ਕਰ ਸਕਦਾ ਹੈ (ਕੈਪਸਾਸ, 2014)। ਔਰਤਾਂ ਦੀ ਵੱਡੀ ਗਿਣਤੀ ਪਰਿਵਾਰਾਂ ਦੇ ਕੰਮ-ਕਾਜ ਕਰਨ ਲਈ ਕਾਮਾ-ਸ਼ਕਤੀ ਨੂੰ ਅਲਵਿਦਾ ਆਖ ਰਹੀ ਹੈ ਜਿਸ ਦਾ ਮਤਲਬ ਹੈ ਔਰਤਾਂ ਦੀਆਂ ਸਾਂਭ-ਸੰਭਾਲ ਜ਼ਿੰਮੇਵਾਰੀਆਂ ਵਿੱਚ ਵਾਧਾ। ਬਹੁਤ ਸਾਰੀਆਂ ਸੁਆਣੀਆਂ, ਜਿਨ੍ਹਾਂ ਨੂੰ ਉਪਰੋਕਤ ਸੰਖਿਆ ਦਾ ਹਿਸਾਬ ਲਾਉਣ ਸਮੇਂ ਕਾਮਿਆਂ ਵਜੋਂ ਗਿਣਿਆ ਜਾਂਦਾ ਹੈ, ਉਹ ਪੂਰੇ ਸਮੇਂ ਲਈ ਕੰਮ ਨਹੀਂ ਕਰਦੀਆਂ। ਰੋਜ਼ਗਾਰ ਦੇ ਮੌਕਿਆਂ ਦੀ ਕਮੀ ਤੋਂ ਇਲਾਵਾ ਬਹੁਤ ਸਾਰੀਆਂ

ਤਾਲਿਕਾ-1 : ਕੰਮ ਵਿੱਚ ਭਾਗੀਦਾਰੀ ਦਰਾਂ ਦੇ ਰੁਝਾਨ – ਮਰਦ ਅਤੇ ਔਰਤਾਂ ਯੂ ਪੀ ਐੱਸ ਐੱਸ

| ਦੌਰ | ਕੁੱਲ | | ਦਿਹਾਤੀ | | ਸ਼ਹਿਰੀ | |
|---|---|---|---|---|---|---|
| | ਮਰਦ | ਔਰਤਾਂ | ਮਰਦ | ਔਰਤਾਂ | ਮਰਦ | ਔਰਤਾਂ |
| 1993-94 | 54.4 | 28.3 | 55.3 | 32.8 | 52.1 | 15.5 |
| 1999-2000 | 52.7 | 25.4 | 53.1 | 29.9 | 51.8 | 13.9 |
| 2004-05 | 54.7 | 28.2 | 54.6 | 32.7 | 54.9 | 16.6 |
| 2007-08 | 55.0 | 24.6 | 54.8 | 28.9 | 55.4 | 13.8 |
| 2009-10 | 54.6 | 22.5 | 54.7 | 26.1 | 54.3 | 13.8 |
| 2011-12 | 54.4 | 21.7 | 54.3 | 24.8 | 54.6 | 14.7 |

*ਸਰੋਤ : ਨੈਸ਼ਨਲ ਸੈਂਪਲ ਸਰਵੇ ਦੇ ਵੱਖ-ਵੱਖ ਗੇੜਾਂ ਦੇ ਅੰਕੜੇ*

ਔਰਤਾਂ ਪੂਰੇ ਸਮੇਂ ਦੇ ਰੋਜ਼ਗਾਰ ਵਿੱਚ ਭਾਗ ਨਹੀਂ ਲੈ ਸਕਦੀਆਂ, ਕਿਉਂਕਿ ਔਰਤਾਂ ਤੋਂ ਪਰਿਵਾਰਾਂ ਦੇ ਘਰੇਲੂ ਕੰਮ ਕਰਨ ਦੀਆਂ ਵੱਡੀਆਂ ਸਮਾਜਕ ਜ਼ਿੰਮੇਵਾਰੀਆਂ ਦੀਆਂ ਉਮੀਦਾਂ ਲਾਈਆਂ ਜਾਂਦੀਆਂ ਹਨ। ਅਜਿਹੀਆਂ ਸਹਾਇਕ ਔਰਤਾਂ ਦੀ ਗਿਣਤੀ ਕੁੱਲ ਔਰਤ ਕਾਮਿਆਂ ਦਾ, 2011-12 ਵਿੱਚ ਵੀ 22 ਪ੍ਰਤਿਸ਼ਤ ਸੀ। ਭਾਵੇਂ ਕਿ ਗਿਰਾਵਟ ਸਹਾਇਕ ਅਤੇ ਮੁੱਖ ਕਾਮਿਆਂ, ਦੋਵਾਂ ਵਿੱਚ ਹੀ ਵੇਖਣ ਨੂੰ ਮਿਲੀ, ਇਹ ਖ਼ਾਸ ਕਰਕੇ ਪ੍ਰਮੁੱਖ ਰੁਤਬੇ ਜਾਂ ਪੂਰੇ ਸਮੇਂ ਦੇ ਰੋਜ਼ਗਾਰ ਵਿੱਚ ਵਾਪਰੀ। ਸਮਾਜਕ ਸਮੂਹਾਂ ਦੀ ਪੜਚੋਲ ਦਿਖਾਉਂਦੀ ਹੈ ਕਿ ਹਾਸ਼ੀਏ ਉਤੇ ਗਏ ਸਮੂਹਾਂ ਦੀਆਂ ਔਰਤਾਂ, ਜਿਥੇ ਔਰਤਾਂ ਦੀ ਭਾਗੀਦਾਰੀ ਜ਼ਿਆਦਾ ਰਹੀ ਹੈ, ਤੇ ਸਭ ਤੋਂ ਵੱਧ ਮਾਰ ਪਈ ਹੈ (ਨੀਥਾ, 2014)।

ਵਿਆਪਕ ਖੇਤਰਵਾਰ ਤਸਵੀਰ ਵੱਲ ਵੇਖੀਏ ਤਾਂ 2011-12 ਵਿੱਚ ਜਿਥੇ ਖੇਤੀਬਾੜੀ ਵਿੱਚ 62.3 ਪ੍ਰਤਿਸ਼ਤ ਸੁਆਣੀਆਂ ਕੰਮ ਕਰ ਰਹੀਆਂ ਸਨ, ਉਥੇ ਉੱਪ-ਖੇਤਰ ਵਿੱਚ ਸਿਰਫ 20 ਪ੍ਰਤਿਸ਼ਤ ਅਤੇ ਸੇਵਾ ਖੇਤਰ ਵਿੱਚ ਸਿਰਫ 18 ਪ੍ਰਤਿਸ਼ਤ ਔਰਤਾਂ ਹੀ ਕੰਮ ਕਰ ਰਹੀਆਂ ਸਨ। ਦੂਜੇ ਪੱਧਰ ਦੇ ਖੇਤਰ ਦੇ ਉਸਾਰੀ ਖੇਤਰ ਵਿੱਚ ਔਰਤਾਂ ਦਾ ਅਨੁਪਾਤ ਸਮੇਂ ਨਾਲ ਵਧਿਆ ਹੈ, ਜਿਥੇ ਰੋਜ਼ਗਾਰ ਦੀ ਕਿਸਮ ਇਕ ਮੁੱਦਾ ਹੈ। ਖੇਤੀ ਸੰਕਟ ਤੋਂ ਪ੍ਰਭਾਵਿਤ ਬਹੁਤ ਸਾਰੇ ਵਿਅਕਤੀ ਉਸਾਰੀ ਅਤੇ ਸੰਬੰਧਿਤ ਸਰਗਰਮੀਆਂ ਵੱਲ ਧਾਈ ਕਰ ਰਹੇ ਹਨ। ਇਹ ਇਕ ਅਜਿਹਾ ਖੇਤਰ ਹੈ ਜਿਥੇ ਉਦਾਰਵਾਦ ਦੇ ਯੁਗ ਪਿੱਛੋਂ ਜ਼ਮੀਨ ਜਾਇਦਾਦ ਦੇ ਕਾਰੋਬਾਰ ਵਿੱਚ ਵੱਡਾ ਉਛਾਲ ਵੇਖਣ ਨੂੰ ਮਿਲਿਆ ਹੈ। ਪਰਿਵਾਰਾਂ ਵਲੋਂ ਸੰਕਟ ਸਮੇਂ ਦੂਜੇ ਦਿਹਾਤੀ ਤੇ ਸ਼ਹਿਰੀ ਖੇਤਰਾਂ ਵੱਲ ਪਰਵਾਸ ਦਾ ਦਸਤਾਵੇਜ਼ੀ-ਕਰਨ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਕੁੱਝ ਨਿਯਮਤ ਕੰਮ ਹੈ - ਜਿਵੇਂ ਕਿ ਇਕ ਇੱਟਾਂ ਦੇ ਭੱਠੇ ਵਿੱਚ ਕੰਮ ਕਰਨ ਦੇ ਹਾਲਾਤ ਬਹੁਤ ਜ਼ਿਆਦਾ ਸ਼ੋਸ਼ਣ ਵਾਲੇ ਹਨ, ਜਿਥੇ ਕਮਿਆਂ ਨੂੰ ਵੱਖ-ਵੱਖ ਪੱਧਰ ਦੇ ਠੇਕੇਦਾਰਾਂ ਵਲੋਂ ਕਰਜ਼ੇ ਦੇ ਮੱਕੜ ਜਾਲ ਵਿੱਚ ਜਕੜ ਲਿਆ ਜਾਂਦਾ ਹੈ, ਜਿਹੜੇ ਉਨ੍ਹਾਂ ਦੀ ਜ਼ਿੰਦਗੀ ਅਤੇ ਕੰਮ ਉਤੇ ਨਿਯੰਤ੍ਰਣ ਕਰਦੇ ਹਨ। ਇਸ ਖੇਤਰ ਦਾ ਇਕ ਵਿਸ਼ੇਸ਼ ਲੱਛਣ ਇਹ ਹੈ ਕਿ ਵਿਅਕਤੀਗਤ ਉਜਰਤਾਂ ਦੀ ਬਜਾਇ, ਕੰਮ ਇਕ ਜੋੜੀ ਵਜੋਂ ਹਾਸਲ ਕੀਤਾ ਜਾਂਦਾ ਹੈ।

ਔਰਤਾਂ ਦੇ ਰੋਜ਼ਗਾਰ ਦੀ ਕਿਸਮ ਅਤੇ ਗੁਣਵੱਤਾ - ਔਰਤਾਂ ਨੂੰ ਕਿਸ ਪ੍ਰਕਾਰ ਦਾ ਰੋਜ਼ਗਾਰ ਹਾਸਲ ਹੈ? ਪਿੰਡਾਂ ਦੀਆਂ ਅਵੇਤਨਕ ਔਰਤਾਂ/ਸਹਾਇਕ ਸਭ ਤੋਂ ਵੱਡਾ ਸਮੂਹ ਹਨ (41 ਪ੍ਰਤਿਸ਼ਤ) ਅਤੇ ਫਿਰ ਕੱਚੇ ਮਜ਼ਦੂਰ (35 ਪ੍ਰਤਿਸ਼ਤ)। ਖੇਤੀਬਾੜੀ ਅਤੇ ਕਾਰੀਗਰੀ ਵਾਲੇ ਕੰਮ ਸੰਕਟ ਵਿੱਚ ਹਨ ਅਤੇ ਪੁਰਸ਼ ਦੂਸਰੇ ਵੇਤਨ ਵਾਲੇ ਕੰਮਾਂ ਦੀ ਭਾਲ ਵਿੱਚ ਬਾਹਰ ਜਾ ਰਹੇ ਹਨ। ਪਿੱਛੇ ਬੋਝ ਚੁੱਕਣ ਲਈ ਔਰਤਾਂ ਰਹਿ ਜਾਂਦੀਆਂ ਹਨ ਜਿਨ੍ਹਾਂ ਨੂੰ ਵੇਤਨਕ ਸਵੈ-ਰੋਜ਼ਗਾਰ ਜਾਂ ਆਪਣਾ ਕੰਮ ਕਰਨ ਵਾਲੀਆਂ ਔਰਤਾਂ ਵਜੋਂ ਗਿਣਿਆ ਜਾਂਦਾ ਹੈ। ਸਮੇਂ ਦੇ ਨਾਲ ਕੱਚੇ ਕਾਮਿਆਂ ਦੀ ਗਿਣਤੀ ਵਿੱਚ ਲਗਭਗ 4 ਪ੍ਰਤਿਸ਼ਤ ਦੀ ਗਿਰਾਵਟ ਆਈ ਹੈ। ਨਿਯਮਤ ਕਾਮੇ ਇਕ ਬਹੁਤ ਛੋਟਾ ਜਿਹਾ ਹਿੱਸਾ ਹਨ (6 ਪ੍ਰਤਿਸ਼ਤ), ਭਾਵੇਂ ਵਾਧਾ ਹੋਇਆ ਵੀ ਹੋਵੇ।

ਸ਼ਹਿਰੀ ਔਰਤ ਕਾਮਿਆਂ ਦੀ ਗੱਲ ਕਰੀਏ ਤਾਂ ਸਮੂਹਿਕ ਪੱਧਰ ਉਤੇ ਸਥਿਤੀ ਸੁਧਰ ਰਹੀ ਜਾਪਦੀ ਹੈ ਕਿਉਂਕਿ 20 ਸਾਲਾਂ ਵਿੱਚ ਅਸੀਂ 10 ਪ੍ਰਤਿਸ਼ਤ ਦੇ ਹਿਸਾਬ ਨਾਲ ਨਿਯਮਤ ਕਾਮਿਆਂ ਦੀ ਗਿਣਤੀ ਵਿੱਚ ਵਾਧੇ ਦਾ ਰੁਝਾਨ ਵੇਖਿਆ ਹੈ। ਪਰ ਸ਼ਹਿਰੀ ਖੇਤਰਾਂ ਵਿੱਚ ਔਰਤਾਂ ਦੀ ਕੰਮ ਵਿੱਚ ਭਾਗੀਦਾਰੀ ਬਹੁਤ ਘੱਟ ਹੈ - 2011-12 ਵਿੱਚ ਸਿਰਫ 15 ਪ੍ਰਤਿਸ਼ਤ। ਇਹ ਅਤੇ ਨਿਯਮਤ ਕੰਮ ਦੀ ਵਿਆਖਿਆ ਕਿਵੇਂ ਕੀਤੀ ਜਾਂਦੀ ਹੈ, ਰਲ ਕੇ ਸਮੂਹਿਕ ਰੁਝਾਨ ਨੂੰ ਹਰਾ ਦਿੰਦੇ ਹਨ। ਇਹ ਰਸਮੀ, ਨਿਯਮਕ ਕੰਮ ਨਹੀਂ ਹੈ ਜਿਥੇ ਘੱਟੋ-ਘੱਟ ਉਜਰਤਾਂ ਅਤੇ ਕੰਮ ਦੀਆਂ ਸਨਮਾਨਜਨਕ ਹਾਲਤਾਂ ਹੋਣ। ਇਹ ਕੰਮ ਦੀਆਂ ਸਭ ਤੋਂ ਘਟੀਆ ਕਿਸਮਾਂ ਹੋ ਸਕਦੀਆਂ ਹਨ, ਪਰ ਇਸ ਨਾਲ ਨਿਰੰਤਰ ਕਿਸਮ ਦਾ ਰੋਜ਼ਗਾਰ ਮਿਲਦਾ ਹੈ - ਜਿਸ ਦੀ ਕੋਈ ਮਿਆਦ ਤੈਅ ਨਹੀਂ ਹੁੰਦੀ। ਇਸ ਵਿੱਚ ਵੇਤਨ ਵਾਲਾ ਘਰੇਲੂ ਕੰਮ ਅਤੇ ਸੇਵਾ ਖੇਤਰ ਦੀਆਂ ਦੂਜੀਆਂ ਨੌਕਰੀਆਂ ਵੀ ਸ਼ਾਮਲ ਹਨ, ਜਿਵੇਂ ਦੁਕਾਨ ਉਤੇ ਕੰਮ ਕਰਨ ਵਾਲੇ ਸਹਾਇਕ, ਰਿਸੈਪਸਨਿਸ਼ਟ ਆਦਿ ਅਤੇ ਵੱਖ-ਵੱਖ ਪ੍ਰਕਾਰ ਦਾ ਠੇਕਾ ਅਧਾਰਤ ਰੋਜ਼ਗਾਰ। ਇਸ ਪ੍ਰਕਾਰ ਨਿਯਮਤ ਕਾਮਿਆਂ ਦੇ ਇਕ ਵੱਡੇ ਵਰਗ ਨੂੰ ਵੀ ਵਿਕਸਤ ਹੋ ਰਹੇ ਗ਼ੈਰ-ਰਸਮੀ ਖੇਤਰ ਦੇ ਹਿੱਸੇ ਵਜੋਂ ਵੇਖੇ ਜਾਣ ਦੀ ਲੋੜ ਹੈ। ਧਿਆਨ ਦੇਣ ਵਾਲਾ ਦੂਜਾ ਰੁਝਾਨ ਇਹ ਹੈ - ਵੇਤਨਕ ਸਵੈ-ਰੋਜ਼ਗਾਰ ਵਿੱਚ 1 ਪ੍ਰਤਿਸ਼ਤ ਅੰਕ ਦਾ ਵਾਧਾ। ਇਹ ਕਿਹੋ ਜਿਹਾ ਕੰਮ ਹੈ? ਇਕ ਪਾਸੇ ਔਰਤਾਂ ਸੰਭਵਤਾ ਦੂਜੇ ਪਰਿਵਾਰਕ ਮੈਂਬਰਾਂ ਤੋਂ ਵੱਖ ਆਜ਼ਾਦ ਤੌਰ ਤੇ ਕੁੱਝ ਆਮਦਨ ਹਾਸਲ ਕਰ ਰਹੀਆਂ ਹਨ, ਜਿਸ ਨੂੰ ਉਹ ਆਪਣੀ ਮਰਜ਼ੀ ਮੁਤਾਬਕ ਖਪਤ ਦੇ ਨਿਯਮਤ ਖਰਚੇ ਪੂਰੇ ਕਰਨ ਲਈ ਵਰਤ ਸਕਦੀਆਂ ਹਨ। ਪਰ ਅਜਿਹੀਆਂ ਸਵੈ-ਰੋਜ਼ਗਾਰ ਵਾਲੀਆਂ ਔਰਤਾਂ ਵਿੱਚੋਂ ਵੱਡੀ ਗਿਣਤੀ ਛੋਟੇ ਉੱਦਮੀ ਨਹੀਂ ਸਗੋਂ ਨਿਰਮਾਣ ਖੇਤਰ ਦੇ ਘਰ ਅਧਾਰਤ ਲਗਾਤਾਰ ਵਧ ਰਹੇ ਰੋਜ਼ਗਾਰ ਦੇਹਿੱਸੇ ਵਜੋਂ ਕੰਮ ਕਰ ਰਹੀਆਂ ਹਨ ਜਿਵੇਂ - ਬੀੜੀ, ਕੱਪੜਾ, ਵੰਗਾਂ ਜਾਂ ਬਿੰਦੀ ਬਣਾਉਣਾ, ਪੈਕਿੰਗ ਆਦਿ। ਘਰ ਅਧਾਰਤ ਕੰਮਾਂ ਵਿੱਚ ਉਜਰਤਾਂ ਦੀ ਦਰ ਬਹੁਤ ਘੱਟ ਹੈ, ਭਾਵੇਂ ਇਹ ਪ੍ਰਤਿ ਆਈਟਮ ਰੇਟ ਹੋਵੇ ਜਾਂ ਪ੍ਰਤਿ ਘੰਟੇ ਉਜਰਤ। ਇਸ ਵਿੱਚ ਲੰਮੇ ਘੰਟਿਆਂ ਲਈ ਕੰਮ ਕਰਨਾ ਪੈਂਦਾ ਹੈ ਅਤੇ ਅਕਾਊ ਮਜ਼ਦੂਰੀ ਕਰਨੀ ਪੈਂਦੀ ਹੈ ਤਾਂ ਕਿ ਰੋਜ਼ੀ ਰੋਟੀ ਕਮਾਈ ਜਾ ਸਕੇ। ਇਥੇ ਵੀ ਉਨ੍ਹਾਂ ਨੂੰ ਠੇਕੇਦਾਰ ਉਤੇ ਨਿਰਭਰ

ਤਾਲਿਕਾ-2 : 1999-2000 ਤੋਂ 2011-12 ਦਰਮਿਆਨ ਵਿਸ਼ਾਲ ਸੱਨਅਤੀ ਖੰਡਾਂ ਵਿੱਚ ਕਾਮਿਆਂ ਦੀ ਵੰਡ

| ਸੱਨਅਤ | 1999-00 | | 2004-05 | | 2011-12 | |
|---|---|---|---|---|---|---|
| | ਮਰਦ | ਔਰਤਾਂ | ਮਰਦ | ਔਰਤਾਂ | ਮਰਦ | ਔਰਤਾਂ |
| ਖੇਤੀਬਾੜੀ | 52.7 | 75.4 | 48.6 | 72.8 | 42.5 | 62.0 |
| ਖਾਣਾਂ ਅਤੇ ਖੁਦਾਈ | 0.7 | 0.3 | 0.7 | 0.3 | 0.6 | 0.3 |
| ਨਿਰਮਾਣ | 11.5 | 9.5 | 12.4 | 11.3 | 12.6 | 13.4 |
| ਬਿਜਲੀ, ਗੈਸ ਤੇ ਪਾਣੀ ਦੀ ਪੂਰਤੀ | 0.4 | 0.0 | 0.4 | 0.0 | 0.4 | 0.1 |
| ਉਸਾਰੀ | 5.8 | 1.6 | 7.6 | 1.8 | 12.4 | 6.0 |
| ਸੇਵਾਵਾਂ | 28.8 | 13.2 | 30.2 | 13.7 | 31.5 | 18.3 |
| ਕੁੱਲ | 100.0 | 100.0 | 100.0 | 100.0 | 100.0 | 100.0 |

ਸਰੋਤ : ਐੱਨ ਐੱਸ ਐੱਸ ਓ ਦੇ ਵੱਖ-ਵੱਖ ਗੇੜਾਂ ਦੀਆਂ ਰੋਜ਼ਗਾਰ ਅਤੇ ਬੇਰੋਜ਼ਗਾਰੀ ਰਿਪੋਰਟਾਂ

ਰਹਿਣਾ ਪੈਂਦਾ ਹੈ। ਕੁੱਝ ਵਾਸਤੇ ਕਾਮੇ ਵਜੋਂ ਪਰਿਵਾਰਕ ਪਛਾਣ ਨਹੀਂ ਬਣਦੀ, ਅਤੇ ਕੰਮ ਦੀਆਂ ਸਖਤ ਹਾਲਤਾਂ ਕਾਰਨ ਜਦੋਂ ਉਹ ਸਹਿਣ ਜੋਗੀਆਂ ਹੋ ਜਾਣ ਤਾਂ ਕੰਮ ਛੱਡਣ ਲਈ ਤਿਆਰ ਹੋ ਜਾਂਦੀਆਂ ਹਨ। ਸੇਵਾਵਾਂ ਦੇ ਵੱਖ-ਵੱਖ ਖੇਤਰਾਂ ਵਿੱਚ ਕੰਮ ਦੀ ਵੰਡ ਉਤੇ ਧਿਆਨ ਨਾਲ ਝਾਤ ਪਾਉਣ ਨਾਲ ਇਸ ਵਿਕਾਸਮੁਖੀ ਖੇਤਰ ਦੇ ਰੋਜ਼ਗਾਰ ਦੇ ਪੱਖਾਂ ਬਾਰੇ ਜਾਣਨ ਵਿੱਚ ਮਦਦ ਮਿਲੇਗੀ। ਧਿਆਨ ਦੇਣ ਵਾਲੀ ਗੱਲ ਹੈ ਕਿ ਇਹ ਵਪਾਰ, ਆਉ ਭਗਤ ਜਾਂ ਸੰਚਾਰ ਦੇ ਖੇਤਰ ਨਹੀਂ ਜਿਥੇ ਔਰਤਾਂ ਦੀ ਵੱਡੀ ਗਿਣਤੀ ਕਾਰਜਰਤ ਹੈ। ਜ਼ਿਆਦਾਤਰ ਵਿਕਾਸ ਸਿੱਖਿਆ ਖੇਤਰ ਅਤੇ ਘਰੇਲੂ ਕੰਮ (ਨਿੱਜੀ ਪਰਿਵਾਰ ਜਿਨ੍ਹਾਂ ਦੇ ਮੈਂਬਰ ਰੋਜ਼ਗਾਰ ਯਾਫਤਾ ਹਨ) ਦੇ ਖੇਤਰਾਂ ਵਿੱਚ ਹੋਈ ਹੈ। ਘਰੇਲੂ ਕੰਮ ਵਿੱਚ ਉਜਰਤਾਂ ਅਤੇ ਕੰਮ ਦੇ ਹਾਲਾਤ ਵਿੱਚ ਕਾਫੀ ਫਰਕ ਹੈ ਅਤੇ ਕੰਮ ਦੇ ਸੰਬੰਧ ਨਿਰੰਤਰ ਵਿਅਕਤੀਗਤ ਨਿਯੰਤ੍ਰਣ ਹੇਠ ਹੁੰਦੇ ਹਨ। ਰਾਜਾਂ ਦੇ ਕਾਨੂੰਨਾਂ ਦੀ ਅਣਹੋਂਦ ਇਕ ਮੁੱਦਾ ਹੈ। ਜ਼ਿਆਦਾਤਰ ਰਾਜਾਂ ਵਲੋਂ ਕਾਮਿਆਂ ਲਈ ਘੱਟੋ-ਘੱਟ ਉਜਰਤਾਂ ਬਾਰੇ ਕਾਨੂੰਨ ਦੇ ਦਾਇਰੇ ਦਾ ਪੂਰੀ ਤਰ੍ਹਾਂ ਪਸਾਰ ਨਹੀਂ ਕੀਤਾ ਗਿਆ।

ਔਰਤਾਂ ਨੂੰ ਆਜ਼ਾਦ ਕਾਮਿਆਂ ਵਜੋਂ ਰੁਤਬਾ ਪ੍ਰਦਾਨ ਕਰਨ ਲਈ ਸਿੱਖਿਆ ਸ਼ਾਇਦ ਸਭ ਤੋਂ ਉਮੀਦ ਭਰਿਆ ਖੇਤਰ ਹੈ। ਬਦਕਿਸਮਤੀ ਨੂੰ ਸਾਰੇ ਪੱਧਰਾਂ ਉਤੇ ਸਿੱਖਿਆ ਦਾ ਨਿੱਜੀਕਰਨ ਵਧਣ ਨਾਲ, ਅਕਸਰ ਹੀ ਔਰਤਾਂ ਨੂੰ ਇਸ ਖੇਤਰ ਵਿੱਚ ਅਨਿਸਚਿਤ ਰੋਜ਼ਗਾਰ ਵਿੱਚ ਕੰਮ ਕਰਨਾ ਪੈਂਦਾ ਹੈ ਜਿਥੇ ਉਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਸ਼ੋਸ਼ਿਤ ਕੀਤਾ ਜਾਂਦਾ ਹੈ ਅਤੇ ਬਣਦੀ ਉਜਰਤ ਨਹੀਂ ਦਿੱਤੀ ਜਾਂਦੀ।

ਇਕ ਹੋਰ ਗੌਰ ਕਰਨ ਵਾਲੀ ਗੱਲ ਸਕੀਮ ਕਾਮਿਆਂ ਦੀ ਵਧਦੀ ਹੋਈ ਸੰਖਿਆ ਹੈ ਜੋ ਬਹੁਤ ਸਾਰੀਆਂ ਰਾਜਾਂ ਦੀਆਂ ਯੋਜਨਾਵਾਂ/ਪ੍ਰੋਗਰਾਮ, ਚਲਾਉਣ ਲਈ ਜ਼ਰੂਰੀ ਹਨ, ਜਿਵੇਂ ਆਂਗਨਵਾੜੀ ਅਤੇ ਆਸ਼ਾ ਕਾਮੇ ਬਹੁ-ਪ੍ਰਕਾਰੀ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਇਨ੍ਹਾਂ ਕਾਮਿਆਂ ਨੂੰ ਰਾਜ ਵਲੋਂ ਕਾਮਿਆਂ ਵਜੋਂ ਮਾਨਤਾ ਨਹੀਂ ਦਿੱਤੀ ਜਾਂਦੀ ਸਗੋਂ ਸਵੈ-ਸੇਵੀ ਮੰਨਿਆ ਜਾਂਦਾ ਹੈ ਜੋ ਕੇਵਲ ਮਾਣ-ਭੱਤੇ ਦੇ ਹੱਕਦਾਰ ਹੁੰਦੇ ਹਨ। ਅੰਕੜੇ ਸਪੱਸ਼ਟ ਦਰਸਾਉਂਦੇ ਹਨ ਕਿ ਔਰਤਾਂ ਵਲੋਂ ਵੇਤਨ ਵੱਲ ਵਿਕਸਤ ਹੋਣ ਵਾਲੇ ਖੇਤਰ ਸੰਭਾਲ ਦੇ ਕੰਮ ਵਰਗੇ ਹਨ ਜਿਨ੍ਹਾਂ ਨੂੰ ਲੰਮੇ ਸਮੇਂ ਤੋਂ ਔਰਤਾਂ ਦੀ ਜ਼ਿੰਮੇਵਾਰੀ ਵਜੋਂ ਵੇਖਿਆ ਗਿਆ ਹੈ, ਜਿਥੇ ਸਾਂਭ-ਸੰਭਾਲ ਦੇ ਕੰਮ ਨੂੰ ਛੁਟਿਆ ਕੇ ਵੇਖਿਆ ਜਾਂਦਾ ਹੈ। ਅਜਿਹਾ ਇਨ੍ਹਾਂ ਕਾਮਿਆਂ ਨੂੰ ਦਿੱਤੀ ਜਾਂਦੀ ਉਜਰਤਾ, ਤਨਖ਼ਾਹ, ਮਾਣ-ਭੱਤੇ ਆਦਿ ਤੋਂ ਸਾਫ ਨਜ਼ਰ ਆਉਂਦਾ ਹੈ।

ਬੇਰੋਜ਼ਗਾਰੀ ਦੇ ਅੰਕੜੇ ਰੋਜ਼ਗਾਰ ਮੁੱਦਿਆਂ ਦੇ ਵਧੀਆ ਸੂਚਕ ਨਹੀਂ ਹਨ ਕਿਉਂਕਿ ਗਰੀਬਾਂ ਨੂੰ ਹਮੇਸ਼ਾ ਗਰੀਬ ਰਹਿਣਾ ਗਵਾਰਾ ਨਹੀਂ ਭਾਵੇਂ ਕਿ ਉਨ੍ਹਾਂ ਨੂੰ ਰੋਜ਼ਗਾਰ ਦੀ ਕਮੀ ਹੈ ਅਤੇ ਪੈਸੇ ਘੱਟ ਦਿੱਤੇ ਜਾਂਦੇ ਹਨ। ਬਾਜ਼ਾਰ ਮੁਖੀ ਗਤੀਵਿਧੀਆਂ ਤੋਂ ਇਲਾਵਾ ਔਰਤਾਂ ਬਹੁਤ ਸਾਰੀਆਂ ਆਰਥਿਕ ਗਤੀਵਿਧੀਆਂ ਵਿੱਚ ਸ਼ਾਮਲ ਹਨ ਜਿਵੇਂ ਕਿ ਜਲਾਉਣ ਲਈ ਲੱਕੜੀ ਅਤੇ ਚਾਰਾ ਇਕੱਠਾ ਕਰਨਾ, ਪਾਣੀ ਢੋਹਣਾ ਅਤੇ ਜੰਗਲਾਂ ਦੇ ਉਤਪਾਦ ਇਕੱਠੇ ਕਰਨੇ, ਘਰ ਦੀ ਵਰਤੋਂ ਲਈ ਬੁਣਨਾ ਅਤੇ ਕੱਤਣਾ। ਅਧਿਐਨ ਸੁਝਾਉਂਦੇ ਹਨ ਕਿ ਇਨ੍ਹਾਂ ਖੇਤਰਾਂ ਵਿੱਚ ਔਰਤਾਂ ਦੀ ਕਿਰਤ ਨਵ-ਉਦਾਰਵਾਦੀ ਆਰਥਿਕ ਨੀਤੀਆਂ ਕਾਰਨ ਵਧੀ ਹੈ ਕਿਉਂਕਿ ਉਨ੍ਹਾਂ ਜਾਂ ਹੋਰ ਪਰਿਵਾਰਕ ਮੈਂਬਰਾਂ ਲਈ ਵੇਤਨਕ ਕੰਮ ਘਟ ਗਿਆ ਹੈ। ਔਰਤਾਂ ਲਈ ਵੇਤਨ ਵਾਲੇ ਕੰਮ ਦੇ ਨੁਕਸਾਨ ਦਾ ਸੰਬੰਧ ਅਜਿਹੇ ਕੰਮ ਦੇ ਮੌਕਿਆਂ ਦੀ ਅਣਹੋਂਦ, ਇਥੋਂ ਤਕ ਕਿ ਹਾਨੀ ਅਤੇ ਔਰਤਾਂ, ਬੱਚਿਆਂ ਦੀ ਸਾਂਭ-ਸੰਭਾਲ ਦਾ ਦਬਾਅ ਅਤੇ ਘਰੇਲੂ ਜ਼ਿੰਮੇਵਾਰੀਆਂ ਹਨ।

ਬਰਾਬਰ ਉਜਰਤਾਂ ਐਕਟ, 1974 ਬਹੁਤ ਸਾਲ ਪਹਿਲਾਂ ਪਾਸ ਹੋਣ ਦੇ ਬਾਵਜੂਦ ਵੀ ਔਰਤਾਂ ਤੇ ਮਰਦਾਂ ਦੀਆਂ ਉਜਰਤਾਂ ਵਿਚਲਾ ਪਾੜਾ ਇਕ ਹਕੀਕਤ ਬਣਿਆ ਹੋਇਆ ਹੈ ਜਿਸ ਤੋਂ ਹਰ ਉਮਰ, ਵਰਗ, ਭਾਈਚਾਰੇ ਅਤੇ ਖਿੱਤੇ ਦੀਆਂ ਔਰਤਾਂ ਪ੍ਰਭਾਵਿਤ ਹਨ। ਇਸ ਐਕਟ ਉਤੇ ਅਮਲ ਗੰਭੀਰ ਚਿੰਤਾ ਵਾਲਾ ਮੁੱਦਾ ਹੈ। ਆਈ ਐੱਲ ਓ ਦਾ ਇਕ ਤਾਜ਼ਾ ਅਧਿਐਨ ਦਿਖਾਉਂਦਾ ਹੈ ਕਿ ਭਾਰਤ ਦੀ ਉਜਰਤਾਂ ਦੀ ਨਾ ਬਰਾਬਰੀ ਬਾਰੇ ਕਾਰਗੁਜ਼ਾਰੀ ਸਭ ਤੋਂ ਮਾੜੀ ਹੈ। ਇਕੋ ਜਿਹੀਆਂ ਨੌਕਰੀਆਂ ਲਈ ਮਰਦ ਔਰਤਾਂ ਨਾਲੋਂ ਵੱਧ ਪੈਸੇ ਕਮਾਉਂਦੇ ਹਨ, ਕਈ ਵਾਰੀ ਇਹ ਪਾੜਾ 30 ਪ੍ਰਤਿਸ਼ਤ ਤੋਂ ਵੀ ਵੱਧ ਹੁੰਦਾ ਹੈ। ਜਦ ਕਿ ਔਰਤਾਂ ਕਿਰਤ ਵਰਗਾਂ ਦੀਆਂ ਸਭ ਤੋਂ ਘੱਟ ਉਜਰਤਾਂ ਦਾ 60 ਪ੍ਰਤਿਸ਼ਤ ਹਨ, ਸਭ ਤੋਂ ਵੱਧ ਉਜਰਤਾਂ ਕਮਾਉਣ ਵਾਲਿਆਂ ਵਿੱਚ ਇਨ੍ਹਾਂ ਦੀ ਗਿਣਤੀ ਸਿਰਫ 15 ਪ੍ਰਤਿਸ਼ਤ ਹੈ।

## ਸਰਕਾਰ ਦਾ ਦਖ਼ਲ

ਔਰਤਾਂ ਦੇ ਰੋਜ਼ਗਾਰ ਅਤੇ ਕੰਮ ਦੀਆਂ ਹਾਲਤਾਂ ਵਿੱਚ ਸੁਧਾਰ ਕਰਨ ਲਈ ਕਦਮਾਂ ਅਤੇ ਨੀਤੀਆਂ ਦਾ ਇਕ ਲੰਮਾ ਇਤਿਹਾਸ ਹੈ। ਰੋਜ਼ਗਾਰ ਪੈਦਾ ਕਰਨ ਲਈ ਵੱਖ-ਵੱਖ ਸਰਕਾਰਾਂ ਵਲੋਂ ਬਹੁਤ ਸਾਰੀਆਂ ਸਕੀਮਾਂ ਜਾਰੀ ਕੀਤੀਆਂ ਗਈਆਂ। ਇਸ ਸਮੇਂ ਦੌਰਾਨ ਕੀਤੀ ਗਈ ਇਕ ਮਹੱਤਵਪੂਰਨ ਪਹਿਲਕਦਮੀ ਔਰਤਾਂ ਸਵੈ-ਰੋਜ਼ਗਾਰ ਕਾਮਿਆਂ ਵਜੋਂ ਦਿਖਾਉਣ ਦੀ ਧਾਰਨਾ ਸੀ ਕਿ ਉਦਾਰੀਕਰਨ ਦੇ

ਤਾਲਿਕਾ-3:ਸੇਵਾ ਖੇਤਰ ਦੇ ਵਿਆਪਕ ਸੱਨਅਤੀ ਖੰਡਾਂ ਵਿੱਚ ਕਾਮਿਆਂ ਦੀ ਵੰਡ - 1999-00 ਤੋਂ 2011-12

| ਸੇਵਾ | 1999-00 | | 2004-05 | | 2011-12 | |
|---|---|---|---|---|---|---|
| | ਮਰਦ | ਔਰਤਾਂ | ਮਰਦ | ਔਰਤਾਂ | ਮਰਦ | ਔਰਤਾਂ |
| ਵਪਾਰ | 40.8 | 27.8(12.0) | 41.3 | 24.4(11.2) | 39.7 | 22.7 (11.0) |
| ਹੋਟਲ ਅਤੇ ਰੈਸਤਰਾਂ | 4.8 | 5.1(17.7) | 5.2 | 5.8(19.5) | 6.2 | 5.2 (15.4) |
| ਆਵਾਜਾਈ, ਭੰਡਾਰਣ ਅਤੇ ਸੰਚਾਰ | 18.3 | 2.7(2.9) | 19.4 | 2.6(2.8) | 19.2 | 1.8 (2.0) |
| ਜਨਤਕ ਪ੍ਰਬੰਧਨ ਅਤੇ ਰੱਖਿਆ | 12.1 | 7.5(11.0) | 8.6 | 5.4(11.8) | 6.8 | 4.4 (12.2) |
| ਸਿੱਖਿਆ | 6.8 | 21.1(38.4) | 7.2 | 24.3(41.9) | 7.6 | 27.0 (43.5) |
| ਦੂਜੀਆਂ ਭਾਈਚਾਰਕ, ਸਮਾਜਕ ਅਤੇ ਨਿੱਜੀ ਸੇਵਾਵਾਂ | 8.4 | 19.1(31.2) | 7.0 | 9.3(22.3) | 6.2 | 11.5 (28.6) |
| ਰੋਜ਼ਗਾਰ ਯਾਫਤਾ ਵਿਅਕਤੀਆਂ ਵਾਲੇ ਪਰਿਵਾਰ | 0.7 | 6.7(64.0) | 1.5 | 16.6(70.9) | 1.2 | 11.7 (67.2) |
| ਦੂਜੀਆਂ ਸੇਵਾਵਾਂ | 8.0 | 10.1(20.1) | 9.9 | 11.5(19.9) | 13.0 | 15.7 (20.7) |
| ਕੁੱਲ | 100.0 | 100.0(16.7) | 100.0 | 100.0(17.6) | 100.0 | 100.0 (17.8) |

*ਸਰੋਤ : ਐੱਨ ਐੱਸ ਐੱਸ ਓ ਦੇ ਵੱਖ-ਵੱਖ ਗੇੜਾਂ ਦੇ ਇਕਾਈ ਪੱਧਰ ਦੇ ਅੰਕੜੇ*

ਫਾਇਦੇ ਗੈਰ-ਰਸਮੀ ਖੇਤਰ ਵਿੱਚ ਔਰਤ 'ਉੱਦਮੀਆਂ' ਦੇ ਵਿਸ਼ਾਲ ਬਾਜ਼ਾਰਾਂ ਨਾਲ ਸੰਬੰਧਾਂ ਦੇ ਪਸਾਰ ਵਿੱਚ ਪਏ ਹਨ (ਨੀਥਾ, 2010)। ਮਾਈਕ੍ਰੋ-ਕ੍ਰੈਡਿਟ ਪ੍ਰਬੰਧਾਂ ਦਾ ਸੰਗਠਨ, ਗ਼ੈਰ-ਸਰਕਾਰੀ ਸੰਸਥਾ ਦੀ ਸਹਾਇਤਾ ਪ੍ਰਾਪਤ ਸਵੈ-ਸਹਾਇਤਾ ਸਮੂਹ ਅਤੇ ਅਜਿਹੇ ਹੋਰਾਂ ਨੇ ਔਰਤਾਂ ਨੂੰ ਗਰੀਬੀ ਵਿੱਚੋਂ ਬਾਹਰ ਕੱਢਣ ਅਤੇ ਉਨ੍ਹਾਂ ਦੇ ਆਰਥਿਕ ਸ਼ਕਤੀਕਰਨ ਲਈ ਯਤਨ ਕਰਨ ਵਾਸਤੇ 'ਸਭ ਤੱਕ ਪਹੁੰਚ ਦਾ ਨੀਤੀਗਤ ਏਜੰਡਾ' ਤੈਅ ਕਰ ਦਿੱਤਾ। ਇਸੇ ਮੁਤਾਬਕ, ਉਦਾਰੀਕਰਨ ਦੇ ਬਾਅਦ ਵਾਲੇ ਸਮੇਂ ਵਿੱਚ, ਵੱਖ-ਵੱਖ ਮੰਤਰਾਲਿਆਂ ਵਲੋਂ ਔਰਤਾਂ ਦੇ ਸਵੈ-ਰੋਜ਼ਗਾਰ ਨੂੰ ਪ੍ਰੋਤਸਾਹਨ ਦੇਣ ਲਈ ਸ਼ੁਰੂ ਕੀਤੇ ਪ੍ਰੋਗਰਾਮਾਂ ਵਿੱਚ ਵੱਡਾ ਉਛਾਲ ਆਇਆ। ਪਰ, ਜਾਪਦਾ ਹੈ ਕਿ ਇਸ ਨੇ ਖੇਤੀ ਖੇਤਰ ਵਿੱਚ ਔਰਤਾਂ ਦੇ ਰੋਜ਼ਗਾਰ ਦੀ ਗਿਰਾਵਟ ਨੂੰ ਰੋਕਨ ਲਈ ਕੋਈ ਬਹੁਤਾ ਯੋਗਦਾਨ ਨਹੀਂ ਪਾਇਆ।

ਭਾਵੇਂ ਕਿ ਮਗਨਰੇਗਾ ਨੇ ਸ਼ੁਰੂਆਤੀ ਸੰਕਟ ਨੂੰ ਥੋੜ੍ਹਾ ਘੱਟ ਕੀਤਾ, ਪਰ ਲੰਮੇ ਸਮੇਂ ਵਿੱਚ ਗਰੰਟੀਸ਼ੁਦਾ ਰੋਜ਼ਗਾਰ ਦੇ ਦਿਨਾਂ ਦਾ ਸੀਮਤ ਹੋਣਾ ਅਤੇ ਹੱਥੀ ਕੰਮ ਕਰਨ ਉਤੇ ਧਿਆਨ ਕੇਂਦਰਿਤ ਕਰਕੇ ਇਹ ਔਰਤਾਂ ਦੀ ਰੋਜ਼ਗਾਰ ਦੀ ਬੁਝਾਰਤ ਨੂੰ ਹੱਲ ਕਰਨ ਵਿੱਚ ਕਾਮਯਾਬ ਨਹੀਂ ਹੋਇਆ। ਉਜਰਤ ਵਾਲੇ ਰੋਜ਼ਗਾਰ ਵਿੱਚ ਔਰਤਾਂ ਦੀ ਭਾਗੀਦਾਰੀ ਦੇ ਰਾਹ ਵਿੱਚ ਉਨ੍ਹਾਂ ਦੀਆਂ ਲਿੰਗਕ ਜ਼ਿੰਮੇਵਾਰੀਆਂ ਅਤੇ ਹੁਨਰ ਦਾ ਅਸਾਵਾਂਪਨ ਰੋੜੇ ਅਟਕਾਉਂਦਾ ਹੈ। ਇਸ ਗੱਲ ਦੇ ਕਾਫੀ ਸਬੂਤ ਮੌਜੂਦ ਹਨ ਜਦੋਂ ਇਸ ਕਰਕੇ ਨੌਜਵਾਨ ਇਸਤਰੀਆਂ ਨੂੰ ਰੋਜ਼ਗਾਰ ਦੇਣ ਤੋਂ ਮਨਾਹੀ ਕੀਤੀ ਗਈ ਕਿ ਇਹ ਪ੍ਰਸੂਤੀ ਅਤੇ ਬੱਚਿਆਂ ਦੀ ਸਾਂਭ ਸੰਭਾਲ ਦੀਆਂ ਲੋੜਾਂ ਲਈ ਛੁੱਟੀਆਂ ਲੈਣਗੀਆਂ। ਭਾਵੇਂ ਕਿ ਪ੍ਰਸੂਤਾ ਲਾਭ (ਸੋਧਿਆ) ਐਕਟ, 2017 ਪਾਸ ਹੋਣ ਨਾਲ ਪ੍ਰਸੂਤਾ ਛੁੱਟੀ ਦੇ ਦਿਨਾਂ ਵਿੱਚ ਵਾਧਾ ਕੀਤਾ ਗਿਆ ਹੈ, ਪਰ ਇਸ ਦਾ ਦਾਇਰਾ ਸੰਗਠਿਤ ਖੇਤਰ ਤੱਕ ਹੀ ਸੀਮਤ ਹੈ। ਇਸ ਸੋਧ ਮੁਤਾਬਕ 12 ਹਫ਼ਤਿਆਂ ਦੇ ਮੁਕਾਬਲੇ 26 ਹਫ਼ਤਿਆਂ ਦੀ ਭੁਗਤਾਨ ਯੋਗ ਪ੍ਰਸੂਤਾ ਛੁੱਟੀ ਦੀ ਵਿਵਸਥਾ ਕੀਤੀ ਗਈ ਹੈ। ਇਸ ਐਕਟ ਵਿੱਚ ਇਹ ਵਿਵਸਥਾ ਵੀ ਕੀਤੀ ਗਈ ਹੈ ਕਿ ਜਿਸ ਸੰਸਥਾਨ ਵਿੱਚ 50 ਜਾਂ ਇਸ ਤੋਂ ਵੱਧ ਕਾਮੇ ਕੰਮ ਕਰਦੇ ਹੋਣਗੇ, ਉਥੇ ਬਾਲ ਘਰ (ਕ੍ਰੈਂਚ) ਖੋਲ੍ਹੇ ਜਾਣਗੇ, ਘਰ ਤੋਂ ਕੰਮ ਕਰਨ ਦਾ ਪ੍ਰਾਵਧਾਨ ਕਰਮਚਾਰੀਆਂ ਦੇ ਵਿਵੇਕ ਉਤੇ ਛੱਡ ਦਿੱਤਾ ਜਾਵੇਗਾ। ਪਰ, ਸੋਧਿਆ ਹੋਇਆ ਐਕਟ ਸਾਰੇ ਉੱਦਮਾਂ ਉਤੇ ਲਾਗੂ ਨਹੀਂ ਹੁੰਦਾ, ਘੱਟੋ-ਘੱਟ 10 ਕਾਮਿਆਂ ਵਾਲੇ ਉੱਦਮਾਂ ਉਤੇ ਹੀ ਲਾਗੂ ਹੁੰਦਾ ਹੈ। ਘੱਟ ਆਮਦਨ ਸਮੂਹਾਂ ਦੀਆਂ ਔਰਤਾਂ, ਜੋ ਜ਼ਿਆਦਾਤਰ ਅਸੰਗਠਿਤ ਖੇਤਰ ਵਿੱਚ ਕਾਰਜਰਤ ਹਨ, ਇਕ ਵੀ ਦਿਨ ਦੀ ਵੇਤਨਕ ਪ੍ਰਸੂਤਾ ਛੁੱਟੀ ਲੈਣ ਦੇ ਯੋਗ ਨਹੀਂ ਹਨ। ਸ਼ਹਿਰਾਂ ਦੇ ਅਸੰਗਠਿਤ ਰੋਜ਼ਗਾਰ ਖੇਤਰਾਂ ਵਿੱਚ, ਜਿਥੇ ਸਿੱਖਿਆ ਅਤੇ ਆਮਦਨ ਦੇ ਪੱਧਰ ਉੱਚੇ ਹਨ, ਉਥੇ ਬਹੁਤ ਸਾਰੀਆਂ ਸ਼ਾਦੀਸ਼ੁਦਾ ਔਰਤਾਂ ਬੱਚੇ ਹੋਣ ਉਤੇ ਕੰਮ ਛੱਡ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨੇ ਬੱਚਿਆਂ ਦੀ ਸਾਂਭ-ਸੰਭਾਲ ਦਾ ਬੋਝ ਚੁੱਕਣਾ ਹੁੰਦਾ ਹੈ। ਲੋੜ ਇਸ ਗੱਲ ਦੀ ਹੈ ਪ੍ਰਸੂਤਾ ਲਾਭ ਸਾਰੀਆਂ ਔਰਤਾਂ ਨੂੰ ਦਿੱਤੇ ਜਾਣ ਅਤੇ ਐਕਟ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਇਸ ਦੇ ਨਾਲ-ਨਾਲ ਸਾਰਿਆਂ ਲਈ ਕ੍ਰੈਚ ਖੋਲ੍ਹਣ ਨਾਲ ਔਰਤਾਂ ਨੂੰ ਰੋਜ਼ਗਾਰ ਦੌਰਾਨ ਪੇਸ਼ ਆਉਂਦੀਆਂ ਚੁਣੌਤੀਆਂ ਨਾਲ ਸਿੱਝਣ ਵਿੱਚ ਮਦਦ ਮਿਲੇਗੀ।

ਔਰਤ ਕਾਮਾ ਸ਼ਕਤੀ ਦੀ ਘੱਟ ਭਾਗੀਦਾਰੀ ਦੇ ਕਾਰਨਾਂ ਵਿੱਚੋਂ ਇਕ ਢੁੱਕਵੀਆਂ ਨੌਕਰੀਆਂ ਦੀ ਕਮੀ ਹੈ, ਮਤਲਬ ਜੋ ਉਹ ਕਰ ਸਕਦੀਆਂ ਹਨ ਅਤੇ ਜੋ ਉਨ੍ਹਾਂ ਨੂੰ ਉਪਲਬਧ ਹੁੰਦਾ ਹੈ, ਇਸ ਵਿੱਚ ਅਸਮਾਨਤਾ। ਔਰਤਾਂ ਦੀ ਸਿੱਖਿਆ ਅਤੇ ਰੋਜ਼ਗਾਰ ਬਾਰੇ 'ਯੂ' ਅਕਾਰ ਦੀ ਪੱਧਤੀ ਦੇ ਮੱਦੇਨਜ਼ਰ, ਜਿਥੇ ਦਰਮਿਆਨੀ ਸਿੱਖਿਆ ਪ੍ਰਾਪਤ ਔਰਤਾਂ ਦੇ ਰੋਜ਼ਗਾਰ ਦੀ ਦਰ ਘੱਟ ਹੈ, ਲੋੜ ਇਸ ਗੱਲ ਦੀ ਹੈ ਕਿ ਸੈਕੰਡਰੀ ਅਤੇ ਸਹਾਇਕ ਸਿੱਖਿਆ, ਔਰਤਾਂ ਦੀ ਕਿੱਤਾਮੁਖੀ ਅਤੇ ਹੁਨਰ ਸਿਖਲਾਈ ਲਈ ਵਧੇਰੇ ਨਿਵੇਸ਼ ਕੀਤਾ ਜਾਵੇ। ਇਸ ਦੇ ਨਾਲ ਹੀ ਔਰਤਾਂ ਦੀ ਸਿੱਖਿਆ ਅਤੇ ਹੁਨਰ ਦੇ ਵੱਖ-ਵੱਖ ਸਮੂਹਾਂ ਮੁਤਾਬਕ ਰੋਜ਼ਗਾਰ ਪੈਦਾ ਕੀਤਾ ਜਾਵੇ। ਘੱਟ ਉਜਰਤਾਂ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ ਦਾ ਨਿਰਾਸ਼ਾਜਨਕ ਪ੍ਰਭਾਵ ਇਹ ਪੈਂਦਾ ਹੈ ਕਿ ਜੇ ਪਰਿਵਾਰ ਬਰਦਾਸ਼ਤ ਕਰਨ ਜੋਗੇ ਹੋਣ ਤਾਂ ਔਰਤਾਂ ਰੋਜ਼ਗਾਰ ਤੋਂ ਪਿਛਾਂਹ ਹਟ ਜਾਂਦੀਆਂ ਹਨ। ਅਪ੍ਰੈਂਟਿਸਸ ਐਕਟ, 2014 ਜੋ ਮਾਲਕਾਂ ਨੂੰ ਵਧਾਏ ਹੋਏ ਸਮੇਂ ਵਾਸਤੇ ਵੱਡੀ ਗਿਣਤੀ ਸਿਖਿਆਰਥੀ ਭਰਤੀ ਕਰਨ ਦੀ ਆਗਿਆ ਦਿੰਦਾ ਹੇ ਅਤੇ ਮਰਜ਼ੀ ਮੁਤਾਬਕ ਕੰਮ ਦੇ ਘੰਟੇ ਅਤੇ ਛੁੱਟੀਆਂ ਆਦਿ ਨਿਰਧਾਰਤ ਕਰਨ ਦਾ ਅਧਿਕਾਰ ਦਿੰਦਾ ਹੈ, ਨਾਲ 'ਨਿਰਾਸ਼ ਕਾਮੇ ਦੇ ਪ੍ਰਭਾਵ' ਵਿੱਚ ਵਾਧਾ ਹੀ ਹੋਵੇਗਾ।

ਸਮਾਜਕ ਅਤੇ ਸਭਿਆਚਾਰਕ ਰੁਕਾਵਟਾਂ (ਜੋ ਵੱਖ-ਵੱਖ ਭਾਈਚਾਰਿਆਂ ਅਤੇ ਖਿੱਤਿਆਂ ਵਿੱਚ ਵੱਖ-ਵੱਖ ਹੁੰਦੀਆਂ ਹਨ) ਹਾਲੇ ਵੀ ਮੁੱਦੇ ਹਨ ਜੋ ਰੋਜ਼ਗਾਰ ਵਿੱਚ ਔਰਤਾਂ ਦੀ ਮਾੜੀ ਭਾਗੀਦਾਰੀ ਨੂੰ ਬਿਆਨ ਕਰਦੇ ਹਨ। ਦਿਹਾਤੀ ਅਤੇ ਸ਼ਹਿਰੀ ਪਰਿਵਾਰ ਭਾਵੇਂ ਆਪਣੀਆਂ ਧੀਆਂ ਨੂੰ ਪੜ੍ਹਾਉਣਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਇਹ ਸਿੱਖਿਆ ਰੋਜ਼ਗਾਰ ਲਈ ਨਿਵੇਸ਼ ਦੇ ਤੌਰ ਤੇ ਨਜ਼ਰ ਨਹੀਂ ਆਉਂਦੀ। ਜਿਹੜੀਆਂ ਔਰਤਾਂ ਇਨ੍ਹਾਂ ਅੜਿੱਕਿਆਂ ਨੂੰ ਪਾਰ ਕਰ ਲੈਂਦੀਆਂ ਹਨ, ਉਨ੍ਹਾਂ ਦੀ ਗਿਣਤੀ ਘੱਟ ਹੈ। ਜਦ ਤੱਕ ਉਨ੍ਹਾਂ ਨੂੰ ਪਰਿਵਾਰ ਦੀ ਗਰੀਬੀ ਕਾਰਨ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾਂਦਾ। ਜਿਵੇਂ ਕਿ ਅੰਕੜਿਆਂ ਵਿੱਚ ਸਪੱਸ਼ਟ ਦਿਖਾਇਆ ਗਿਆ ਹੈ, ਔਰਤਾਂ ਗ਼ੈਰ-ਰਸਮੀ, ਅਰਧ ਜਾਂ ਗੈਰ-ਹੁਨਰਮੰਦ ਨੌਕਰੀਆਂ ਵਿੱਚ ਕਰਜਰਤ ਹਨ, ਜਿਵੇਂ ਕਿ ਘਰੇਲੂ ਕੰਮ, ਜਿਥੇ ਆਮਦਨ ਘੱਟ ਹੁੰਦੀ ਹੈ ਅਤੇ ਲਾਭ ਸੀਮਤ ਹੁੰਦੇ ਹਨ ਜਾਂ ਨੌਕਰੀ ਦੀ ਸੁਰੱਖਿਆ ਨਹੀਂ ਹੁੰਦੀ। ਔਰਤਾਂ ਦੀ ਸੁਰੱਖਿਆ ਦੇ ਲਾਗਤਾਰ ਵਧਦੇ ਤੌਖਲੇ ਵੀ ਉਨ੍ਹਾਂ ਦੇ ਰੋਜ਼ਗਾਰ ਦੇ ਰਾਹ ਦਾ ਰੋੜਾ ਬਣਦੇ ਹਨ। ਫੈਕਟਰੀ ਐਕਟ, 1948 ਵਿੱਚ ਕੀਤੀਆਂ ਜਾਣ ਵਾਲੀਆਂ ਸੋਧਾਂ ਦੇ ਭਾਗ ਵਜੋਂ ਔਰਤਾਂ ਦੀ ਰਾਤ ਦੀ ਸ਼ਿਫਟ ਵਿੱਚ ਕੰਮ ਕਰਨ ਉਤੇ ਲੱਗੀ ਪਾਬੰਦੀ ਬਾਰੇ ਕੇਂਦਰ ਸਰਕਾਰ ਵਲੋਂ ਪੁਨਰ ਸਮੀਖਿਆ ਕੀਤੀ ਜਾ ਰਹੀ ਹੈ। ਫਿਰ ਵੀ, ਬਹੁਤ ਸਾਰੀਆਂ ਰਾਜ ਸਰਕਾਰਾਂ ਵਲੋਂ ਹੁਣ ਇਹ ਪਾਬੰਦੀ ਹਟਾ ਲਈ ਗਈ ਹੈ। ਕੰਮ ਵਾਲੀ ਥਾਂ ਉਤੇ ਸੁਰੱਖਿਆ ਅਤੇ ਔਰਤਾਂ ਲਈ ਸੁਰੱਖਿਅਤ ਆਵਾਜਾਈ ਪ੍ਰਦਾਨ ਕਰਨ ਨੂੰ ਇਸ ਸਮੀਖਿਆ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਕਿਉਂਕਿ ਇਸ ਦੀ ਨਿਗਰਾਨੀ ਲਈ ਢੁੱਕਵਾਂ ਤੰਤਰ ਮੌਜੂਦ ਨਹੀਂ। ਕੰਮ ਵਾਲੀਆਂ ਥਾਵਾਂ, ਸਫਰ ਦੌਰਾਨ ਅਤੇ ਜਨਤਕ ਥਾਵਾਂ ਉਤੇ ਵਧ ਰਹੀਆਂ ਜਿਨਸੀ ਛੇੜ-ਛਾੜ ਦੀਆਂ ਘਟਨਾਵਾਂ ਇਸ ਧਾਰਨਾਂ ਨੂੰ ਹੋਰ ਪੁਖਤਾ ਕਰ ਰਹੀਆਂ ਹਨ ਕਿ ਸ਼ਹਿਰ ਅਤੇ ਕਸਬੇ ਸੁਰੱਖਿਅਤ ਨਹੀਂ, ਜੋ ਰੋਜ਼ਗਾਰ ਲਈ ਔਰਤਾਂ ਦੇ ਇਧਰ-ਉਧਰ ਜਾਣ ਉਤੇ ਭੈੜਾ ਅਸਰ ਪਾ ਰਹੇ ਹਨ।

ਅਜਿਹੀਆਂ ਅਨਿਸਚਿਤਤਾਵਾਂ ਦੇ ਦਰਮਿਆਨ, ਸ਼ਕਤੀਕਰਨ ਦੇ ਸੰਕੇਤ ਵੀ ਮਿਲ ਰਹੇ ਹਨ

*ਬਾਕੀ ਸਫ਼ਾ 22 ਉੱਤੇ*

# ਪਰਵਾਸ ਬਾਰੇ ਰਾਸ਼ਟਰੀ ਨੀਤੀ ਦੀ ਦਿਸ਼ਾ ਵੱਲ

ਐੱਸ ਚੰਦਰਸ਼ੇਖਰ

ਭਾਰਤ ਕੋਲ ਅੰਦਰੂਨੀ ਪਰਵਾਸ ਬਾਰੇ ਕੋਈ ਰਾਸ਼ਟਰੀ ਨੀਤੀ ਨਹੀਂ ਹੈ। ਅਜਿਹੀ ਨੀਤੀ ਹੋਰ ਮੁੱਦਿਆਂ ਤੋਂ ਬਿਨਾਂ ਪੱਕੀ ਰਿਹਾਇਸ਼ ਦੀਆਂ ਲੋੜਾਂ, ਰਾਜ ਦੇ ਅੰਦਰ ਅਤੇ ਰਾਜ ਤੋਂ ਬਾਹਰ ਲਾਭਾਂ ਦੇ ਇਕ ਤੋਂ ਦੂਜੇ ਥਾਂ ਉਤੇ ਜਾਣ ਵਰਗੇ ਮੁੱਦਿਆਂ ਦਾ ਹੱਲ ਕਰ ਦੇਵੇਗੀ। ਜੇ ਭਾਰਤ ਕੋਲ ਕੋਈ ਨੀਤੀ ਹੈ ਵੀ ਤਾਂ ਇਹ ਪਰਵਾਸੀ ਕਾਮਿਆਂ ਬਾਰੇ ਹੈ ਜੋ 1979 ਵਿੱਚ ਬਣਾਈ ਗਈ ਸੀ। ਇਸ ਨੂੰ ਅੰਤਰ-ਰਾਜੀ ਪਰਵਾਸੀ ਕਾਮੇ (ਰੋਜ਼ਗਾਰ ਅਤੇ ਕੰਮ ਦੀਆਂ ਹਾਲਤਾਂ ਦਾ ਨਿਯਮਨ) ਐਕਟ ਆਖਿਆ ਜਾਂਦਾ ਹੈ। ਇਸ ਐਕਟ ਤੋਂ ਬਿਨਾ ਹੋਰ ਕੋਈ ਠੋਸ ਨੀਤੀ ਨਹੀਂ ਹੈ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਮੌਜੂਦਾ ਸਮੇਂ ਪਰਵਾਸ ਦੀ ਬਹੁਮੁਖੀ ਕਿਸਮ ਅਤੇ ਨਤੀਜੇ ਦੇ ਤੌਰ ਤੇ ਪੈਦਾ ਹੋਣ ਵਾਲੀਆਂ ਪੇਚੀਦਗੀਆਂ ਦੇ ਮੱਦੇਨਜ਼ਰ, ਇਹ ਕਿਸੇ ਖ਼ਾਸ ਕੰਮ ਲਈ ਸਭ ਤੋਂ ਵਧੀਆ ਵਿਅਕਤੀ ਨੂੰ ਚੁਣਨ ਦੀ ਰਣਨੀਤੀ ਵਾਂਗ ਹੈ। ਅਜਿਹਾ ਵੱਖ-ਵੱਖ ਰਾਜ ਸਰਕਾਰਾਂ ਵਲੋਂ ਚੁੱਕੇ ਗਏ ਇੱਕਾ-ਦੁੱਕਾ ਕਦਮਾਂ ਤੋਂ ਸਪੱਸ਼ਟ ਹੈ ਜਿਸ ਵਿੱਚ ਏਕੀਕ੍ਰਿਤ ਆਂਧਰਾ ਪ੍ਰਦੇਸ਼ ਅਤੇ ਓਡੀਸ਼ਾ ਦਰਮਿਆਨ ਅੰਤਰ-ਰਾਜੀ ਪਰਵਾਸੀ ਕਾਮਿਆਂ, ਖ਼ਾਸ ਕਰਕੇ ਭੱਠਿਆਂ ਉਤੇ ਇੱਟਾਂ ਦਾ ਕੰਮ ਕਰਨ ਵਾਲੇ ਪਰਵਾਸੀ ਕਾਮਿਆਂ ਦੇ ਹੱਕਾਂ ਦੀ ਸੁਰੱਖਿਆ ਲਈ ਦੁਵੱਲਾ ਆਪਸੀ ਸਮਝੌਤੇ ਦਾ ਦਸਤਾਵੇਜ਼ ਸ਼ਾਮਲ ਹੈ।

ਠੋਸ ਨੀਤੀ ਦੀ ਗ਼ੈਰ-ਹਾਜ਼ਰੀ ਵਿੱਚ ਵੀ ਲੱਖਾਂ ਹੀ ਭਾਰਤੀ ਇਕ ਤੋਂ ਦੂਜੇ ਥਾਂ ਸਾਲ ਵਿੱਚ ਪੱਕੇ ਤੌਰ ਤੇ ਜਾਂ ਥੋੜ੍ਹੇ ਸਮੇਂ ਵਾਸਤੇ ਪਰਵਾਸ ਕਰ ਰਹੇ ਹਨ। ਭਾਵੇਂ ਕਿ ਬਹੁ-ਗਿਣਤੀ ਆਪਣੇ ਰਿਹਾਇਸ਼ੀ ਰਾਜ ਦੇ ਅੰਦਰ ਹੀ ਪਰਵਾਸ ਕਰਦੀ ਹੈ, ਦੂਸਰੇ ਕਈ ਰਾਜ ਦੀਆਂ ਹੱਦਾਂ ਤੋਂ ਬਾਹਰ ਵੀ ਪਰਵਾਸ ਕਰ ਰਹੇ ਹਨ। ਭਾਰਤ ਦੇ ਜ਼ਿਲ੍ਹਿਆਂ ਵਿੱਚ ਰਾਜ ਅੰਦਰ ਅਤੇ ਅੰਤਰ-ਰਾਜੀ ਪਰਵਾਸੀਆਂ ਵਿੱਚ ਕਾਫੀ ਭਿੰਨਤਾ ਹੈ। ਪਰਵਾਸ ਲਈ ਉਨ੍ਹਾਂ ਦੇ ਉਦੇਸ਼ ਵੱਖ-ਵੱਖ ਹਨ : ਜਨਮ ਸਥਾਨ ਤੋਂ ਦੂਰ ਜਾਣਾ, ਵਿਆਹ ਤੋਂ ਬਾਅਦ, ਸਿੱਖਿਆ ਪ੍ਰਾਪਤੀ ਲਈ, ਕੰਮ ਦੇ ਮੌਕੇ ਪ੍ਰਾਪਤ ਕਰਨ ਲਈ ਆਦਿ। ਜਦ ਕਿ ਔਰਤਾਂ ਵਿਆਹ ਹੋਣ ਉਤੇ ਹੀ ਦੂਜੇ ਥਾਂ ਜਾਂਦੀਆਂ ਹਨ, ਪੁਰਸ਼ਾਂ ਦੇ ਕੰਮ ਨਾਲ ਸੰਬੰਧਿਤ ਕਾਰਨਾਂ ਕਰਕੇ ਹੀ ਪਰਵਾਸ ਕਰਨ ਦੇ ਜ਼ਿਆਦਾ ਕਾਰਨ ਹੁੰਦੇ ਹਨ। ਇਸ ਦੇ ਨਾਲ ਹੀ, ਨੀਤੀ ਦੇ ਦ੍ਰਿਸ਼ਟੀਕੋਣ ਤੋਂ, ਪੱਕੇ ਤੌਰ ਤੇ ਪਰਵਾਸ ਕਰਨ ਵਾਲਿਆਂ ਅਤੇ ਸਾਲ ਵਿੱਚ ਥੋੜ੍ਹੇ ਸਮੇਂ ਲਈ ਘਰ ਤੋਂ ਦੂਰ ਰਹਿਣ ਵਾਲਿਆਂ ਵਿਚਕਾਰ ਫਰਕ ਕਰਨ ਦੀ ਜ਼ਰੂਰਤ ਹੈ। 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਜਾਰੀ ਕਰਨ ਤੋਂ ਪਹਿਲਾਂ ਪੇਂਡੂ-ਸ਼ਹਿਰੀ ਪਰਵਾਸ ਦਾ ਸ਼ਹਿਰੀ ਜਨਸੰਖਿਆ ਵਿੱਚ ਵਾਧੇ ਲਈ ਯੋਗਦਾਨ ਦੇ ਅੰਦਾਜ਼ੇ ਲਾਉਣ ਬਾਰੇ ਬਹੁਤ ਦਿਲਚਸਪੀ ਸੀ। ਇਹ ਆਸਾਂ ਕਿ ਵੱਡੀ ਗਿਣਤੀ ਵਿਅਕਤੀ ਕੰਮ ਸੰਬੰਧਿਤ ਕਾਰਨਾਂ ਕਰਕੇ ਪੱਕੇ ਤੌਰ ਤੇ ਸ਼ਹਿਰੀ ਭਾਰਤ ਵਿੱਚ ਪਰਵਾਸ ਕਰ ਜਾਣਗੇ, ਝੂਠੀਆਂ ਸਾਬਤ ਹੋਈਆਂ। ਕਾਨ੍ਹੂ ਚਰਨ ਪ੍ਰਧਾਨ, ਜੋ ਸੈਂਟਰ ਫਾਰ ਪਾਲਿਸੀ ਰਿਸਰਚ ਵਿਖੇ ਇਕ ਖੋਜਕਾਰ ਹਨ, ਨੇ ਅਨੁਮਾਨ ਲਾਇਆ ਕਿ ਪੇਂਡ-ਸ਼ਹਿਰੀ ਪਰਵਾਸ ਤੋਂ ਸ਼ਹਿਰੀ ਵਸੋਂ ਵਿੱਚ ਵਾਧੇ ਦਾ ਯੋਗਦਾਨ 1991-2001 ਅਤੇ 2001-2011 ਦੇ ਦਹਾਕਿਆਂ ਦੌਰਾਨ ਕੁੱਲ ਮਿਲਾ ਕੇ 20 ਤੋਂ 22 ਪ੍ਰਤਿਸ਼ਤ ਦੇ ਵਿਚਕਾਰ ਹੀ ਰਿਹਾ। ਪਰਵਾਸ ਦੇ ਕਾਰਨਾਂ ਦੇ ਬਾਵਜੂਦ, 2011 ਦੀ ਭਾਰਤ ਦੀ ਮਰਦਮਸ਼ੁਮਾਰੀ ਮੁਤਾਬਕ, ਲਗਭਗ 38 ਪ੍ਰਤਿਸ਼ਤ ਭਾਰਤੀਆਂ ਨੇ ਆਪਣੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ ਉਤੇ ਪੱਕਾ ਪਰਵਾਸ ਕੀਤਾ ਹੈ।

2001-2011 ਦੇ ਦਹਾਕੇ ਵਿੱਚ, ਹਰੇਕ ਸਾਲ ਔਸਤਨ 1.5 ਮਿਲੀਅਨ ਪੁਰਸ਼ਾਂ ਅਤੇ 0.3 ਮਿਲੀਅਨ ਔਰਤਾਂ ਨੇ ਪਰਵਾਸ ਕੀਤਾ, ਮਤਲਬ ਉਨ੍ਹਾਂ ਨੇ ਪੱਕੇ ਤੌਰ ਤੇ ਆਪਣਾ ਰਹਿਣ ਦਾ ਅਸਲ ਟਿਕਾਣਾ ਬਦਲ ਲਿਆ। ਇਸੇ ਹੀ ਸਮੇਂ, ਬਹੁਤ ਸਾਰੇ ਵਿਅਕਤੀ ਅਜਿਹੇ ਵੀ ਹਨ ਜਿਨ੍ਹਾਂ ਨੇ ਆਪਣੀ ਰਿਹਾਇਸ਼ ਵਾਲਾ ਥਾਂ ਬਦਲੇ ਬਿਨਾਂ ਥੋੜ੍ਹੇ ਸਮੇਂ ਲਈ ਪਰਵਾਸ ਕੀਤਾ। ਅਜਿਹੇ ਲੋਕ ਵੱਡੀ ਗਿਣਤੀ ਦਿਹਾਤੀ ਭਾਰਤ ਤੋਂ ਹਨ। ਉਹ ਸਾਲ ਵਿੱਚ ਥੋੜ੍ਹੇ ਸਮੇਂ ਲਈ ਕੰਮ ਕਰਕੇ ਆਪਣੇ ਘਰਾਂ ਤੋਂ ਦੂਰ ਰਹਿੰਦੇ ਹਨ। ਇਕ ਅੰਦਾਜ਼ਾ ਹੈ ਕਿ 10 ਮਿਲੀਅਨ ਪੇਂਡੂ ਪਰਿਵਾਰਾਂ ਵਿੱਚੋਂ ਇਕ ਵਿਅਕਤੀ ਸਾਲ ਵਿੱਚ 15 ਦਿਨ ਤੋਂ ਜ਼ਿਆਦਾ ਪਰ ਛੇ ਮਹੀਨੇ ਤੋਂ ਘੱਟ, ਘਰ ਤੋਂ ਦੂਰ ਰਹਿੰਦਾ ਹੈ। ਇਹ ਮੰਨਦੇ ਹੋਏ ਕਿ ਇਨ੍ਹਾਂ ਪਰਿਵਾਰਾਂ ਦਾ ਘੱਟੋ-ਘੱਟ ਇਕ ਜੀਅ ਆਪਣੇ ਪਰਿਵਾਰ ਤੋਂ ਦੂਰ ਰਹਿੰਦਾ ਹੈ, ਇਸ ਦਾ ਮਤਲਬ ਹੋਇਆ ਕਿ ਅਜਿਹੇ 10 ਮਿਲੀਅਨ ਵਿਅਕਤੀ ਹਨ ਜਿਨ੍ਹਾਂ ਨੂੰ ਅਲਪਕਾਲੀ ਜਾਂ ਮੌਸਮੀ ਪਰਵਾਸੀਆਂ ਦੀ ਸੰਗਿਆ ਦਿੱਤੀ ਜਾ ਸਕਦੀ ਹੈ ਅਤੇ ਜੋ ਪੇਂਡੂ ਭਾਰਤ ਵਿੱਚ ਰਹਿੰਦੇ ਹਨ।

ਜਿਵੇਂ ਕਿ ਸਪੱਸ਼ਟ ਹੈ, ਅਲਪਕਾਲੀ ਪਰਵਾਸੀ ਕਾਮਿਆਂ ਦੀ ਸੰਖਿਆ ਕਿਸੇ ਇਕ ਸਾਲ ਵਿੱਚ ਪੱਕੇ ਤੌਰ ਤੇ ਪਰਵਾਸ ਕਰਨ ਵਾਲਿਆਂ ਨਾਲੋਂ 5 ਗੁਣਾ ਤੋਂ ਵੱਧ ਹੈ। ਇਕ ਵਾਰ ਫਿਰ, ਇਨ੍ਹਾਂ ਵਿੱਚੋਂ ਜ਼ਿਆਦਾਤਰ ਪੁਰਸ਼ਾਂ ਦੇ ਹੋਣ ਦੀ ਉਮੀਦ ਹੈ, ਬਜਾਇ ਕਿ ਔਰਤਾਂ ਦੇ। ਉਨ੍ਹਾਂ ਦੇ ਉਮਰ ਦਰਾਜ਼ ਵਿਅਕਤੀਆਂ ਨਾਲੋਂ ਜਵਾਨ ਹੋਣ ਦੀ ਵੀ ਉਮੀਦ ਹੈ। ਪਰਵਾਸੀ ਨੈੱਟਵਰਕ ਦਾ ਹਿੱਸਾ ਹੋਣ ਕਾਰਨ ਉਨ੍ਹਾਂ ਨੂੰ ਨੌਕਰੀ ਲੱਭਣ ਵਿੱਚ ਅਸਾਨੀ ਹੁੰਦੀ ਹੈ। ਉਹ ਆਪਣੇ ਰਹਿਣ ਵਾਲੇ ਸਥਾਨ ਤੋਂ ਮੌਕਿਆਂ ਦੀ ਘਾਟ ਕਾਰਨ ਪਰਵਾਸ ਕਰਦੇ ਹਨ। ਉਹ ਪਰਵਾਸ ਵਾਲੇ ਕਿਰਤ ਬਾਜ਼ਾਰਾਂ 'ਚ ਮੌਸਮੀ

ਕਮੀ ਨੂੰ ਪੂਰਾ ਕਰਦੇ ਹਨ। ਜੇ ਉਨ੍ਹਾਂ ਨੂੰ ਕੰਮ ਨਾ ਮਿਲੇ ਤਾਂ ਉਹ ਪਰਵਾਸ ਵਾਲੀ ਥਾਂ ਨਹੀਂ ਰੁਕਦੇ। ਇਸ ਤੋਂ ਪਤਾ ਲਗਦਾ ਹੈ ਕਿ ਉਹ ਥੋੜ੍ਹੇ ਸਮੇਂ ਲਈ ਘਰ ਤੋਂ ਦੂਰ ਕਿਉਂ ਰਹਿੰਦੇ ਹਨ।

ਬਹੁਤ ਸਾਰੇ ਮੌਸਮੀ ਪਰਵਾਸੀ ਕਾਮੇ ਖੇਤੀਬਾੜੀ, ਖਣਨ ਅਤੇ ਸੇਵਾ ਖੇਤਰਾਂ ਵਿੱਚ ਕੰਮ ਕਰਦੇ ਹਨ। ਉਸਾਰੀ ਉਦਯੋਗ ਵਿੱਚ ਕੰਮ ਦੀ ਕਿਸਮ ਨੂੰ ਵੇਖਦਿਆਂ ਜੋ ਵਿਸ਼ਾਲ ਬੁਨਿਆਦੀ ਢਾਂਚੇ ਜਾਂ ਮਕਾਨ ਪ੍ਰਾਜੈਕਟਾਂ ਤੋਂ ਲੈ ਕੇ ਛੋਟੀਆਂ ਸੜਕਾਂ ਦੇ ਕੰਮ ਦਾ ਹੋ ਸਕਦਾ ਹੈ, ਇਸ ਤੋਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਵੱਡੀ ਗਿਣਤੀ ਅਲਪਕਾਲੀ ਪਰਵਾਸੀ ਕਾਮੇ ਹਨ ਜਿਨ੍ਹਾਂ ਵਿੱਚੋਂ ਹੀ ਉਸਾਰੀ ਖੇਤਰ ਵਿੱਚ ਕੰਮ ਕਰਦੇ ਹਨ। ਇਕ ਅਨੁਮਾਨ ਮੁਤਾਬਕ, ਜਿਹੜੇ ਪ੍ਰਮੁੱਖ ਖੇਤਰ ਵਿੱਚ ਕੰਮ ਕਰਦੇ ਹਨ ਅਤੇ ਮੌਸਮੀ ਪਰਵਾਸ ਕਰਦੇ ਹਨ, ਉਨ੍ਹਾਂ ਵਿੱਚੋਂ 36 ਪ੍ਰਤਿਸ਼ਤ ਉਸਾਰੀ ਖੇਤਰ ਤੇ 15 ਪ੍ਰਤਿਸ਼ਤ ਉੱਪ ਖੇਤਰ 'ਚ ਕੰਮ ਕਰਦੇ ਹਨ।

ਭਾਵੇਂ ਕਿ ਅੰਤਰ-ਰਾਜੀ ਪਰਵਾਸੀ ਕਾਮਿਆਂ ਬਾਰੇ ਐਕਟ ਵਿੱਚ ਠੇਕੇਦਾਰਾਂ, ਮਾਲਕਾਂ ਅਤੇ ਰਾਜ ਸਰਕਾਰ ਦੀਆਂ ਭੂਮਿਕਾਵਾਂ ਸਪੱਸ਼ਟ ਕੀਤੀਆਂ ਗਈਆਂ ਹਨ, ਪਰ ਦੋ ਹੋਰ ਐਕਟ ਵੀ ਹਨ ਜੋ ਉਸਾਰੀ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਨਾਲ ਸੰਬੰਧਿਤ ਹਨ: ਮਤਲਬ ਇਮਾਰਤਸਾਜ਼ੀ ਅਤੇ ਹੋਰ ਉਸਾਰੀ ਕਾਮੇ (ਰੋਜ਼ਗਾਰ ਤੇ ਕੰਮ ਦੀਆਂ ਸ਼ਰਤਾਂ ਦਾ ਨਿਯਮਨ) ਐਕਟ, 1996 ਅਤੇ ਇਮਾਰਤਸਾਜ਼ੀ ਅਤੇ ਹੋਰ ਉਸਾਰੀ ਕਾਮਿਆਂ ਦਾ ਭਲਾਈ ਸੈੱਸ ਐਕਟ, 1996। ਇਸ ਬਾਰੇ ਵਾਜਬ ਤੌਖਲੇ ਪ੍ਰਗਟ ਕੀਤੇ ਗਏ ਹਨ ਕਿ ਕੀ ਸੰਬੰਧਿਤ ਰਾਜ ਸਰਕਾਰ ਨੇ ਇਮਾਨਦਾਰੀ ਨਾਲ ਇਸ ਐਕਟ ਦੇ ਸਾਰੇ ਪੱਖਾਂ ਨੂੰ ਲਾਗੂ ਕੀਤਾ ਹੈ। ਹਾਈ ਕੋਰਟ ਅਤੇ ਸੁਪਰੀਮ ਕੋਰਟ ਵਲੋਂ ਇਨ੍ਹਾਂ ਦੋਵਾਂ ਐਕਟਾਂ ਦੇ ਪ੍ਰਾਵਧਾਨਾਂ ਉਤੇ ਢਿੱਲੇ ਅਮਲ ਬਾਰੇ ਕਈ ਮਾਮਲਿਆਂ ਦੀ ਸੁਣਵਾਈ ਕੀਤੀ ਗਈ ਹੈ। ਇਹ ਤਿੰਨ ਐਕਟ ਪਰਵਾਸੀ ਕਾਮਿਆਂ ਦੀਆਂ ਕੰਮ ਦੀਆਂ ਹਾਲਤਾਂ ਨਾਲ ਸੰਬੰਧਿਤ ਪੱਖਾਂ ਅਤੇ ਉਸਾਰੀ ਖੇਤਰ ਵਿੱਚ ਕੰਮ ਕਰਨ ਵਾਲਿਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹਨ।ਪਰ, ਹੋਰ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ ਨੂੰ ਨੀਤੀਗਤ ਚਰਚਾ ਵਿੱਚ ਹੱਲ ਨਹੀਂ ਕੀਤਾ ਗਿਆ।

'ਮੇਕ ਇਨ ਇੰਡੀਆ' ਬਾਰੇ ਚਰਚਾਵਾਂ ਅਕਸਰ 'ਭਾਰਤ ਵਿੱਚ ਕੀ ਬਣਾਇਆ ਜਾਵੇ' ਅਤੇ 'ਭਾਰਤ ਵਿੱਚ ਕਿੱਥੇ ਬਣਾਇਆ ਜਾਵੇ' ਵੱਲ ਚਲੀਆਂ ਜਾਂਦੀਆਂ ਹਨ, ਬਜਾਇ ਕਿ 'ਕੌਣ' 'ਕੀ' ਅਤੇ ਭਾਰਤ ਵਿੱਚ 'ਕਿੱਥੇ' ਬਣਾਉਂਦਾ ਹੈ ਹਕੀਕਤ ਵਿੱਚ, ਵਰਵਾਸੀ ਕਾਮੇ 'ਕੌਣ' ਦਾ ਇਕ ਕਾਫੀ ਵੱਡਾ ਹਿੱਸਾ ਹਨ। ਉਹ 'ਮੇਕ ਇਨ ਇੰਡੀਆ' ਪਹਿਲਕਦਮੀ ਦਾ ਅਨਿੱਖੜਵਾਂ ਭਾਗ ਹਨ ਅਤੇ ਇਸ ਬਿੰਦੂ ਨੂੰ ਜ਼ਿਆਦਾਤਰ ਚਰਚਾਵਾਂ ਵਿੱਚ ਵਿਚਾਰਿਆ ਜਾਂਦਾ ਹੈ। ਮਕਾਨ ਉਸਾਰੀ, ਬੁਨਿਆਦੀ ਢਾਂਚੇ ਅਤੇ ਰੋਜ਼ੀਰੋਟੀ 'ਤੇ ਪਰਵਾਸ ਦੇ ਪ੍ਰਭਾਵ ਬਾਰੇ ਬਣਾਏ ਕਾਰਜ ਦਲ ਵਲੋਂ ਆਪਣੀ ਰਿਪੋਰਟ ਵਿੱਚ ਇਸ ਤੱਥ ਨੂੰ ਉਜਾਗਰ ਕੀਤਾ ਗਿਆ ਹੈ ਕਿ ਪਰਵਾਸੀ ਕਾਮੇ ਭਾਰਤੀ ਆਰਥਿਕਤਾ ਵਿੱਚ ਭਰਵਾਂ ਯੋਗਦਾਨ ਪਾਉਂਦੇ ਹਨ। ਕਾਰਜ ਦਲ, ਜੋ ਮਕਾਨ ਉਸਾਰੀ ਅਤੇ ਸ਼ਹਿਰੀ ਗਰੀਬੀ ਦਾ ਖਾਤਮਾ ਕਰਨ ਵਾਲੇ ਮੰਤਰਾਲੇ ਵਲੋਂ 2015 ਵਿੱਚ ਗਠਿਤ ਕੀਤਾ ਗਿਆ ਸੀ, ਨੂੰ ਰਣਨੀਤਕ ਦਖਲਾਂ ਦੀ ਪਛਾਣ ਕਰਕੇ ਵਿਕਸਤ ਕਰਨ ਦਾ ਜ਼ਿੰਮਾ ਦਿੱਤਾ ਗਿਆ ਸੀ। ਕਾਰਜ ਦਲ ਵਲੋਂ ਮਾਰਚ 2017 ਵਿੱਚ ਆਪਣੀ ਰਿਪੋਰਟ ਮੰਤਰਾਲੇ ਨੂੰ ਸੌਂਪ ਦਿੱਤੀ ਗਈ। ਕਾਰਜ ਦਲ ਨੇ ਨੋਟ ਕੀਤਾ ਕਿ ਉਸਾਰੀ ਕਾਮਿਆਂ ਦੀ ਭਲਾਈ ਲਈ ਸੈੱਸ ਦੀ ਪੂਰੀ ਵਰਤੋਂ ਨਹੀਂ ਕੀਤੀ ਜਾ ਰਹੀ। ਇਸ ਵਲੋਂ ਸਿਫਾਰਸ਼ ਕੀਤੀ ਗਈ ਕਿ ਇਸ ਪੈਸੇ ਦੀ ਕਿਰਾਏ ਦੇ ਘਰ, ਹੋਸਟਲ ਆਦਿ ਨੂੰ ਉਤਸ਼ਾਹ ਦੇਣ ਲਈ ਵਰਤੋਂ ਕੀਤੀ ਜਾ ਸਕਦੀ ਹੈ। ਇਹ ਮਹੱਤਵਪੂਰਨ ਹੈ ਕਿ ਪਰਵਾਸੀ ਕਾਮਿਆਂ ਨੂੰ ਵਿੱਤੀ ਵਿਚੋਲਗੀ ਦੀ ਲਾਗਤ ਵਿੱਚ ਕਮੀ ਦਾ ਫਾਇਦਾ ਮਿਲੇ ਕਿਉਂਕਿ ਉਨ੍ਹਾਂ ਵਲੋਂ ਇਕ ਸਾਲ ਅੰਦਰ 50,000 ਕਰੋੜ ਰੁਪਏ ਤੱਕ ਦੀ ਵੱਡੀ ਰਕਮ ਆਪਣੇ ਪਰਿਵਾਰਾਂ ਨੂੰ ਭੇਜੀ ਜਾਂਦੀ ਹੈ।

ਰਿਪੋਰਟ ਵਿੱਚ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਪਰਵਾਸੀਆਂ ਦੇ ਹੱਕਾਂ ਅਤੇ ਲਾਭਾਂ ਦੀ ਰੱਖਿਆ ਕੀਤੀ ਜਾਵੇ। ਕੁੱਝ ਅਜਿਹੇ ਲਾਭ ਹਨ ਜਿਨ੍ਹਾਂ ਨੂੰ ਇਕ ਤੋਂ ਦੂਜੀ ਥਾਂ ਤਬਦੀਲ ਕਰਨ ਯੋਗ ਬਣਾਉਣ ਦੀ ਲੋੜ ਹੈ। ਇਨ੍ਹਾਂ ਵਿੱਚੋਂ ਇਕ ਹੈ ਜਨਤਕ ਵੰਡ ਪ੍ਰਣਾਲੀ ਨੂੰ ਤਬਦੀਲ ਯੋਗ ਬਣਾਉਣਾ। ਸ਼ੁਰੂਆਤ ਵਿੱਚ ਇਕ ਰਾਜ ਦੇ ਅੰਦਰ ਜਨਤਕ ਵੰਡ ਪ੍ਰਣਾਲੀ ਤੱਕ ਪਹੁੰਚ ਨੂੰ ਤਬਦੀਲੀ ਯੋਗ ਬਣਾਉਣ ਦੀ ਲੋੜ ਹੈ। ਛੱਤੀਸਗੜ੍ਹ ਵਰਗੇ ਰਾਜਾਂ ਨੇ ਅਜਿਹੀ ਸੰਭਾਵਨਾ ਦਾ ਮੁਜ਼ਾਹਰਾ ਵੀ ਕੀਤਾ ਹੈ। ਰਾਜ ਸਰਕਾਰ ਵਲੋਂ ਰਾਇਪੁਰ ਵਿੱਚ ਲਾਭਪਾਤਰੀ ਨੂੰ ਜਨਤਕ ਵੰਡ ਪ੍ਰਣਾਲੀ ਦੀਆਂ ਸਾਰੀਆਂ ਦੁਕਾਨਾਂ ਨਾਲ ਜੋੜ ਦਿੱਤਾ ਗਿਆ। ਲਾਭਪਾਤਰੀ ਨੂੰ ਕਿਸੇ ਵੀ ਦੁਕਾਨ ਤੋਂ ਅਨਾਜ ਖਰੀਦਣ ਦਾ ਬਦਲ ਦਿੱਤਾ ਗਿਆ। ਇਹ ਵਿਚਾਰ ਰਾਜ ਦੇ ਦੂਜੇ ਸ਼ਹਿਰਾਂ ਵਿੱਚ ਵੀ ਲਾਗੂ ਕੀਤਾ ਗਿਆ ਹੈ। ਇਕਨਾਮਿਕ ਅਤੇ ਪੁਲਿਟੀਕਲ ਵੀਕਲੀ ਵਿੱਚ ਇਕ ਹਾਲੀਆ ਲੇਖ ਵਿੱਚ ਏਜੋਸ਼ੀ, ਡੀ ਸਿਨਹਾ ਅਤੇ ਬੀ. ਪਟਨਾਇਕ ਦਲੀਲ ਦਿੰਦੇ ਹਨ ਕਿ ਹਾਲੇ ਇਸ ਦਿਸ਼ਾ ਵਿੱਚ ਹੋਰ ਵੀ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ ਕਿ ਪ੍ਰਣਾਲੀ ਠੀਕ ਤਰੀਕੇ ਨਾਲ ਕੰਮ ਕਰੇ। ਉਹ ਦਲੀਲ ਦਿੰਦੇ ਹਨ ਕਿ ਦੁਕਾਨ ਮਾਲਕਾਂ ਅਤੇ ਕਾਰਡ ਧਾਰਕਾਂ ਵਿਚਾਲੇ 'ਸੱਤਾ ਅਸੰਤੁਲਨ' ਦੇ ਮੁੱਦੇ, ਜੋ ਉਨ੍ਹਾਂ ਦਰਮਿਆਨ ਸੰਵਾਦ ਨੂੰ ਅਕਾਰ ਦਿੰਦੇ ਹਨ, ਦਾ ਹੱਲ ਕਰਨ ਦੀ ਲੋੜ ਹੈ।

ਇਕ ਹੋਰ ਖੇਤਰ ਜਿਸ ਵਿੱਚ ਰਾਜ ਸਰਕਾਰਾਂ ਨੂੰ ਸਰਗਰਮ ਹੋਣ ਦੀ ਜ਼ਰੂਰਤ ਹੈ, ਉਹ ਇਹ ਯਕੀਨੀ ਬਣਾਉਣਾ ਹੈ ਕਿ ਮਾਪਿਆਂ ਦੇ ਨਾਲ ਪਰਵਾਸ ਕਰਨ ਵਾਲੇ ਬੱਚਿਆਂ ਨੂੰ ਸਕੂਲ ਵਿੱਚ ਦਾਖਲਾ ਮਿਲ ਸਕੇ। ਕੁੱਝ ਬੱਚੇ ਆਪਣੇ ਮਾਪਿਆਂ ਵਲੋਂ ਮੌਸਮੀ ਪਰਵਾਸ ਕਰਨ ਸਮੇਂ ਪਿੱਛੇ ਨਹੀਂ ਰਹਿੰਦੇ। ਇਨ੍ਹਾਂ ਬੱਚਿਆਂ ਲਈ ਓਡੀਸ਼ਾ ਸਰਕਾਰ ਮੌਸਮੀ ਹੋਸਟਲ ਚਲਾ ਰਹੀ ਹੈ। ਯੂਨੀਸੈਫ ਨੇ ਮਹਾਰਾਸ਼ਟਰ ਸਰਕਾਰ ਨਾਲ ਮਿਲ ਕੇ ਅਜਿਹੇ ਦਖਲ ਤਿਆਰ ਕੀਤੇ ਹਨ ਜਿਸ ਨਾਲ ਪਰਵਾਸ ਕਰਨ ਵਾਲੇ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ ਅਤੇ ਪਿੱਛੇ ਰਹਿ ਜਾਣ ਵਾਲੇ ਬੱਚਿਆਂ ਨੂੰ ਭਾਈਚਾਰੇ ਉਤੇ ਅਧਾਰਤ ਸੁਰੱਖਿਆ ਸਾਂਭ-ਸੰਭਾਲ ਦੀਆਂ ਸਹੂਲਤਾਂ ਦਿੱਤੀਆਂ ਜਾ ਸਕਣ।

ਕਾਰਜ ਦਲ ਨੇ ਇਸ ਗੱਲ ਨੂੰ ਮਾਨਤਾ ਦਿੱਤੀ ਕਿ ਭਾਰਤ ਦਾ ਸੰਵਿਧਾਨ ਦੇਸ਼ ਅੰਦਰ ਕਿਧਰੇ ਵੀ ਆਉਣ ਜਾਣ ਦੀ ਖੁੱਲ੍ਹ ਦਾ ਹੱਕ ਦਿੰਦਾ ਹੈ। ਪਰ ਇਹ ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਕੁੱਝ ਰਾਜਾਂ ਵਿੱਚ ਰਿਹਾਇਸ਼ੀ ਕੋਟਾ ਹੁੰਦਾ ਹੈ ਜਿਸ ਤਹਿਤ ਉਸ ਰਾਜ ਦੇ ਬਾਸ਼ਿੰਦਿਆਂ ਨੂੰ ਸਿੱਖਿਆ ਵਿੱਚ ਦਾਖਲੇ ਜਾਂ ਸਰਕਾਰੀ ਨੌਕਰੀਆਂ ਦੇਣ ਸਮੇਂ ਤਰਜੀਹ ਦਿੱਤੀ ਜਾਂਦੀ ਹੈ। ਕਾਰਜ ਦਲ ਵਲੋਂ ਸਿਫਾਰਸ਼ ਕੀਤੀ ਗਈ ਕਿ ਰਾਜਾਂ ਨੂੰ ਸਰਗਰਮੀ ਨਾਲ ਰਿਹਾਇਸ਼ੀ ਸਥਿਤੀ ਦੀ ਲੋੜ ਦਾ ਖਾਤਮਾ ਕਰਨ ਲਈ

*ਬਾਕੀ ਸਫ਼ਾ 24 ਉੱਤੇ*

# ਬਾਲ ਮਜ਼ਦੂਰੀ ਕਾਨੂੰਨ ਵਿੱਚ ਸੁਧਾਰ

ਹੈਲਨ ਆਰ ਸੇਕਰ

ਬਾਲ ਮਜ਼ਦੂਰੀ ਕਾਨੂੰਨ ਇਕ ਅਜਿਹਾ ਧੁਰਾ ਹੈ ਜਿਸ ਦੇ ਦੁਆਲੇ ਬਾਲੜੀ ਉਮਰ ਦੇ ਸਮੂਹ ਵਿੱਚ ਸਖਤ ਮਿਹਨਤ ਕਰਵਾਉਣ ਨਾਲ ਨਜਿੱਠਣ ਵਾਲੀਆਂ ਨੀਤੀਆਂ ਘੁੰਮਦੀਆਂ ਹਨ। ਕਾਨੂੰਨ ਨੂੰ ਹਮੇਸ਼ਾ ਉਸ ਔਜ਼ਾਰ ਵਜੋਂ ਵੇਖਿਆ ਜਾਂਦਾ ਹੈ ਜੋ ਕਿ ਨਾ ਸਿਰਫ ਸਮਾਜਕ ਢੰਗਾਂ ਅਤੇ ਲੋਕਾਂ ਦੇ ਵਤੀਰੇ ਅਤੇ ਵਿਹਾਰ ਦੇ ਜਾਇਜ਼ੇ ਅਤੇ ਪ੍ਰਗਟਾਵੇ ਲਈ ਹੁੰਦਾ ਹੈ, ਸਗੋਂ ਸਮਾਜਕ ਬੁਰਾਈਆਂ ਨੂੰ ਘੱਟ ਕਰਨ ਲਈ ਵੀ ਹੁੰਦਾ ਹੈ, ਜੋ ਕਿ ਦਿਮਾਗ ਦੇ ਹਾਲਾਤ, ਕਾਰਵਾਈਆਂ, ਰਵਾਇਤਾਂ ਅਤੇ ਰੰਗਾਂ-ਢੰਗਾਂ ਤੋਂ ਪੈਦਾ ਹੁੰਦੀਆਂ ਹਨ। ਇਸ ਲਈ ਬਾਲ ਕਿਰਤ ਦੇ ਗੁੰਝਲਦਾਰ ਮੁੱਦੇ ਨਾਲ ਨਜਿੱਠਣ ਲਈ ਕਾਨੂੰਨ ਦੀ ਦਖ਼ਲ-ਅੰਦਾਜ਼ੀ ਕਾਫੀ ਜ਼ਰੂਰੀ ਹੈ। ਬਾਲ ਕਿਰਤ ਸਮਾਜਕ, ਆਰਥਿਕ ਢਾਂਚੇ ਨਾਲ ਡੂੰਘੇ ਤੌਰ ਤੇ ਜੁੜੀ ਹੋਈ ਹੈ। ਭਾਰਤ ਵਿੱਚ ਰਾਸ਼ਟਰੀ ਬਾਲ ਕਿਰਤ ਨੀਤੀ ਦੀ ਇਕ ਵਿਧਾਨਕ ਕਾਰਵਾਈ ਯੋਜਨਾ ਹੈ ਜੋ ਕਿ ਤਿੰਨ ਤੱਤਾਂ ਉਤੇ ਅਧਾਰਿਤ ਹੈ ਅਤੇ ਜਿਸ ਦਾ ਉਦੇਸ਼ ਬਾਲ ਕਿਰਤ ਨੂੰ ਆਮ ਤੌਰ ਤੇ ਖਤਮ ਕਰਨਾ ਅਤੇ ਖ਼ਾਸ ਤੌਰ ਤੇ ਖ਼ਤਰਨਾਕ ਧੰਦਿਆਂ ਵਿੱਚੋਂ ਇਸ ਦਾ ਖਾਤਮਾ ਕਰਨਾ ਹੈ। ਕਾਨੂੰਨ ਇਕ ਪ੍ਰਭਾਵੀ ਹਥਿਆਰ ਵਜੋਂ ਕੰਮ ਕਰਦਾ ਹੈ ਅਤੇ ਇਸ ਨੂੰ ਨੁਕਸਾਂ ਅਤੇ ਉਨ੍ਹਾਂ ਧਾਰਾਵਾਂ ਤੋਂ ਮੁਕਤ ਰੱਖਣ ਦੀ ਲੋੜ ਹੈ ਜੋ ਕਿ ਇਸ ਨੂੰ ਪ੍ਰਭਾਵੀ ਤੌਰ ਤੇ ਲਾਗੂ ਕਰਨ ਵਿੱਚ ਰੁਕਾਵਟ ਬਣਦੀਆਂ ਹਨ। ਬਾਲ ਕਿਰਤ (ਰੋਕ ਅਤੇ ਨਿਯਮਬੱਧ) ਕਾਨੂੰਨ 1986 ਨੂੰ ਸਾਲ 2016 ਵਿੱਚ ਸੋਧਿਆ ਗਿਆ ਹੈ ਇਸ ਸੋਧ ਦਾ ਉਦੇਸ਼ ਸਾਰੇ ਬੱਚਿਆਂ ਨੂੰ ਧੰਦਿਆਂ ਅਤੇ ਕੰਮਾਂ ਵਿੱਚ ਲਗਾਉਣ ਤੋਂ ਰੋਕਣਾ ਹੈ ਤਾਂ ਕਿ ਉਨ੍ਹਾਂ ਨੂੰ ਸਕੂਲਾਂ ਵਿੱਚ ਆਸਾਨੀ ਨਾਲ ਦਾਖ਼ਲ ਕਰਾਇਆ ਜਾ ਸਕੇ। ਅਜਿਹਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਕਾਨੂੰਨ 2009 ਅਧੀਨ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਪ੍ਰਬੰਧ ਕਰਨ ਲਈ ਹੈ। ਇਸ ਦੇ ਨਾਲ ਹੀ ਛੋਟੇ ਬੱਚਿਆਂ ਨੂੰ ਖ਼ਤਰਨਾਕ ਧੰਦਿਆਂ ਅਤੇ ਕੰਮਾਂ ਵਿੱਚ ਲਗਾਉਣ ਤੋਂ ਰੋਕਣ ਅਤੇ ਆਈ ਐੱਲ ਓ ਕਨਵੈਨਸ਼ਨ 138 ਅਤੇ ਕਨਵੈਨਸ਼ਨ 182 ਅਧੀਨ ਉਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਬੱਧ ਕਰਨ ਦਾ ਪ੍ਰਬੰਧ ਹੈ। ਆਈ ਐੱਲ ਓ ਕਨਵੈਨਸ਼ਨ ਨੰ. 138 ਵਿੱਚ ਘੱਟੋ-ਘੱਟ ਉਮਰ ਦਾ ਵਰਨਣ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਕੰਮ ਉਤੇ ਕਿਸੇ ਨੂੰ ਲਗਾਉਣ ਲਈ ਘੱਟੋ-ਘੱਟ ਉਮਰ ਉਸ ਦੀ ਸਕੂਲ ਦੀ ਲਾਜ਼ਮੀ ਪੜ੍ਹਾਈ ਖਤਮ ਕਰਨ ਤੋਂ ਪਹਿਲਾਂ ਨਹੀਂ ਹੋਣੀ ਚਾਹੀਦੀ ਅਤੇ ਕਿਸੇ ਵੀ ਮਾਮਲੇ ਵਿੱਚ ਇਹ 15 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ। ਆਈ ਐੱਲ ਓ ਕਨਵੈਨਸ਼ਨ ਨੰ. 182 – ''ਬਾਲ ਕਿਰਤ ਦੀਆਂ ਸਭ ਤੋਂ ਮਾੜੀਆਂ ਕਿਸਮਾਂ'' ਦਾ ਧਾਰਾ 1 ਵਿੱਚ ਜ਼ਿਕਰ ਹੈ ਜਿਸ ਅਨੁਸਾਰ ਬਹੁਤ ਜ਼ਿਆਦਾ ਬਾਲ ਕਿਰਤ ਨੂੰ ਤੁਰੰਤ ਰੋਕਣ ਦੇ ਕਦਮ ਚੁੱਕੇ ਜਾਣ ਅਤੇ ਇਸ ਨੂੰ ਪਹਿਲ ਦੇ ਤੌਰ ਤੇ ਲਿਆ ਜਾਵੇ। ਪਰਚੇ ਵਿੱਚ ਕਿਹਾ ਗਿਆ ਹੈ ਕਿ ਬਾਲ ਕਿਰਤ ਕਾਨੂੰਨ ਵਿੱਚ ਤਾਜ਼ਾ ਸੁਧਾਰ ਭਾਰਤ ਵਿੱਚ ਕੰਮਕਾਜੀ ਬੱਚਿਆਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ।

ਬਾਲ ਕਿਰਤ ਇਕ ਦੋਹਰਾ ਸ਼ਬਦ ਹੈ ਜਿਸ ਦੇ ਕਿ ਦੋ ਵਿਰੋਧੀ ਅਰਥ ਹਨ। ਸ਼ਬਦ 'ਬਾਲ' ਭੋਲੇਪਨ ਅਤੇ ਪਿਆਰ ਨੂੰ ਦਰਸਾਉਂਦਾ ਹੈ ਅਤੇ ਸ਼ਬਦ 'ਕਿਰਤ' ਸਖਤ ਮਿਹਨਤ ਅਤੇ ਪਸੀਨਾ ਵਹਾਉਣ ਨੂੰ ਦਰਸਾਉਂਦਾ ਹੈ। ਇਤਿਹਾਸ ਉਤੇ ਨਜ਼ਰ ਮਾਰਨ ਉਤੇ ਪਤਾ ਲਗਦਾ ਹੈ ਕਿ ਬੱਚੇ ਸ਼ੁਰੂ ਤੋਂ ਹੀ ਕੰਮ ਕਰਦੇ ਆਏ ਹਨ। ਇਹ ਵਿਸ਼ਵਾਸ ਹੈ ਕਿ ਕੰਮ ਕਰਨ ਨਾਲ ਬੱਚਿਆਂ ਵਿੱਚ ਭਰੋਸੇ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਉਨ੍ਹਾਂ ਵਿੱਚ ਸਵੈ-ਵਿਸ਼ਵਾਸ ਵਧਦਾ ਹੈ ਅਤੇ ਸਮਾਜ ਵਿੱਚ ਰਹਿਣ ਦਾ ਢੰਗ ਤਰੀਕਾ ਆਉਂਦਾ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਛੋਟੀ ਉਮਰ ਤੋਂ ਹੀ ਨਿਪੁੰਨਤਾ ਹਾਸਲ ਕਰਨ ਨਾਲ ਰਵਾਇਤੀ ਪ੍ਰਬੀਨਤਾ ਦੀ ਰਾਖੀ ਹੁੰਦੀ ਹੈ ਅਤੇ ਇਸ ਨੂੰ ਅਗਲੀ ਪੀੜ੍ਹੀ ਤੱਕ ਵੀ ਪਹੁੰਚਾਇਆ ਜਾਂਦਾ ਹੈ। ਕੰਮ ਦੇ ਇਹ ਹਾਂ-ਪੱਖੀ ਪਹਿਲੂ ਉਸ ਵੇਲੇ ਨਾਟਕੀ ਤੌਰ ਤੇ ਤਬਦੀਲ ਹੋ ਜਾਂਦੇ ਹਨ ਜਦੋਂ ਬੱਚਿਆਂ ਨੂੰ ਦਿਨ ਵਿੱਚ ਕਾਫੀ ਲੰਬੇ ਸਮੇਂ ਤੱਕ ਅਜਿਹੀ ਸਥਿਤੀ ਵਿੱਚ ਕੰਮ ਕਰਨ ਲਈ ਮਜਬੂਤ ਕੀਤਾ ਜਾਂਦਾ ਹੈ ਜਿਸ ਨਾਲ ਉਨ੍ਹਾਂ ਦੀ ਦਿਮਾਗੀ ਅਤੇ ਸਰੀਰਕ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਉਨ੍ਹਾਂ ਦਾ ਬਚਪਨ ਉਨ੍ਹਾਂ ਤੋਂ ਖੋਹਣ ਤੋਂ ਇਲਾਵਾ ਉਨ੍ਹਾਂ ਨੂੰ ਵਿੱਦਿਅਕ ਅਤੇ ਹੋਰ ਅਧਿਕਾਰਾਂ ਅਤੇ ਮੌਕਿਆਂ ਤੋਂ ਵਾਂਝੇ ਕੀਤਾ ਜਾਂਦਾ ਹੈ। ਕੰਮ ਵਾਲੀ ਥਾਂ ਉਤੇ ਬੱਚਿਆਂ ਨੂੰ ਬਹੁਤ ਘੱਟ ਤਨਖ਼ਾਹਾਂ ਦਿੱਤੀਆਂ ਜਾਂਦੀਆਂ ਹਨ ਅਤੇ ਕਈ ਵਾਰੀ ਉਨ੍ਹਾਂ ਦੇ ਮਾਤਾ-ਪਿਤਾ ਜਾਂ ਪਰਿਵਾਰ ਵਲੋਂ ਲਏ ਗਏ ਕਰਜ਼ੇ ਨੂੰ ਉਤਾਰਨ ਲਈ ਉਨ੍ਹਾਂ ਨੂੰ ਬਿਨਾਂ ਮੁਆਵਜ਼ੇ ਤੋਂ ਹੀ ਕੰਮ ਕਰਨਾ ਪੈਂਦਾ ਹੈ। ਬਾਲ ਕਿਰਤ ਦੀਆਂ ਕਈ ਕਿਸਮਾਂ ਅਤੇ ਢੰਗ ਹਨ ਜਿਵੇਂ ਕਿ ਮੁਆਵਜ਼ੇ ਨਾਲ/ਮੁਆਵਜ਼ੇ ਤੋਂ ਬਿਨਾਂ ਬੱਚਿਆਂ ਤੋਂ ਕੰਮ ਕਰਵਾਉਣਾ, ਬੰਧੂਆ ਬਾਲ ਮਜ਼ਦੂਰੀ, ਬੱਚਿਆਂ ਤੋਂ ਪਰਿਵਾਰ ਦੇ ਮੈਂਬਰ ਵਜੋਂ ਕੰਮ ਲੈਣਾ, ਸਵੈ-ਰੋਜ਼ਗਾਰ ਵਿੱਚ ਲੱਗੇ ਬੱਚੇ, ਘਰੇਲੂ ਨੌਕਰ/ਸੱਨਅਤੀ ਕਾਮੇ ਬੱਚੇ, ਪ੍ਰਵਾਸੀ, ਗੈਰ ਪ੍ਰਵਾਸੀ ਮਜ਼ਦੂਰ ਬੱਚੇ। ਵੱਖ-ਵੱਖ ਸਮਿਆਂ ਉਤੇ ਵੱਖ-ਵੱਖ ਸੋਮਿਆਂ ਰਾਹੀਂ ਇਕੱਠੇ ਕੀਤੇ ਅੰਕੜਿਆਂ ਤੋਂ ਸੰਕੇਤ ਮਿਲਦਾ ਹੈ ਕਿ ਵੱਖ-ਵੱਖ ਖੇਤਰਾਂ ਵਿੱਚ ਬੱਚਿਆਂ ਨੂੰ ਰੋਜ਼ਗਾਰ ਦੇਣਾ, ਜਿਸ ਵਿੱਚ ਖੇਤੀ, ਪਸ਼ੂ ਪਾਲਣ, ਜੰਗਲਾਤ, ਨਿਰਮਾਣ, ਫੂਡ ਪ੍ਰੋਸੈਸਿੰਗ ਅਤੇ ਹੋਰ

ਸੇਵਾ ਖੇਤਰ ਵਿੱਚ ਇਨ੍ਹਾਂ ਨੂੰ ਕੰਮ ਦਿੱਤਾ ਜਾਂਦਾ ਹੈ। ਕੁੱਝ ਕਿੱਤਿਆਂ ਵਿੱਚ ਬਾਲ ਮਜ਼ਦੂਰਾਂ ਤੋਂ ਉਤਪਾਦਨ, ਕੱਚਾ ਮਾਲ ਇਕੱਠਾ ਕਰਨ ਅਤੇ ਤਿਆਰ ਉਤਪਾਦਾਂ ਨੂੰ ਜੋੜਨ ਆਦਿ ਸਾਰੇ ਕੰਮ ਲਏ ਜਾਂਦੇ ਹਨ। ਆਰਥਿਕ ਮਾਮਲੇ ਦੀ ਗੱਲ ਛੱਡ ਵੀ ਦੇਈਏ ਤਾਂ ਬੱਚਿਆਂ ਨੂੰ ਬਹੁਤ ਹੀ ਗੰਦਗੀ ਭਰੀ ਸਥਿਤੀ ਵਿੱਚ ਕੰਮ ਕਰਨਾ ਪੈਂਦਾ ਹੈ ਅਤੇ ਖ਼ਤਰਨਾਕ ਰਸਾਇਣਾਂ ਦਾ ਟਾਕਰਾ ਕਰਨ ਤੋਂ ਇਲਾਵਾ ਕੀੜੇ-ਮਕੌੜਿਆਂ ਦੇ ਕੱਟਣ ਅਤੇ ਉਪਰੋਂ ਹੇਠਾਂ ਡਿੱਗਣ ਵਰਗੇ ਹਾਲਾਤ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਵੱਖ-ਵੱਖ ਉਤਪਾਦ ਇਕਾਈਆਂ ਵਿੱਚ ਕੰਮ ਕਰਨ ਵਾਲੇ ਬੱਚੇ ਧਾਤ ਅਤੇ ਹੋਰ ਧੂੜ ਦਾ ਸਾਹਮਣਾ ਕਰਦੇ ਹਨ ਅਤੇ ਕਈ ਬੀਮਾਰੀਆਂ, ਜਿਵੇਂ ਕਿ ਸਿਲੀਕੋਇਸਿਸ (ਸ਼ੀਸ਼ਾ ਨਿਰਮਾਣ), ਐਸਬੈਸਟੋਸਿਸ (ਸੀਮੈਂਟ ਅਤੇ ਸਲੇਟ), ਦਮਾ (ਰੇਸ਼ਮ, ਕੱਪੜਾ, ਟੈਕਸਟਾਈਲ, ਗਲੀਚੇ), ਤਪਦਿਕ (ਬੀੜੀ ਨਿਰਮਾਣ), ਟੈਟਨਸ (ਕੂੜਾ ਬੀਨਣਾ), ਅੱਖਾਂ ਦੀਆਂ ਬੀਮਾਰੀਆਂ (ਕਢਾਈ ਦਾ ਕੰਮ – ਜ਼ਰਦੋਸੀ, ਹਥਾਰੀ, ਜ਼ਰੀ, ਕਰਚੋਬ) ਦਾ ਸ਼ਿਕਾਰ ਹੋ ਸਕਦੇ ਹਨ। ਇਨ੍ਹਾਂ ਵਿੱਚੋਂ ਕਈ ਬੀਮਾਰੀਆਂ ਲਾ-ਇਲਾਜ ਹਨ। ਬਾਲ ਕਿਰਤ ਦੀ ਇਕ ਉਦਾਹਰਣ ਪਿੱਤਲ ਨਿਰਮਾਣ ਦਾ ਕੰਮ ਹੈ। ਇਸ ਕੰਮ ਵਿੱਚ ਬੱਚੇ ਭੱਠੀ ਵਿੱਚ ਢਲਾਈ ਦਾ ਕੰਮ ਕਰਦੇ ਹਨ। ਉਹ ਭੱਠੀ ਦੇ ਚੱਕੇ ਨੂੰ ਘੁਮਾਉਂਦੇ ਹਨ ਤਾਂ ਕਿ ਅੱਗ ਲਗਾਤਾਰ ਬਲਦੀ ਰਹੇ। ਉਹ ਜ਼ਮੀਨ ਹੇਠਲੀ ਭੱਠੀ ਉਤੇ ਨਜ਼ਰ ਰੱਖਦੇ ਹਨ ਤਾਂ ਕਿ ਪਿਘਲੀ ਧਾਤ ਬਾਹਰ ਨਾ ਡਿੱਗੇ। ਉਹ ਭੱਠੀ ਵਿੱਚ ਰਸਾਇਣਕ ਪਾਊਡਰ ਵੀ ਪਾਉਂਦੇ ਹਨ। ਜੇ ਤਾਂ ਪਿਘਲਿਆ ਪਿੱਤਲ ਢਲਾਈ ਲਈ ਤਿਆਰ ਹੋਵੇ ਤਾਂ ਅੱਗ ਵਿੱਚੋਂ ਨੀਲਾ ਅਤੇ ਹਰਾ ਧੂੰਆਂ ਨਿਕਲਦਾ ਹੈ ਜੋ ਕਿ ਭੱਠੀ ਵਿੱਚੋਂ ਬਾਹਰ ਆਉਂਦਾ ਹੈ। ਉਸ ਵੇਲੇ ਕੰਮ ਕਰ ਰਿਹਾ ਬੱਚਾ ਵੱਡੇ ਚਿਮਟਿਆਂ ਦੀ ਜੋੜੀ ਨਾਲ ਉਸ ਭੱਠੀ ਵਿੱਚ ਭੱਖ ਰਹੇ ਪਿੱਤਲ ਦੇ ਟੁਕੜੇ ਚੁੱਕਦਾ ਹੈ ਅਤੇ ਨਾਲ ਕੰਮ ਕਰ ਰਹੇ ਵੱਡੇ ਆਦਮੀ ਦੀ ਮਦਦ ਨਾਲ ਭੱਠੀ ਨੂੰ ਖੋਲ੍ਹ ਕੇ ਟੁਕੜਿਆਂ ਨੂੰ ਪਾਸੇ ਕਰਦਾ ਹੈ। ਇਸ ਵੇਲੇ ਬੱਚੇ ਨੰਗੇ ਪੈਰੀਂ ਭੱਠੀ ਦੇ ਦੁਆਲੇ ਕੰਮ ਕਰਦੇ ਹਨ। ਇਸ ਕੰਮ ਨੂੰ ਕਰਦੇ ਹੋਏ ਕਾਮਿਆਂ ਨੂੰ ਧੂੰਏਂ ਅਤੇ ਗੈਸ ਦਾ ਸ਼ਿਕਾਰ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਉਸ ਵੇਲੇ ਭੱਠੀ ਦਾ ਤਾਪਮਾਨ 1100 ਡਿਗਰੀ ਸੈਂਟੀਗ੍ਰੇਡ ਹੁੰਦਾ ਹੈ। ਉਸ ਵੇਲੇ ਭੱਠੀ ਵਿੱਚੋਂ ਜੋ ਗੈਸ ਅਤੇ ਧੂੰਆਂ ਛੱਡਿਆ ਜਾਦਾ ਹੈ ਉਹ ਕੰਮ ਕਰਨ ਵਾਲੇ ਬੱਚਿਆਂ ਦੇ ਸਰੀਰਾਂ ਵਿੱਚ ਸਾਹ ਰਾਹੀਂ ਜਾਦਾ ਹੈ ਅਤੇ ਉਨ੍ਹਾਂ ਲਈ ਅੱਗ ਨਾਲ ਜ਼ਖ਼ਮੀ ਹੋਣ ਅਤੇ ਅੱਖਾਂ ਦੇ ਜ਼ਖ਼ਮੀ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਭੱਠੀ ਵਿੱਚੋਂ ਨਿਕਲਿਆ ਕੋਈ ਪਿੱਤਲ ਦਾ ਟੁਕੜਾ ਪਾਲਸ਼ ਦੌਰਾਨ ਡਿੱਗਣ ਦਾ ਖ਼ਤਰਾ ਵੀ ਕਾਇਮ ਰਹਿੰਦਾ ਹੈ। ਪਿੱਤਲ ਦੇ ਟੁਕੜੇ ਨੂੰ ਹੱਥ ਵਿੱਚ ਫੜ ਕੇ ਘੁਮਾਉਣ ਨਾਲ ਉਂਗਲਾਂ ਵਿੱਚ ਦਰਦ ਹੋਣ ਦਾ ਡਰ ਵੀ ਰਹਿੰਦਾ ਹੈ। ਪਾਲਸ਼ ਦੌਰਾਨ ਜੋ ਧੂੰਆਂ ਨਿਕਲਦਾ ਹੈ ਉਸ ਨਾਲ ਸਾਹ ਦੀ ਸਮੱਸਿਆ ਅਤੇ ਹੋਰ ਕਈ ਬੀਮਾਰੀਆਂ ਜਿਵੇਂ ਕਿ ਐਕੀਲੋਸਿਸ, ਸਪੋਂਡੇਲਾਇਸਿਸ ਅਤੇ ਸਥਾਈ ਤੌਰ ਤੇ ਰੀੜ੍ਹ ਦੀ ਹੱਡੀ ਵਿੱਚ ਵਿਗਾੜ ਦਾ ਡਰ ਕਾਇਮ ਰਹਿੰਦਾ ਹੈ।ਤਾਲੇ ਬਣਾਉਣ ਸਮੇਂ ਪਾਲਸ਼ ਕਰਨ, ਇਲੈਕਟ੍ਰੋ-ਪਲੇਟਿੰਗ ਅਤੇ ਸਪਰੇਅ ਪੇਂਟਿੰਗ ਦੇ ਕੰਮ ਵਿੱਚ ਲੱਗੇ ਬਾਲ ਮਜ਼ਦੂਰ ਖ਼ਤਰਨਾਕ ਬੀਮਾਰੀ ਦੇ ਖ਼ਤਰੇ ਦਾ ਸ਼ਿਕਾਰ ਰਹਿੰਦੇ ਹਨ। ਵਿਸ਼ਵ ਸਪਲਾਈ ਲੜੀ ਵਿੱਚ ਬਾਲ ਮਜ਼ਦੂਰਾਂ ਦੀ ਮੌਜੂਦਗੀ ਵੀ ਚਿੰਤਾ ਦਾ ਕਾਰਨ ਹੈ। ਇਸ ਨਾਲ ਬੱਚਿਆਂ ਦੇ ਸਮੁੱਚੇ ਵਿਕਾਸ ਉਤੇ ਮਾੜਾ ਪ੍ਰਭਾਵ ਪੈਂਦਾ ਹੈ। ਇਕ ਸਪੱਸ਼ਟ ਰਾਸ਼ਟਰੀ ਨੀਤੀ ਅਤੇ ਵੱਕਾਰੀ ਕਾਰਵਾਈ ਦੀ ਲੋੜ ਹੈ ਜੋ ਕਿ ਗਰੀਬੀ, ਬੇਰੋਜ਼ਗਾਰੀ, ਅਨਪੜ੍ਹਤਾ ਵਿਰੁੱਧ ਕਾਰਵਾਈ ਕਰ ਸਕੇ ਤਾਂ ਕਿ ਬਾਲ ਮਜ਼ਦੂਰਾਂ ਦਾ ਸ਼ੋਸ਼ਣ ਰੁਕ ਸਕੇ।

ਭਾਰਤ ਸਰਕਾਰ ਬਾਲ ਮਜ਼ਦੂਰਾਂ ਦੀ ਸਮੱਸਿਆ ਦੇ ਹੱਲ ਲਈ ਪੂਰੀ ਤਰ੍ਹਾਂ ਸਰਗਰਮ ਹੈ। ਇਸ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਭਾਰਤੀ ਸੰਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਵਿੱਚ ਇਸ ਦਾ ਪ੍ਰਬੰਧ ਕੀਤਾ ਗਿਆ ਹੈ। ਵੱਖ-ਵੱਖ ਕਿਰਤ ਕਾਨੂੰਨਾਂ ਅਤੇ ਸਮੇਂ-ਸਮੇਂ ਉਤੇ ਉਨ੍ਹਾਂ ਵਿੱਚ ਕੀਤੀਆਂ ਗਈਆਂ ਸੋਧਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਭਾਰਤ ਸਰਕਾਰ ਨੇ ਬਾਲ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨਾ ਯਕੀਨੀ ਬਣਾਉਣ ਲਈ ਸੋਮਿਆਂ ਦਾ ਪ੍ਰਬੰਧ ਕਰਨ ਤੋਂ ਇਲਾਵਾ ਰਾਸ਼ਟਰੀ ਬਾਲ ਮਜ਼ਦੂਰ ਨੀਤੀ ਲਾਗੂ ਕਰਨ ਲਈ ਇਸ ਦੇ ਟੀਚੇ ਅਤੇ ਪਹਿਲਾਂ ਸਥਾਪਤ ਕੀਤੀਆਂ ਹਨ। ਨੀਤੀ ਵਿੱਚ ਹੌਲੀ-ਹੌਲੀ ਚੱਲਣ ਵਾਲੀ ਪਹੁੰਚ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਵਿੱਚ ਖ਼ਤਰਨਾਕ ਕਿੱਤਿਆਂ ਵਿੱਚ ਲੱਗੇ ਬਾਲ ਮਜ਼ਦੂਰਾਂ ਦੇ ਪੁਨਰਵਾਸ ਉੱਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਸਰਕਾਰ ਨੇ ਖ਼ਤਰਨਾਕ ਕੰਮਾਂ ਵਿੱਚੋਂ ਕੱਢੇ ਗਏ ਅਤੇ ਬਚਾਏ ਗਏ ਬੱਚਿਆਂ ਦੇ ਪੁਨਰਵਾਸ ਲਈ ਵੱਖ-ਵੱਖ ਸਕੀਮਾਂ ਲਾਗੂ ਕੀਤੀਆਂ ਹਨ ਅਤੇ ਪੁਨਰਵਾਸ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ ਇਕ ਟਾਸਕ ਫੋਰਸ ਬਣਾਈ ਹੈ ਜੋ ਕਿ ਇਨ੍ਹਾਂ ਪ੍ਰੋਗਰਾਮਾਂ ਦੀ ਯੋਜਨਾਬੰਦੀ ਅਤੇ ਉਨ੍ਹਾਂ ਨੂੰ ਲਾਗੂ ਕਰਨ ਅਤੇ ਨਿਗਰਾਨੀ ਕਰਨ ਵਿੱਚ ਹਿੱਸਾ ਪਾਵੇਗੀ।

ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਵਿੱਦਿਆ ਦੇਣ ਦੇ ਕਾਨੂੰਨ 2009 (ਆਰ ਟੀ ਈ ਐਕਟ) ਦੇ ਬਣਨ ਨਾਲ ਸਰਕਾਰ ਨੇ ਵਿੱਦਿਆ ਦੇ ਅਧਿਕਾਰ ਨੂੰ ਬੱਚਿਆਂ ਦਾ ਮੁਢਲਾ ਅਧਿਕਾਰ ਬਣਾ ਦਿੱਤਾ ਹੈ (6-14 ਸਾਲ ਤੱਕ ਦੀ ਉਮਰ ਦੇ ਹਰ ਬੱਚੇ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਦਿੱਤੀ ਜਾ ਰਹੀ ਹੈ। ਬਾਲ ਮਜ਼ਦੂਰ ਨੀਤੀ ਦੇ ਟੀਚੇ ਸਿਰਫ ਸਕੂਲਾਂ ਵਿੱਚ ਬੱਚਿਆਂ ਦੇ ਦਾਖ਼ਲੇ ਅਤੇ ਹਾਜ਼ਰੀ ਵਿੱਚ ਹੀ ਨਜ਼ਰ ਨਹੀਂ ਆਉਂਦੇ ਸਗੋਂ ਬਾਲ ਮਜ਼ਦੂਰਾਂ ਦੀ ਗਿਣਤੀ ਜੋ 2001 ਵਿੱਚ 12.7 ਮਿਲੀਅਨ ਸੀ ਉਹ 2011 ਵਿੱਚ ਘਟ ਕੇ 10.1 ਮਿਲੀਅਨ ਰਹਿ ਗਈ। ਲਗਭਗ ਇਸੇ ਸਮੇਂ ਵਿੱਚ ਹੀ ਐੱਨ ਐੱਸ ਐੱਸ ਓ ਦੀ ਸਰਵੇਖਣ ਰਿਪੋਰਟ ਨੇ ਦਰਸਾਇਆ ਕਿ 2004-05 ਵਿੱਚ ਜਿਥੇ ਬਾਲ ਮਜ਼ਦੂਰਾਂ ਦੀ ਗਿਣਤੀ 9.07 ਮਿਲੀਅਨ ਸੀ ਉਹ 2009-10 ਵਿੱਚ ਘਟ ਕੇ 4.98 ਮਿਲੀਅਨ ਰਹਿ ਗਈ।

ਬਾਲ ਮਜ਼ਦੂਰ(ਰੋਕ ਅਤੇ ਨਿਯਮਬੱਧਤਾ) ਕਾਨੂੰਨ 1986, 14 ਸਾਲ ਦੇ ਬੱਚਿਆਂ ਨੂੰ 18 ਕਿੱਤਿਆਂ ਅਤੇ 65 ਧੰਦਿਆਂ ਵਿੱਚ ਕੰਮ ਕਰਨ ਤੋਂ ਰੋਕਦਾ ਹੈ। ਇਸ ਕਾਨੂੰਨ ਵਿੱਚ ਦੱਸਿਆ ਗਿਆ ਹੈ ਕਿ ਅਲ੍ਹੜ ਉਹ ਲੋਕ ਹਨ ਜਿਨ੍ਹਾਂ ਨੇ ਉਮਰ ਦੇ 14 ਸਾਲ ਤਾਂ ਪੂਰੇ ਕਰ ਲਏ ਹਨ ਪਰ 18 ਅਜੇ ਪੂਰੇ ਨਹੀਂ ਕੀਤੇ। 18 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਨੂੰ ਕਿਸੇ ਵੀ ਖ਼ਤਰਨਾਕ ਧੰਦੇ ਜਾਂ ਕੰਮ, ਜਿਵੇਂ ਕਿ ਖਾਣਾਂ ਅਤੇ ਵਿਸਫੋਟਕ ਸਥਾਨਾਂ ਉੱਤੇ ਕੰਮ ਕਰਨ ਤੋਂ ਰੋਕ ਲਗਾਈ ਗਈ ਹੈ। ਇਨ੍ਹਾਂ ਧੰਦਿਆਂ ਦਾ ਜ਼ਿਕਰ 1948 ਦੇ ਫੈਕਟਰੀ ਐਕਟ ਵਿੱਚ ਵੀ ਦਰਜ ਹੈ। ਸੋਧ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਇਕ ਤਕਨੀਕੀ ਸਲਾਹਕਾਰ ਕਮੇਟੀ (ਟੀ ਏ ਸੀ) ਕਾਇਮ ਕੀਤੀ ਗਈ ਜਿਸ ਦਾ ਉਦੇਸ਼ ਖ਼ਤਰਨਾਕ ਧੰਦਿਆਂ ਅਤੇ

ਕੰਮਾਂ ਦਾ ਜਾਇਜ਼ਾ ਲੈਣਾ ਸੀ ਅਤੇ ਉਸ ਨੇ ਆਪਣੀ ਰਿਪੋਰਟ ਅਤੇ ਸਿਫਾਰਸ਼ਾਂ 2 ਹਿੱਸਿਆਂ ਵਿੱਚ ਜਾਰੀ ਕਤੀਆਂ। 'ਏ' ਹਿੱਸੇ ਵਿੱਚ ਖ਼ਤਰਨਾਕ ਕਿੱਤਿਆਂ ਅਤੇ ਕੰਮਾਂ ਦਾ ਜ਼ਿਕਰ ਕੀਤਾ ਗਿਆ ਜਿਨ੍ਹਾਂ ਵਿੱਚ ਕਿ ਅਲ੍ਹੜਾਂ ਦੇ ਕੰਮ ਕਰਨ ਉਤੇ ਰੋਕ ਲਗਾਈ ਗਈ ਅਤੇ 'ਬੀ' ਹਿੱਸੇ ਵਿਚ ਉਨ੍ਹਾਂ ਖ਼ਤਰਨਾਕ ਕਿੱਤਿਆਂ ਦਾ ਜ਼ਿਕਰ ਕੀਤਾ ਗਿਆ ਜਿਨ੍ਹਾਂ ਵਿੱਚ ਛੋਟੇ ਬੱਚਿਆਂ ਦੇ ਕੰਮ ਕਰਨ ਉਤੇ ਰੋਕ ਲਗਾਈ ਗਈ। ਭਾਗ 'ਏ' ਵਿੱਚ ਕਿੱਤਿਆਂ ਦੇ 9 ਵਰਗਾਂ ਦਾ ਜ਼ਿਕਰ ਕੀਤਾ ਗਿਆ ਹੈ, ਖ਼ਾਸ ਤੌਰ ਤੇ ਜ਼ਮੀਨਦੋਜ ਅਤੇ ਪਾਣੀ ਹੇਠਲੇ ਕੰਮ ਅਤੇ ਉਨ੍ਹਾਂ ਸੱਨਅਤਾਂ ਦੀ ਸੂਚੀ ਵੀ ਦਿੱਤੀ ਗਈ ਜੋ ਕਿ ਖ਼ਤਰਨਾਕ ਕੰਮ ਵਾਲੀਆਂ ਹਨ। ਇਨ੍ਹਾਂ ਵਿੱਚੋਂ ਕੁਝ ਕੁ ਧੰਦੇ ਬਿਜਲੀ, ਸੀਮੈਂਟ, ਰਬੜ, ਪੈਟਰੋਲੀਅਮ, ਖਾਦ, ਦਵਾਈਆਂ ਦੀ ਸੱਨਅਤ, ਪੇਪਰ ਦਾ ਗੁੱਦਾ, ਪੈਟ੍ਰੋਕੈਮੀਕਲ ਸੱਨਅਤ, ਪੇਂਟਸ, ਇਲੈਕਟ੍ਰੋਪਲੇਟਿੰਗ, ਚਮੜੇ ਨੂੰ ਰੰਗਣਾ, ਸ਼ੀਸ਼ੇ ਅਤੇ ਸੈਰਾਮਿਕਸ ਸੱਨਅਤ, ਬੁੱਚੜਖਾਨੇ, ਉਸਾਰੀ ਸੱਨਅਤ ਆਦਿ। ਜੋ ਬੱਚੇ ਆਪਣੇ ਪਰਿਵਾਰਿਕ ਅਦਾਰਿਆਂ ਦੀ ਸਕੂਲ ਤੋਂ ਛੁੱਟੀ ਤੋਂ ਬਾਅਦ ਜਾਂ ਛੁੱਟੀਆਂ ਵਿੱਚ ਮਦਦ ਕਰਦੇ ਹਨ ਉਨ੍ਹਾਂ ਨੂੰ ਛੋਟ ਦੇ ਦਿੱਤੀ ਗਈ ਹੈ। ਇਥੇ ਪਰਿਵਾਰ ਦਾ ਮਤਲਬ ਸਿਰਫ ਬੱਚੇ ਦੇ ਮਾਤਾ, ਪਿਤਾ, ਭਰਾ, ਭੈਣ, ਭੂਆ, ਚਾਚੇ , ਤਾਏ ਅਤੇ ਮਾਸੀਆਂ ਅਤੇ ਮਾਮੇ ਸ਼ਾਮਲ ਹਨ। ਇਹ ਬਹੁਤ ਅਹਿਮ ਹੈ ਕਿ ਸਕੂਲ ਦੀ ਪਰਿਭਾਸ਼ਾ ਉਹ ਸਕੂਲ ਹੈ ਜੋ ਕਿ ਆਰ ਟੀ ਈ ਕਾਨੂੰਨ ਅਧੀਨ ਆਉਂਦਾ ਹੈ। ਅਜਿਹਾ ਕਾਨੂੰਨ ਜੋ ਕਿ "ਸ਼ੈਡਿਊਲ" (ਧਾਰਾ 19 ਅਤੇ 25) "ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਕਾਨੂੰਨ" ਅਤੇ ਜੋ ਪੂਰੀ ਤਰ੍ਹਾਂ ਸਵੈ-ਇੱਛਕ ਹੈ ਕਿਸੇ ਖ਼ਤਰਨਾਕ ਧੰਦੇ ਅਧੀਨ ਨਹੀਂ ਗਿਣਿਆ ਜਾਂਦਾ। ਕਿਸੇ ਵੀ ਹਾਲਤ ਵਿੱਚ ਬੱਚੇ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਜੋ ਬੱਚੇ ਦ੍ਰਿਸ਼ ਅਤੇ ਸ੍ਰਵਣ ਸੱਨਅਤ ਵਿੱਚ ਆਰਟਿਸਟ ਵਜੋਂ ਕੰਮ ਕਰਦੇ ਹਨ, ਜਿਸ ਵਿੱਚ ਵਿਗਿਆਪਨ, ਫ਼ਿਲਮਾਂ, ਟੀ ਵੀ ਸੀਰੀਅਲ ਜਾਂ ਹੋਰ ਅਜਿਹੇ ਮਨੋਰੰਜਨ ਜਾਂ ਖੇਡਾਂ ਸ਼ਾਮਲ ਹਨ, ਸਰਕਸ ਨੂੰ ਛੱਡ ਕੇ, ਉਨ੍ਹਾਂ ਨੂੰ ਸੁਰੱਖਿਆ ਪ੍ਰਬੰਧ ਮਿਲਣ ਉਤੇ ਛੋਟ ਦਿੱਤੀ ਗਈ ਹੈ। ਆਰਟਿਸਟ ਦਾ ਮਤਲਬ ਉਹ ਬੱਚੇ ਹਨ ਜੋ ਇਕ ਕਲਾਕਾਰ, ਗਾਇਕ ਜਾਂ ਖਿਡਾਰੀ ਵਜੋਂ ਕੰਮ ਕਰਦੇ ਹਨ।

ਬਾਲ ਅਤੇ ਅਲ੍ਹੜ ਕਿਰਤ (ਰੋਕ ਅਤੇ ਨਿਯਮਬੱਧਤਾ) ਕਾਨੂੰਨ 1986 ਸਖਤ ਸਜ਼ਾਵਾਂ ਦਾ ਪ੍ਰਬੰਧ ਕਰਦਾ ਹੈ। ਇਸ ਕਾਨੂੰਨ ਦੀ ਧਾਰਾ 3 ਜਾਂ 3 ਏ ਅਧੀਨ ਕੀਤੇ ਜਾਣ ਵਾਲੇ ਜੁਰਮਾਂ ਕਾਰਨ ਕਿਸੇ ਵੀ ਮਾਲਕ ਨੂੰ ਘੱਟੋ-ਘੱਟ 6 ਮਹੀਨੇ ਦੀ ਸਜ਼ਾ ਦਾ ਪ੍ਰਬੰਧ ਹੋਵੇਗਾ ਅਤੇ ਇਸ ਨੂੰ ਵਧਾ ਕੇ 2 ਸਾਲ ਤੱਕ ਕੀਤਾ ਜਾ ਸਕਦਾ ਹੈ ਜਾਂ ਫਿਰ ਜ਼ੁਰਮਾਨੇ ਦਾ ਪ੍ਰਬੰਧ ਹੋਵੇਗਾ ਜੋ ਕਿ 20,000 ਰੁਪਏ ਤੋਂ ਘੱਟ ਨਹੀਂ ਹੋਵੇਗਾ ਅਤੇ ਉਸ ਨੂੰ ਵਧਾ ਕੇ 50,000 ਰੁਪਏ ਕੀਤਾ ਜਾ ਸਕੇਗਾ। ਲਗਾਤਾਰ ਕਾਨੂੰਨ ਤੋੜਨ ਉੱਤੇ ਇਹ ਦੋਵੇ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਅਜਿਹੇ ਮਾਮਲੇ ਵਿੰਚ ਸਜ਼ਾ ਇਕ ਸਾਲ ਤੋਂ ਘੱਟ ਨਹੀਂ ਹੋਵੇਗੀ ਅਤੇ ਉਸ ਨੂੰ 3 ਸਾਲ ਤੱਕ ਵਧਾਇਆ ਜਾ ਸਕੇਗਾ। ਸੀ ਏ ਐੱਲ ਪੀ ਆਰ ਕਾਨੂੰਨ ਵਿੱਚ ਪ੍ਰਬੰਧ ਹੈ ਕਿ ਉਨ੍ਹਾਂ ਮਾਤਾ-ਪਿਤਾ ਜਾਂ ਸਰਪ੍ਰਸਤਾਂ ਨੂੰ ਵੀ ਸਜ਼ਾ ਦਿੱਤੀ ਜਾ ਸਕੇਗੀ ਜੇ ਉਹ ਧਾਰਾ 3 ਜਾਂ 3 ਏ ਦੀ ਉਲੰਘਣਾ ਕਰਕੇ ਬੱਚੇ ਨੂੰ ਵਪਾਰਕ ਉਦੇਸ਼ਾਂ ਲਈ ਕੰਮ ਕਰਨ ਦੀ ਇਜਾਜ਼ਤ ਦੇਣਗੇ। ਪਹਿਲੇ ਜੁਰਮ ਉੱਤੇ ਕੋਈ ਸਜ਼ਾ ਨਹੀਂ ਹੋਵੇਗੀ ਪਰ ਅਗਲੇ ਜੁਰਮ ਉੱਤੇ ਮਾਤਾ-ਪਿਤਾ ਅਤੇ ਸਰਪ੍ਰਸਤ ਨੂੰ ਜ਼ੁਰਮਾਨਾ ਕੀਤਾ ਜਾਵੇਗਾ ਜੋ ਕਿ 10,000 ਰੁਪਏ ਤੱਕ ਵਧਾਇਆ ਜਾ ਸਕਦਾ ਹੈ।

ਬਾਲ ਅਤੇ ਅਲ੍ਹੜ, ਜੋ ਕਿ ਕੰਮ ਵਾਲੀ ਥਾਂ ਤੋਂ ਛੁਡਾਏ ਜਾਂ ਬਚਾਏ ਜਾਣਗੇ, ਉਨ੍ਹਾਂ ਦਾ ਕਾਨੂੰਨ ਅਨੁਸਾਰ ਪੁਨਰਵਾਸ ਕੀਤਾ ਜਾਵੇਗਾ ਕਿਉਂਕਿ ਸੀ ਏ ਐੱਲ ਪੀ ਆਰ ਕਾਨੂੰਨ ਬਾਲ ਅਤੇ ਅਲ੍ਹੜ ਪੁਨਰਵਾਸ ਫੰਡ ਕਾਇਮ ਕਰਨ ਦਾ ਪ੍ਰਬੰਧ ਕਰਦਾ ਹੈ। ਕਾਨੂੰਨ ਵਿੱਚ ਹਦਾਇਤ ਕੀਤੀ ਗਈ ਹੈ ਕਿ (ਢੁਕਵਾਂ ਅਧਿਕਾਰੀ ਅਜਿਹੇ ਅਧਿਕਾਰ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਸੌਂਪੇ ਤਾਂ ਕਿ ਕਾਨੂੰਨ ਦੀ ਸਖਤੀ ਨਾਲ ਪਾਲਣਾ ਹੋ ਸਕੇ ਅਤੇ ਸੰਬੰਧਿਤ ਸਰਕਾਰ ਸਮੇਂ-ਸਮੇਂ ਉਤੇ ਉਸ ਬਾਰੇ ਜਾਂਚ ਅਤੇ ਨਿਗਰਾਨੀ ਕਰੇ।

ਸੋਧੇ ਹੋਏ ਬਾਲ ਕਿਰਤ ਕਾਨੂੰਨ ਦਾ ਉਦੇਸ਼ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖ਼ਲ ਕਰਵਾ ਕੇ ਅਤੇ ਉਥੇ ਰੱਖ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ। ਨਾਲ ਹੀ ਨਾਲ ਬਾਲ ਮਜ਼ਦੂਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਛੁਡਾ ਕੇ, ਉਨ੍ਹਾਂ ਦੇ ਵਿੱਦਿਅਕ ਪੁਨਰਵਾਸ ਅਤੇ ਪਰਿਵਾਰਾਂ ਦਾ ਆਰਥਿਕ ਪੁਨਰਵਾਸ ਕਰਕੇ ਅਤੇ ਆਮਦਨ ਦੇ ਸੋਮੇ ਪੈਦਾ ਕਰਕੇ ਕੀਤਾ ਜਾਣਾ ਚਾਹੀਦਾ ਹੈ। ਜਾਗਰੂਕਤਾ ਪੈਦਾ ਕਰਕੇ, ਸਿਖਲਾਈ ਦੇ ਕੇ ਅਤੇ ਸਮਰੱਥਾ ਦਾ ਵਿਕਾਸ ਕਰਕੇ ਅਤੇ ਦੇਸ਼ ਦੀ ਸਮਾਜਕ ਲਾਮਬੰਦੀ ਕਰਕੇ ਬਾਲ ਕਿਰਤ ਕਾਨੂੰਨ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਦਾ ਰਾਹ ਪੱਧਰਾ ਹੋਵੇਗਾ ਅਤੇ ਭਾਰਤ ਵਿੱਚ ਬਾਲ ਮਜ਼ਦੂਰੀ ਖਤਮ ਹੋਵੇਗੀ।

*(ਲੇਖਕ ਵੀ.ਵੀ. ਗਿਰੀ ਰਾਸ਼ਟਰੀ ਕਿਰਤ ਸੰਸਥਾਨ ਵਿੱਚ ਸੀਨੀਅਰ ਫੈਲੋ ਹਨ ਅਤੇ ਪਿਛਲੇ 30 ਸਾਲਾਂ ਤੋਂ ਸਿਖਲਾਈ, ਖੋਜ, ਮੁਹਾਰਤ ਵਿਕਾਸ ਅਤੇ ਸਲਾਹਕਾਰ ਦੇ ਤੌਰ ਤੇ ਕੰਮ ਕਰ ਰਹੇ ਹਨ)*

*e-mail :helensekar@gmail.com*

***ਸਫ਼ਾ 17 ਦੀ ਬਾਕੀ***

ਕਿਉਂਕਿ ਔਰਤਾਂ ਰੋਸ ਮੁਜ਼ਾਹਰਿਆਂ ਅਤੇ ਵਿਰੋਧ ਰਾਹੀਂ ਇਹ ਮੁੱਦੇ ਚੁੱਕ ਰਹੀਆਂ ਹਨ। ਕਰਮਚਾਰੀ ਸੰਘਾਂ ਵਿੱਚ ਔਰਤਾਂ ਦੀ ਹਿੱਸੇਦਾਰੀ ਔਰਤਾਂ ਦੀ ਕੰਮ ਵਿੱਚ ਭਾਗੀਦਾਰੀ ਦਰ ਨਾਲੋਂ ਜ਼ਿਆਦਾ ਹੈ। ਦੋ ਖੇਤਰ ਜਿਥੇ ਕਾਮਿਆਂ ਵਲੋਂ ਸੰਘ ਬਣਾਉਣ ਦਾ ਜ਼ਿਕਰ ਕਰਨਾ ਉੱਚਿਤ ਹੋਵੇਗਾ (ਖ਼ਾਸ ਕਰਕੇ ਸਿਰਫ ਔਰਤਾਂ ਦੇ ਖੇਤਰ) ਉਹ ਹਨ ਸਕੀਮ ਕਾਮੇ ਅਤੇ ਘਰੇਲੂ ਕਾਮੇ। ਭਾਵੇਂ ਕਿ ਆਂਗਨਵਾੜੀ ਕਾਮੇ ਲੰਮੇ ਸਮੇਂ ਤੋਂ ਸੰਗਠਿਤ ਹਨ, ਘਰੇਲੂ ਕਾਮੇ ਨਵੇਂ ਅਤੇ ਵਿਆਪਕ ਤਰੀਕਿਆਂ ਨਾਲ ਆਪਣੇ ਸੰਘ ਬਣਾ ਰਹੇ ਹਨ ਅਤੇ ਆਪਣੇ ਕੰਮ ਨੂੰ ਘਟਾਅ ਕੇ ਵੇਖਣ ਉਤੇ ਸਵਾਲ ਖੜ੍ਹੇ ਕਰ ਰਹੇ ਹਨ।

## ਸਮਾਪਤੀ ਟਿੱਪਣੀਆਂ

ਉਪਰੋਕਤ ਚਰਚਾ ਸੁਝਾਉਂਦੀ ਹੈ ਕਿ ਹੁਣ ਸਹੀ ਸਮਾਂ ਆ ਗਿਆ ਹੈ ਜਦੋਂ ਸਰਕਾਰ ਅਤੇ ਮਾਲਕ ਇਕੱਠੇ ਹੋ ਕੇ ਤਰਜੀਹੀ ਤੌਰ ਤੇ ਵਿਆਪਕ ਹੱਲ ਦੀ ਤਲਾਸ਼ ਕਰਨ, ਬਜਾਇ ਕਿ ਗਾਹੇ ਬਗਾਹੇ ਦਖਲ ਦੇਣ ਦੇ ਜਿਸ ਨਾਲ ਔਰਤਾਂ ਦੇ ਰੋਜ਼ਗਾਰ ਦੇ ਮੁੱਦੇ ਹੱਲ ਨਹੀਂ ਹੁੰਦੇ। ਕਿਰਤ ਕਾਨੂੰਨਾਂ ਵਿੱਚ ਪ੍ਰਮੁੱਖ ਸੁਧਾਰਾਂ ਲਈ ਵਿਚਾਰ ਕਰਨ ਸਮੇਂ (ਜੋ ਲੰਬਿਤ ਹਨ) ਇਨ੍ਹਾਂ ਸੋਧਾਂ ਦੇ ਵਿਆਪਕ ਲਿੰਗਕ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਣ ਦੀ ਵੀ ਲੋੜ ਹੈ।

*(ਲੇਖਕ ਔਰਤਾਂ ਦੇ ਵਿਕਾਸ ਅਧਿਐਨ ਬਾਰੇ ਕੇਂਦਰ, ਨਵੀਂ ਦਿੱਲੀ ਵਿੱਚ ਸੀਨੀਅਰ ਫੈਲੋ ਪ੍ਰੋਫੈਸਰ ਹਨ)*

*e-mail :neethapillai@gmail.com*

# ਰਾਸ਼ਟਰੀ ਪੱਧਰ 'ਤੇ ਹੁਨਰ ਵਿਕਾਸ ਦੇ ਵਿੱਤੀਕਰਨ ਲਈ ਇਕ ਨਵਾਂ ਤੰਤਰ

ਸੰਤੋਸ਼ ਮਹਿਰੋਤਰਾ

ਭਾਰਤ ਵਿੱਚ ਮਾਹਿਰ ਕਾਮਿਆਂ ਦੀ ਬਹੁਤ ਭਾਰੀ ਲੋੜ ਹੈ ਅਤੇ ਕਾਮਿਆਂ ਦੀ ਮੌਜੂਦਾ ਸਮਰੱਥਾ ਬੜੀ ਧੀਮੀ ਗਤੀ ਨਾਲ ਵਧ ਰਹੀ ਹੈ। ਲੋੜ ਦੇ ਹਿਸਾਬ ਨਾਲ, ਭਾਵੇਂ ਕੋਈ ਯਕੀਨ ਕਰੇ ਰਾਸ਼ਟਰੀ ਮੁਹਾਰਤ ਨੀਤੀ 2015 ਅਨੁਸਾਰ ਗਿਣਤੀ (400 ਮਿਲੀਅਨ), ਜਾਂ ਹੋਰ ਵਧੇਰੇ ਸਹੀ ਗਿਣਤੀ 2022 ਤੱਕ 200 ਮਿਲੀਅਨ (ਮਹਿਰੋਤਰਾ ਐਟ ਆਲ, 2013) ਹੋਵੇਗੀ। ਤੱਥ ਇਹ ਹੀ ਕਹਿੰਦਾ ਹੈ ਕਿ ਦੇਸ਼ ਕੁਲ ਲੋੜੀਂਦੀ ਗਿਣਤੀ ਵਿੱਚੋਂ ਹਰ ਸਾਲ 5 ਮਿਲੀਅਨ ਲੋਕਾਂ ਨੂੰ ਹੀ ਸਿੱਖਿਅਤ ਕਰ ਰਿਹਾ ਹੈ। ਇਨ੍ਹਾਂ ਯਤਨਾਂ ਵਿੱਚ ਹੋਰ ਤੇਜ਼ੀ ਲਿਆਉਣ ਦੀ ਲੋੜ ਹੈ। ਪਰ ਭਾਰਤ ਵਿੱਚ ਮੁਹਾਰਤ ਵਿਕਾਸ (ਐੱਸ ਡੀ) ਲਈ ਪੈਸਾ ਸੀਮਤ ਮਾਤਰਾ ਵਿੱਚ ਲਗਾਇਆ ਜਾ ਰਿਹਾ ਹੈ ਜਿਸ ਦਾ ਕਾਰਨ ਟੈਕਸ ਤੋਂ ਹੋਣ ਵਾਲੀ ਆਮਦਨ ਹੈ। ਮੁਹਾਰਤ ਵਿਕਾਸ ਨਾਲ ਕਾਰਪੋਰੇਟ ਸਮਾਜਕ ਜ਼ਿੰਮੇਵਾਰੀ ਲਈ ਬਹੁਤ ਘੱਟ ਕੰਮ ਹੋ ਰਿਹਾ ਹੈ। ਇਸ ਤੋਂ ਇਲਾਵਾ ਉੱਦਮ ਅਧਾਰਤ ਸਿਖਲਾਈ ਕੁੱਲ ਫਰਮਾਂ ਦੇ ਸਿਰਫ 39 ਪ੍ਰਤਿਸ਼ਤ ਤੱਕ ਸੀਮਤ ਹੈ, ਜੋ ਕਿ ਮੁੱਖ ਤੌਰ ਤੇ ਵੱਡੀਆਂ ਫਰਮਾਂ ਵਲੋਂ ਹੀ ਦਿੱਤੀ ਜਾਂਦੀ ਹੈ।

ਹੁਨਰ ਵਿਕਾਸ ਮੰਤਰਾਲਾ ਨਵਾਂ ਮੰਤਰਾਲਾ ਹੈ ਅਤੇ ਭਾਵੇਂ ਇਸ ਨੂੰ ਵਿਸ਼ਵ ਬੈਂਕ ਤੋਂ ਮੁਹਾਰਤ ਵਿਕਾਸ ਲਈ ਕਰਜ਼ਾ ਵੀ ਮਿਲਿਆ ਹੈ ਪਰ ਕੇਂਦਰ ਸਰਕਾਰ ਦੀ ਮੁਹਾਰਤ ਵਿਕਾਸ ਲਈ ਵਧੇਰੇ ਇੱਛਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਲਈ ਹੋਰ ਵਧੇਰੇ ਪੈਸੇ ਦਾ ਪ੍ਰਬੰਧ ਕਰਨਾ ਪਵੇਗਾ। ਉਨ੍ਹਾਂ ਦੇਸ਼ਾਂ ਵਿੱਚ ਜਿਥੇ ਕਿ ਮੁਹਾਰਤ ਵਿਕਾਸ ਦਾ ਕੰਮ ਸਫਲਤਾ ਨਾਲ ਚੱਲ ਰਿਹਾ ਹੈ ਉਥੇ ਇਸ ਲਈ ਪੈਸੇ ਦਾ ਪ੍ਰਬੰਧ ਨਿੱਜੀ ਖੇਤਰ ਵਲੋਂ ਕੀਤਾ ਜਾਂਦਾ ਹੈ ਜਿਸ ਨਾਲ ਸੱਨਅਤਾਂ ਦੀ ਮਲਕੀਅਤ ਦਾ ਸਿਸਟਮ ਯਕੀਨੀ ਬਣਿਆ ਰਹਿੰਦਾ ਹੈ। ਜੇ ਅਜਿਹਾ ਨਾ ਹੋਵੇ ਤਾਂ ਮੁਹਾਰਤ ਵਿਕਾਸ ਪੂਰਤੀ ਉਤੇ ਅਧਾਰਤ ਹੋ ਜਾਵੇ ਜੋ ਕਿ ਸੱਨਅਤ ਵਿਰੋਧੀ ਹੋਵੇ। ਇਸ ਕਾਰਨ ਹੀ ਇਹ ਅਸਫਲ ਹੋ ਜਾਵੇ। ਐੱਨ ਐੱਸ ਡੀ ਸੀ ਨੇ ਭਾਵੇਂ ਨਿੱਜੀ ਵਿਵਸਾਇਕ ਸਿਖਲਾਈ ਮੁਹੱਈਆ ਕਰਵਾਉਣ ਵਾਲਿਆਂ ਨੂੰ ਪੈਸਾ ਮੁਹੱਈਆ ਕਰਵਾਇਆ ਹੈ ਪਰ ਫਿਰ ਵੀ ਇਹ ਪੂਰਤੀ ਅਧਾਰਤ ਹੀ ਰਿਹਾ ਹੈ। ਇਸ ਦਾ ਨਤੀਜਾ ਇਹ ਹੈ ਕਿ ਸਿਖਲਾਈ ਘਟੀਆ ਕਿਸਮ ਦੀ ਹੁੰਦੀ ਹੈ ਕਿਉਂਕਿ ਇਸ ਵਿੱਚ ਖੇਤਰ ਮੁਹਾਰਤ ਕੌਸਲਾਂ ਦੀ ਮੌਜੂਦਗੀ ਦੇ ਬਾਵਜੂਦ ਸੱਨਅਤ ਦੀ ਸ਼ਮੂਲੀਅਤ ਸੀਮਤ ਹੁੰਦੀ ਹੈ। ਕੇਂਦਰ ਸਰਕਾਰ ਨੂੰ ਮੁਹਾਰਤ ਵਿਕਾਸ ਵਿੱਚ ਪੈਸਾ ਲਗਾਉਣ ਲਈ ਨਵੇਂ ਮਾਡਲ ਉੱਤੇ ਵਿਚਾਰ ਕਰਨ ਦੀ ਲੋੜ ਹੈ।

ਉਨ੍ਹਾਂ ਕੰਪਨੀਆਂ ਉਤੇ ਟੈਕਸ ਲਗਾਇਆ ਜਾ ਸਕਦਾ ਹੈ ਜੋ ਕਿ ਫੰਡ ਅਲਾਟ ਕਰਦੀਆਂ ਹਨ ਅਤੇ ਇਹ ਟੈਕਸ ਮੁਹਾਰਤ ਵਿਕਾਸ ਲਈ ਹੋਣਾ ਚਾਹੀਦਾ ਹੈ। ਫਰਮਾਂ ਨੂੰ ਸਿਖਲਾਈ ਦਾ ਖਰਚਾ ਇਸ ਫੰਡ ਵਿੱਚੋਂ ਦਿੱਤਾ ਜਾਣਾ ਚਾਹੀਦਾ ਹੈ। ਦੁਨੀਆਂ ਦੇ ਘੱਟੋ-ਘੱਟ 63 ਦੇਸ਼ਾਂ ਨੇ ਫੰਡਿੰਗ ਦੇ ਇਸ ਢੰਗ ਨੂੰ ਅਪਣਾਇਆ ਹੋਇਆ ਹੈ। ਲਾਤੀਨੀ ਅਮਰੀਕਾ ਵਿੱਚ (ਬ੍ਰਾਜ਼ੀਲ ਸਮੇਤ) 17 ਦੇਸ਼ ਹਨ, ਸਬ-ਸਹਾਰਨ ਅਫਰੀਕਾ (ਦੱਖਣੀ ਅਫਰੀਕਾ ਸਮੇਤ) 17, ਯੂਰਪ ਵਿੱਚ 14, ਉੱਤਰੀ ਅਫਰੀਕਾ ਵਿੱਚ 7 ਅਤੇ ਏਸ਼ੀਆ ਵਿੱਚ 7 ਦੇਸ਼ ਪੈਸੇ ਦਾ ਇਸੇ ਤਰ੍ਹਾਂ ਪ੍ਰਬੰਧ ਕਰਦੇ ਹਨ।

### ਭਾਰਤ ਵਿੱਚ ਹੁਣ ਰਾਸ਼ਟਰੀ ਸਿਖਲਾਈ ਫੰਡ ਕਾਇਮ ਕਰਨ ਦੀ ਲੋੜ ਕਿਉਂ?

ਸਭ ਤੋਂ ਪਹਿਲਾਂ, ਜਿਵੇਂ ਕਿ ਅਸੀ ਨੋਟ ਕੀਤਾ ਹੈ ਕਿ ਮੁਹਾਰਤ ਵਿਕਾਸ ਦੀ ਮੌਜੂਦਾ ਸਮਰੱਥਾ ਸੀਮਤ ਹੈ। ਦੂਸਰਾ, ਭਾਵੇਂ ਕਿ ਪਿਛਲੇ ਦਹਾਕੇ ਦੇ ਮੱਧ ਵਿੱਚ ਮੁਹਾਰਤ ਵਿਕਾਸ ਇਕ ਪਹਿਲ ਬਣ ਗਈ ਸੀ ਪਰ ਟੀ ਵੀ ਈ ਟੀ ਮੁਹੱਈਆ ਕਰਵਾਉਣ ਲਈ ਇਸ ਦੇ ਪ੍ਰਸਾਰ ਦੀ ਗਤੀ ਕਾਫੀ ਧੀਮੀ ਸੀ। ਨਿੱਜੀ ਆਈ ਟੀ ਆਈਜ਼ ਅਤੇ ਐੱਨ ਐੱਸ ਡੀ ਸੀ ਵਲੋਂ ਫਾਇਨਾਂਸ ਕੀਤੇ ਵਿਵਸਾਇਕ ਸਿਖਲਾਈ ਮੁਹੱਈਆ ਕਰਤਾਵਾਂ ਦੀ ਗਿਣਤੀ ਵਿੱਚ ਵਾਧਾ ਹੋਣ ਨਾਲ ਸਿਖਲਾਈ ਪ੍ਰਾਪਤ ਲੋਕਾਂ ਦੀ ਗਿਣਤੀ 5 ਮਿਲੀਅਨ ਪ੍ਰਤਿ ਸਾਲ ਹੋ ਗਈ ਪਰ ਇਸ ਦਰ ਉਤੇ 'ਮੇਕ ਇਨ ਇੰਡੀਆ' ਦਾ ਸਾਡਾ ਟੀਚਾ ਪੂਰਾ ਨਹੀਂ ਹੋ ਸਕੇਗਾ। ਦੇਸ਼ ਦੀ ਨੌਜਵਾਨ ਸ਼ਕਤੀ ਦੀ ਵਰਤੋਂ ਨਹੀਂ ਹੋ ਸਕੇਗੀ ਅਤੇ ਦੇਸ਼ ਆਬਾਦੀ ਦੇ ਹਿਸਾਬ ਨਾਲ ਪੂਰਾ ਲਾਹਾ ਨਹੀਂ ਲੈ ਸਕੇਗਾ।

ਤੀਸਰਾ, ਆਮ ਟੈਕਸ ਆਮਦਨ ਦੀ ਇਕ ਸੀਮਾ ਹੈ ਜੋ ਕਿ ਮੁਹਾਰਤ ਵਿਕਾਸ ਲਈ ਇਕੱਠੇ ਕੀਤੇ ਜਾ ਸਕਦੇ ਹਨ ਕਿਉਂਕਿ ਇਕ ਪਾਸੇ ਤਾਂ ਮਾਲੀ ਘਾਟੇ ਨੂੰ ਕਾਬੂ ਹੇਠ ਰੱਖਿਆ ਜਾਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਸਿਹਤ, ਸਿੱਖਿਆ ਅਤੇ ਢਾਂਚੇ ਉਤੇ ਪੂੰਜੀ ਨਿਵੇਸ਼ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਰਹਿਣੀ ਚਾਹੀਦੀ ਹੈ।

ਚੌਥਾ, ਵਿਸ਼ਵ ਪੱਧਰ ਉੱਤੇ ਮੁਹਾਰਤ ਵਿਕਾਸ ਲਈ ਪੈਸੇ ਦਾ ਸੋਮਾ ਨਿੱਜੀ ਖੇਤਰ ਹੀ ਰਿਹਾ ਹੈ ਕਿਉਂਕਿ ਉਸ ਨੂੰ ਹੀ ਇਸ ਤੋਂ ਸਿੱਧਾ ਨਿੱਜੀ ਲਾਭ ਮਿਲਦਾ ਹੈ, ਭਾਵੇਂ ਕਿ ਸਰਕਾਰ ਇਸ ਨੂੰ ਸੁਖਾਲਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਨਿੱਜੀ ਖੇਤਰ ਨੂੰ ਇਸ ਕੰਮ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ।

ਇਸ ਲਈ ਇਕ ਰਾਸ਼ਟਰੀ ਸਿਖਲਾਈ ਫੰਡ ਦੀ ਜਲਦੀ ਹੀ ਲੋੜ ਹੈ। ਇਸ ਫੰਡ ਦੇ ਢਾਂਚੇ ਬਾਰੇ ਹੇਠਾਂ ਵਿਚਾਰ ਕੀਤੀ ਗਈ ਹੈ :

**ਸੰਗਠਤ ਖੇਤਰ ਅਤੇ ਦਰਮਿਆਨੇ ਤੇ ਵੱਡੇ ਅਦਾਰਿਆਂ ਤੋਂ ਟੈਕਸ ਇਕੱਠਾ ਕਰਨਾ**

ਨਿਰਮਾਣ ਵਿੱਚ ਗੈਰ ਸੰਗਠਤ ਖੇਤਰ ਦਾ ਹਿੱਸਾ 22 ਪ੍ਰਤਿਸ਼ਤ ਹੈ ਪਰ ਰੋਜ਼ਗਾਰ ਵਿੱਚ ਇਸ ਦਾ ਹਿੱਸਾ 85 ਪ੍ਰਤਿਸ਼ਤ ਹੈ। ਸ਼ੁਰੂ ਵਿੱਚ ਸਿਰਫ ਸੰਗਠਤ ਖੇਤਰ ਦੇ ਅਦਾਰਿਆਂ ਉੱਤੇ ਟੈਕਸ ਲਗਾਇਆ ਜਾਣਾ ਚਾਹੀਦਾ ਹੈ ਅਤੇ ਉਹ ਵੀ ਵੱਡੇ ਅਤੇ ਦਰਮਿਆਨੇ ਅਦਾਰਿਆਂ ਉਤੇ। ਛੋਟੇ ਅਦਾਰਿਆਂ ਤੋਂ ਟੈਕਸ ਇਕੱਠਾ ਕਰਨਾ ਮੁਸ਼ਕਲ ਹੋ ਸਕਦਾ ਹੈ ਅਤੇ ਉਨ੍ਹਾਂ ਵਲੋਂ ਇਸ ਦਾ ਵਿਰੋਧ ਵੀ ਹੋ ਸਕਦਾ ਹੈ।

**ਲਾਭਕਾਰੀਆਂ ਵਿੱਚ ਸੰਗਠਤ ਅਤੇ ਗੈਰ ਸੰਗਠਤ ਖੇਤਰ ਦੇ ਅਦਾਰੇ ਸ਼ਾਮਲ ਹੋਣੇ ਚਾਹੀਦੇ ਹਨ।**

ਗੈਰ ਸੰਗਠਤ ਖੇਤਰ ਵਿੱਚ ਵਧੇਰੇ ਮੁਲਾਜ਼ਮ ਆਪਣੀ ਮੁਹਾਰਤ (ਕੰਮ ਦੀ) ਗੈਰ ਰਸਮੀ ਤੌਰ ਤੇ ਹਾਸਲ ਕਰਦੇ ਹਨ ਇਸ ਲਈ ਫੰਡ ਦਾ ਕੁਝ ਅਨੁਪਾਤ ਉਨ੍ਹਾਂ ਨੂੰ ਸਿਖਲਾਈ ਦੇਣ ਲਈ ਰੱਖਿਆ ਜਾਣਾ ਚਾਹੀਦਾ ਹੈ ਪਰ ਕਿਉਂਕਿ ਵੱਡੇ ਅਤੇ ਦਰਮਿਆਨੇ ਸੰਗਠਤ ਅਦਾਰੇ ਇਸ ਸਿਖਲਾਈ ਫੰਡ ਵਿੱਚ ਮੁੱਖ ਤੌਰ ਤੇ ਹਿੱਸਾ ਪਾਉਂਦੇ ਹਨ ਇਸ ਲਈ ਉਨ੍ਹਾਂ ਨੂੰ ਇਸ ਦਾ ਕਾਫੀ ਲਾਭ ਵੀ ਮਿਲਣਾ ਚਾਹੀਦਾ ਹੈ। ਮੌਜੂਦਾ ਸਿਖਾਂਦਰੂਪੁਣਾ ਪ੍ਰੋਗਰਾਮ (1961 ਦੇ ਕਾਨੂੰਨ) ਨੂੰ ਇਸ ਵਿਧੀ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸੰਗਠਤ ਅਤੇ ਗੈਰ ਸੰਗਠਤ ਖੇਤਰਾਂ ਲਈ ਅਸਲ ਅਲਾਟਮੈਂਟ ਦਾ ਫੈਸਲਾ ਸ਼ੇਅਰ ਹੋਲਡਰਾਂ ਦੀ ਸਲਾਹ ਨਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸੰਗਠਤ ਖੇਤਰ ਦੇ ਅਦਾਰਿਆਂ ਦਾ ਵੀ ਇਸ ਵਿੱਚ ਹਿੱਸਾ ਕਾਇਮ ਰਹੇ। ਇਸ ਨਾਲ ਗੈਰ ਸੰਗਠਤ ਖੇਤਰ ਦੇ ਅਦਾਰਿਆਂ ਲਈ ਮੁਹਾਰਤ ਵਿਕਾਸ ਲਈ ਆਮ ਟੈਕਸ ਆਮਦਨ ਜਾਰੀ ਹੋ ਸਕੇਗੀ।

**ਵਜ਼ੀਫਿਆਂ ਦੇ ਭੁਗਤਾਨ ਰਾਹੀਂ ਸਿਖਲਾਈ ਦੇ ਮੰਗ ਪੱਖ ਦੀ ਪੂਰਤੀ**

ਭਾਰਤ ਵਿੱਚ ਸਿਖਲਾਈ ਦਾ ਪ੍ਰਬੰਧ ਇਤਿਹਾਸਕ ਤੌਰ ਤੇ ਪੂਰਤੀ ਅਧਾਰਿਤ ਹੈ ਜਦ ਕਿ ਨਿਪੁੰਨਤਾ ਦੀ ਮੰਗ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਗਰੀਬ ਵਿਦਿਆਰਥੀ, ਜੋ ਕਿ ਸਿਖਲਾਈ ਲੈਣ ਲਈ ਖਰਚੇ ਦਾ ਪ੍ਰਬੰਧ ਨਹੀਂ ਕਰ ਸਕਦੇ, ਦੇ ਕਿਰਤੀ ਬਜ਼ਾਰ ਵਿੱਚ ਆਉਣ ਲਈ ਸਿਖਲਾਈ ਲੈਵੀ ਫੰਡ ਲਗਾਉਣ ਦਾ ਕੇਸ ਕਾਫੀ ਮਜ਼ਬੂਤ ਹੈ। ਗਰੀਬ ਵਿਦਿਆਰਥੀਆਂ ਨੂੰ ਜਿਉਂਦੇ ਰਹਿਣ ਲਈ ਕਮਾਈ ਦੀ ਲੋੜ ਹੁੰਦੀ ਹੈ ਅਤੇ ਉਹ ਸਿਖਲਾਈ ਦਾ 'ਖਰਚਾ' ਬਰਦਾਸ਼ਤ ਨਹੀਂ ਕਰ ਸਕਦੇ। ਜੇ ਉਨ੍ਹਾਂ ਨੂੰ ਵਜ਼ੀਫਾ ਪ੍ਰਦਾਨ ਕਰ ਦਿੱਤਾ ਜਾਵੇ ਤਾਂ ਇਸ ਨਾਲ ਉਨ੍ਹਾਂ ਦੇ ਅਜਿਹੇ ਖਰਚੇ ਦਾ ਅੰਸ਼ਕ ਤੌਰ ਤੇ ਪ੍ਰਬੰਧ ਹੋ ਸਕਦਾ ਹੈ।

ਚੀਨ ਵਿਵਸਾਇਕ ਸਿੱਖਿਆ ਲਈ ਵਿਦਿਆਰਥੀਆਂ ਨੂੰ ਪ੍ਰਭਾਵੀ ਢੰਗ ਨਾਲ ਸਹੂਲਤਾਂ ਦੇ ਰਿਹਾ ਹੈ। 9 ਸਾਲ ਦੀ ਲਾਜ਼ਮੀ ਵਿਦਿਅਕ ਸਕੂਲੀ ਪੜ੍ਹਾਈ ਪੂਰੀ ਕਰਨ ਵਾਲੇ ਅੱਧੇ ਬੱਚਿਆਂ ਨੂੰ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਵਸਾਇਕ ਸਿੱਖਿਆ ਵਿੱਚ ਦਾਖ਼ਲਾ ਦਿੱਤਾ ਜਾਂਦਾ ਹੈ। ਇਸ ਦਾ ਇਕ ਅਹਿਮ ਕਾਰਨ ਇਹ ਕਿ 2005 ਤੋਂ ਬਾਅਦ ਉਸ ਪੱਧਰ ਉਤੇ ਵਿਵਸਾਇਕ ਸਿੱਖਿਆ ਮੁਫਤ ਕਰ ਦਿੱਤੀ ਗਈ ਹੈ ਅਤੇ ਇਹ ਸਕੀਮ ਸਾਰੇ ਦੇਸ਼ ਵਿੱਚ ਅਤੇ ਸਾਰੇ ਵਿਦਿਆਰਥੀਆਂ ਉਤੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਲਾਗੂ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਾਰੇ ਗਰੀਬ ਦਿਹਾਤੀ ਬੱਚੇ, ਜੋ ਸੀਨੀਅਰ ਸੈਕੰਡਰੀ ਵਿਵਸਾਇਕ ਸਕੂਲਾਂ ਵਿੱਚ ਦਾਖਲੇ ਲਈ ਸ਼ਹਿਰ ਆਉਂਦੇ ਹਨ, ਉਨ੍ਹਾਂ ਨੂੰ ਰਹਿਣ ਦੇ ਖਰਚੇ ਲਈ 500 ਯੂਆਨ ਦੀ ਮਾਲੀ ਮਦਦ ਦਿੱਤੀ ਜਾਂਦੀ ਹੈ।

**ਰਾਸ਼ਟਰੀ ਸਿਖਲਾਈ ਫੰਡ ਲਈ ਪੈਸੇ ਦੇ ਪ੍ਰਬੰਧ ਲਈ ਨਵਾਂ ਟੈਕਸ ਲਗਾਉਣ ਵਿਰੁੱਧ ਦਲੀਲਾਂ**

1. ਪਿਛਲੇ ਕੁੱਝ ਸਾਲਾਂ ਵਿੱਚ ਆਰਥਿਕਤਾ ਕਾਫੀ ਧੀਮੀ ਪੈ ਗਈ ਹੈ ਅਤੇ ਨਿਵੇਸ਼ ਘਟਿਆ ਹੈ ਅਤੇ ਹੋਰ ਟੈਕਸ ਲਗਾਉਣ ਨਾਲ ਫਰਮਾਂ ਦਾ ਲਾਭ ਅਤੇ ਨਿਵੇਸ਼ ਘਟੇਗਾ ਇਸ ਲਈ ਫਰਮਾਂ ਵਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਮੁਢਲੀ ਸਿੱਖਿਆ ਲਈ ਪਹਿਲਾਂ ਤੋਂ ਹੀ ਇਕ ਸੈੱਸ ਲਾਗੂ ਹੈ ਅਤੇ ਹੁਣ ਉੱਚ ਵਿੱਦਿਆ ਲਈ ਸੈੱਸ ਦਾ ਕੀ ਮਤਲਬ ਬਣਦਾ ਹੈ। ਸੱਨਅਤ ਵਲੋਂ ਇਸ ਸੈੱਸ ਦਾ ਵਿਰੋਧ ਹੋ ਰਿਹਾ ਹੈ।

ਪਰ ਇਹ ਦਲੀਲਾਂ ਕੁਝ ਅਸਲੀਅਤਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ। ਕੰਪਨੀਆਂ ਪਹਿਲਾਂ ਹੀ ਮਾਹਰ ਵਿਅਕਤੀਆਂ ਦੀ ਕਮੀ ਦਾ ਨੁਕਸਾਨ ਝੱਲ ਰਹੀਆਂ ਹਨ। ਮਾਹਰ ਵਿਅਕਤੀਆਂ ਦੀਆਂ ਜੋ ਤਨਖ਼ਾਹਾਂ ਵਧਦੀਆਂ ਹਨ ਉਹ ਉਤਪਾਦਨ ਵਾਧੇ ਤੋਂ ਕਿਤੇ ਜ਼ਿਆਦਾ ਹੁੰਦੀਆਂ ਹਨ ਜਿਸ ਨਾਲ ਵਸਤਾਂ, ਸੇਵਾਵਾਂ ਦੀਆਂ ਕੀਮਤਾਂ ਵਧਣ ਦਾ ਦਬਾਅ ਰਹਿੰਦਾ ਹੈ ਪਰ ਹੁਣ ਇਕ ਮਾਮਲਾ ਸਾਹਮਣੇ ਆਇਆ ਹੈ ਕਿ ਜਿਸ ਵਿੱਚ ਮੁਢਲੀ ਵਿੱਦਿਆ ਉੱਤੇ ਜੋ 12 ਸਾਲ ਪਹਿਲਾਂ ਸੈੱਸ ਲਗਾਇਆ ਗਿਆ ਸੀ ਉਸ ਨੂੰ ਖਤਮ ਕੀਤਾ ਜਾ ਰਿਹਾ ਹੈ। ਮੁਢਲੀ ਵਿੱਦਿਆ ਲਈ ਪੈਸੇ ਦਾ ਪ੍ਰਬੰਧ ਆਮ ਟੈਕਸ ਆਮਦਨ ਵਿੱਚੋਂ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੇ ਲਈ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਹੋਣੇ ਚਾਹੀਦੇ।

2. ਸਰਕਾਰੀ ਕਬਜ਼ੇ ਵਾਲੇ ਫੰਡਾਂ ਦਾ ਪ੍ਰਬੰਧਨ ਬਹੁਤ ਹੀ ਮਾੜਾ ਹੁੰਦਾ ਹੈ ਅਤੇ ਨਿੱਜੀ ਖੇਤਰ ਕੋਲ ਮੁਹਾਰਤ ਵਿਕਾਸ ਲਈ ਅਜਿਹੇ ਫੰਡ ਤੱਕ ਪਹੁੰਚ ਲਈ ਸਮਾਂ ਹੀ ਨਹੀਂ ਹੁੰਦਾ ਜਾਂ ਉਹ ਇਸ ਤੱਕ ਪਹੁੰਚ ਦਾ ਚਾਹਵਾਨ ਹੀ ਨਹੀਂ ਹੁੰਦਾ।

ਇਹ ਇਕ ਬਹੁਤ ਅਹਿਮ ਚਿੰਤਾ ਦਾ ਵਿਸ਼ਾ ਹੈ ਪਰ ਇਸ ਦਾ ਹੱਲ ਐੱਨ ਟੀ ਐਫ ਦੇ ਸਾਰੇ ਫੰਡਾਂ ਦਾ ਨਿਯੰਤ੍ਰਣ ਨਿੱਜੀ ਖੇਤਰ ਦੇ ਹੱਥ ਵਿੱਚ ਦੇ ਕੇ ਕੀਤਾ ਜਾ ਸਕਦਾ ਹੈ। ਖੇਤਰ ਦੇ ਹਿਸਾਬ ਨਾਲ ਐੱਨ ਟੀ ਐਫ (ਜਿਵੇਂ ਕਿ ਬ੍ਰਾਜ਼ੀਲ ਵਿੱਚ ਹੈ) ਪ੍ਰਣਾਲੀ ਲਾਗੂ ਕਰਕੇ ਸੱਨਅਤ ਫੰਡਾਂ ਦਾ ਵਧੀਆ ਪ੍ਰਬੰਧ ਕਰ ਸਕਦੀ ਹੈ। ਕੁਝ ਸਰਕਾਰੀ ਨਿਯੰਤ੍ਰਣ ਅਜਿਹੇ ਫੰਡਾਂ ਲਈ ਮਾਹਰਾਂ ਦਾ ਬੋਰਡ ਬਣਾ ਕੇ ਰਖਿਆ ਜਾ ਸਕਦਾ ਹੈ।

*(ਲੇਖਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਅਰਥਵਿਗਿਆਨ ਬਾਰੇ ਸਕੂਲ ਵਿੱਚ ਅਸੰਗਠਿਤ ਖੇਤਰ ਅਤੇ ਕਿਰਤੀ ਅਧਿਐਨ ਦੇ ਕੇਂਦਰ ਵਿੱਚ ਚੇਅਰਪਰਸਨ ਅਤੇ ਅਰਥਸ਼ਸਤਰ ਦੇ ਪ੍ਰੋਫੈਸਰ ਹਨ)*

*e-mail :santoshmeh@gmail.com*

***ਸਫ਼ਾ 19 ਦੀ ਬਾਕੀ***

ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕੰਮ ਅਤੇ ਰੋਜ਼ਗਾਰ ਵਿੱਚ ਕਿਸੇ ਵੀ ਵਿਤਕਰੇ ਨੂੰ ਰੋਕਿਆ ਜਾ ਸਕੇ। ਕਾਰਜ ਦਲ ਦੀਆਂ ਸਿਫਾਰਸ਼ਾਂ ਅਤੇ ਅੰਤਰ-ਰਾਜੀ ਅਤੇ ਉਸਾਰੀ ਕਾਮਿਆਂ ਨਾਲ ਸੰਬੰਧਿਤ ਮੌਜੂਦਾ ਐਕਟ ਭਾਰਤ ਵਿੱਚ ਅੰਦਰੂਨੀ ਪਰਵਾਸ ਅਤੇ ਪਰਵਾਸੀ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਲਈ ਇਕ ਸ਼ੁਰੂਆਤ ਪ੍ਰਦਾਨ ਕਰਦੇ ਹਨ।

*(ਲੇਖਕ ਆਈ ਜੀ ਆਈ ਡੀ ਆਰ ਮੁੰਬਈ ਵਿੱਚ ਪ੍ਰੋਫੈਸਰ ਹਨ)*

*e-mail :chandra@igidr.ac.in*

# ਕਿਰਤ ਨੀਤੀਆਂ ਅਤੇ ਮਜ਼ਦੂਰ ਭਲਾਈ - ਇਕ ਅੰਤਰਰਾਸ਼ਟਰੀ ਤੁਲਨਾ

✍ ਪ੍ਰਦੀਪ ਅਗਰਵਾਲ

ਕਿਸੇ ਦੇਸ਼ ਦੇ ਤੇਜ਼ ਆਰਥਿਕ ਵਿਕਾਸ ਲਈ ਦੇਸ਼ ਦੀ ਮਜ਼ਦੂਰ ਸਮਰੱਥਾ ਦੀ ਨਿਪੁੰਨ ਵਰਤੋਂ ਕਾਫੀ ਅਹਿਮ ਹੈ। ਇਸ ਦੇ ਨਾਲ ਹੀ ਕਿਰਤ ਹੀ ਉਤਪਾਦਨ ਦਾ ਇਕ ਅਨੋਖਾ ਕਾਰਕ ਹੈ ਕਿਉਂਕਿ ਕਾਮੇ ਇਨਸਾਨ ਹਨ ਕੋਈ ਵਸਤੂ ਨਹੀਂ। ਇਸ ਲਈ ਕਿਰਤ ਨੀਤੀਆਂ ਉਨ੍ਹਾਂ ਲਈ ਅਹਿਮ ਸਮਾਜਕ ਜਾਂ ਭਲਾਈ ਵਾਲਾ ਆਯਾਮ ਹਨ। ਇਸੇ ਲਈ ਕਿਰਤ ਸੰਬੰਧੀ ਮੰਡੀ ਦੀਆਂ ਨੀਤੀਆਂ ਉੱਤੇ ਵਿਚਾਰਾਂ ਵਿੱਚ ਤਿੱਖਾ ਵੱਖਰੇਵਾਂ ਰਹਿੰਦਾ ਹੈ। ਉਹ ਲੋਕ, ਜਿਨ੍ਹਾਂ ਨੇ ਭਲਾਈ ਸੰਬੰਧੀ ਜਾਂ ਸਮਾਜਕ ਪਹਿਲੂ ਉਤੇ ਜ਼ੋਰ ਦਿੱਤਾ ਹੈ, ਉਹ ਆਮ ਤੌਰ ਤੇ ਯੂਨੀਅਨਾਂ ਬਣਾਉਣ, ਘੱਟੋ-ਘੱਟ ਤਨਖ਼ਾਹ ਕਾਨੂੰਨ ਲਾਗੂ ਕਰਨ, ਨੌਕਰੀ ਦੀ ਸੁਰੱਖਿਆ ਦੀਆਂ ਧਾਰਾਵਾਂ, ਬੇ ਰੁਜ਼ਗਾਰੀ, ਬੀਮੇ ਅਤੇ ਕਿਸੇ ਮਜ਼ਦੂਰ ਨੂੰ ਕੱਢਣ ਦੀ ਸਥਿਤੀ ਵਿੱਚ ਉਸ ਨੂੰ ਮੁੜ ਸਿੱਖਿਅਤ ਕਰਨ ਲਈ ਸਸਤੀਆਂ ਸਹੂਲਤਾਂ ਆਦਿ ਦੀ ਹਮਾਇਤ ਕਰਦੇ ਹਨ (ਉਦਾਹਰਣ ਵਜੋਂ ਸਟੈਂਡਿੰਗ ਐਂਡ ਟੋਕਮੈਨ, 1991, ਆਈ ਐੱਲ ਓ, 1990, ਭਾਦੁਰੀ 1996)। ਉਹ ਲੋਕ ਜੋ ਕਿ ਕਿਰਤ ਮੰਡੀ ਦੇ ਨਿਪੁੰਨਤਾ ਪਹਿਲੂ ਨੂੰ ਅਹਿਮੀਅਤ ਦਿੰਦੇ ਹਨ ਉਨ੍ਹਾਂ ਦੀ ਦਲੀਲ ਹੈ ਕਿ ਸਰਕਾਰੀ ਦਖ਼ਲਅੰਦਾਜ਼ੀ ਜਿਵੇਂ ਕਿ ਨੌਕਰੀ ਦੀ ਸੁਰੱਖਿਆ ਦੀਆਂ ਧਾਰਾਵਾਂ, ਰੁਜ਼ਗਾਰ ਵਿੱਚ ਕਮੀ ਲਿਆ ਸਕਦੀਆਂ ਹਨ, ਉਤਪਾਦਕਤਾ ਅਤੇ ਵਾਧੇ ਵਿੱਚ ਵੀ ਕਮੀ ਆ ਸਕਦੀ ਹੈ ਜਿਸ ਨਾਲ ਲੰਬੀ ਮਿਆਦ ਵਿੱਚ ਕਾਮਿਆਂ ਨੂੰ ਤਕਲੀਫ ਹੁੰਦੀ ਹੈ (ਜਿਵੇਂ ਕਿ ਕਰੂਜ਼ਰ, 1974, ਓਲਸਨ, 1982, ਲੇਜ਼ੀਅਰ 1990, ਫਾਲਨ ਐਂਡ ਲਿਊਕਾਸ, 1991 ਅਤੇ 1993, ਮਹਿਤਾ 1995)। ਉਹ ਆਮ ਤੌਰ ਤੇ ਇਨ੍ਹਾਂ ਨੀਤੀਆਂ ਦੀ ਹਮਾਇਤ ਕਰਦੇ ਹਨ (ੳ) ਮਜ਼ਦੂਰ ਨੂੰ ਜਿੰਨਾ ਸੰਭਵ ਹੋ ਸਕੇ ਉਨਾ ਉਤਪਾਦਕ ਬਣਾਉਣਾ ਅਤੇ ਉਸ ਨੂੰ ਤਨਖ਼ਾਹ, ਬੋਨਸ ਅਤੇ ਤਰੱਕੀ ਦੇ ਮੌਕੇ ਵੱਧ ਤੋਂ ਵੱਧ ਪ੍ਰਦਾਨ ਕਰਨੇ ਅਤੇ ਉਸ ਨੂੰ ਢੁਕਵੀਂ ਸਿੱਖਿਆ ਅਤੇ ਸਿਖਲਾਈ ਦੇਣੀ। (ਅ) ਵਧੀਆ ਸੱਨਅਤੀ ਸੰਬੰਧਾਂ ਨੂੰ ਢੁਕਵਾਂ ਮਾਹੌਲ ਪੈਦਾ ਕਰਕੇ ਯਕੀਨੀ ਬਣਾਉਣਾ ਤਾਂ ਕਿ ਮਜ਼ਦੂਰਾਂ ਅਤੇ ਪ੍ਰਬੰਧਕਾਂ ਦੌਰਾਨ ਝਗੜਿਆਂ ਦਾ ਹੱਲ ਹੋ ਸਕੇ ਅਤੇ ਹੜਤਾਲਾਂ ਆਦਿ ਘੱਟ ਤੋਂ ਘੱਟ ਕਰਵਾ ਕੇ ਕੰਮ ਵਾਲੇ ਦਿਨਾਂ ਦਾ ਨੁਕਸਾਨ ਰੋਕਣਾ। (ੲ) ਕਿਰਤ ਦੀ ਵਰਤੋਂ ਨੂੰ ਲਚਕਦਾਰ ਬਣਾਉਣਾ ਤਾਂ ਕਿ ਆਰਥਿਕਤਾ ਨੂੰ ਲੱਗਣ ਵਾਲੇ ਝਟਕਿਆਂ ਨਾਲ ਵਧੇਰੇ ਪ੍ਰਭਾਵੀ ਢੰਗ ਨਾਲ ਨਜਿੱਠਿਆ ਜਾ ਸਕੇ। ਵਰਕਰਾਂ ਨੂੰ ਕੱਢਣ ਅਤੇ ਉਨ੍ਹਾਂ ਦੀ ਮੁੜ ਸਿਖਲਾਈ ਦਾ ਸੌਖਾ ਪ੍ਰਬੰਧ ਹੋਵੇ ਅਤੇ (ਸ) ਕਿਰਤ ਬਜ਼ਾਰ ਵਿੱਚ ਦਖ਼ਲਅੰਦਾਜ਼ੀ ਅਤੇ ਵਿਗਾੜ ਘੱਟ ਤੋਂ ਘੱਟ ਹੋਵੇ।

ਅਸਲ ਵਿੱਚ ਇਹ ਦੋਵੇਂ ਇਕ ਦੂਜੇ ਦੇ ਵਿਰੋਧੀ ਪਹਿਲੂ ਕਾਫੀ ਅਹਿਮ ਹਨ ਅਤੇ ਇਨ੍ਹਾਂ ਵਿੱਚੋਂ ਇਕ ਦੀ ਚੋਣ ਕਰਨ ਦਾ ਮੁੱਦਾ ਨਹੀਂ ਹੈ ਸਗੋਂ ਇਨ੍ਹਾਂ ਦੋਹਾਂ ਵਿੱਚ ਢੁਕਵਾਂ ਸੰਤੁਲਨ ਕਾਇਮ ਰੱਖਣ ਦੀ ਲੋੜ ਹੈ। ਇਸ ਲਈ ਵਧੇਰੇ ਦੇਸ਼ਾਂ ਵਿੱਚ ਅਜਿਹੀਆਂ ਕਿਰਤ ਨੀਤੀਆਂ ਅਪਨਾਈਆਂ ਜਾਂਦੀਆਂ ਹਨ ਜੋ ਕਿ ਇਨ੍ਹਾਂ ਦੋਹਾਂ ਦੇ ਦਰਮਿਆਨ ਵਾਲਾ ਰਾਹ ਹੁੰਦੀਆਂ ਹਨ। ਕਿਸੇ ਦੇਸ਼ ਵਿੱਚ ਕੁੱਝ ਹੱਦ ਤੱਕ ਇਸ ਦੀ ਚੋਣ ਵਿਕਾਸ ਦੇ ਪੱਧਰ ਅਤੇ ਬੇਰੋਜ਼ਗਾਰੀ ਦੀ ਮਾਤਰਾ ਉਤੇ ਨਿਰਭਰ ਕਰਦੀ ਹੈ। ਜਦੋਂ ਕੋਈ ਦੇਸ਼ ਵਿਕਸਤ ਹੁੰਦਾ ਹੈ ਅਤੇ ਪੂਰੇ ਰੋਜ਼ਗਾਰ ਦੇ ਨੇੜੇ ਪੁੱਜਿਆ ਹੁੰਦਾ ਹੈ ਤਾਂ ਉਹ ਭਲਾਈ ਪੱਖੀ ਬਣਨ ਦਾ ਹਾਮੀ ਹੋ ਸਕਦਾ ਹੈ ਕਿਉਂਕਿ ਉਸ ਨੇ ਸਿਰਫ ਉਨ੍ਹਾਂ ਕੁਝ ਕਾਮਿਆਂ ਦੀ ਮਦਦ ਕਰਨੀ ਹੁੰਦੀ ਹੈ ਜੋ ਕਿ ਬੇਰੋਜ਼ਗਾਰ ਹੁੰਦੇ ਹਨ। ਸੱਨਅਤੀਕਰਨ ਦੇ ਮੁਢਲੇ ਦੌਰ ਵਿੱਚ, ਖ਼ਾਸ ਤੌਰ ਤੇ ਉਸ ਵੇਲੇ ਜਦੋਂ ਕਿਸੇ ਦੇਸ਼ ਵਿੱਚ ਬਹੁਤ ਸਾਰੇ ਲੋਕ ਲਾਹੇਵੰਦ ਰੋਜ਼ਗਾਰ ਵਿੱਚ ਨਹੀਂ ਲੱਗੇ ਹੁੰਦੇ, ਉਸ ਵਿੱਚ ਵਧੇਰੇ ਧਿਆਨ ਨਿਪੁੰਨਤਾ ਦੇ ਪਹਿਲੂ ਵੱਲ ਦਿੱਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਉਹ ਦੇਸ਼ ਜਿਨ੍ਹਾਂ ਦੀ ਆਰਥਿਕਕਤਾ ਵਧੇਰੇ ਖੁੱਲੀ ਹੁੰਦੀ ਹੈ, ਵਿੱਚ ਮੁੱਖ ਜ਼ੋਨ ਬਰਾਮਦਾਂ ਅਤੇ ਵਿਦੇਸ਼ੀ ਨਿਵੇਸ਼ ਹਾਸਲ ਕਰਨ ਉੱਤੇ ਹੁੰਦਾ ਹੈ ਉਥੇ ਮਜ਼ਦੂਰਾਂ ਨੂੰ ਵਧੇਰੇ ਬਰਾਮਦ ਮੁੱਖੀ/ਮੁਕਾਬਲੇ ਯੋਗ ਅਤੇ ਐਫ ਡੀ ਆਈ ਖਿੱਚਣ ਵਾਲਾ ਬਣਾਉਣ ਦੀ ਲੋੜ ਹੈ। ਇਸ ਲਈ ਉਥੇ ਨਿਪੁੰਨਤਾ ਦੇ ਪਹਿਲੂ ਉਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ।

**ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਚੀਨ, ਜੋ ਕਿ ਤਿਆਰ ਵਸਤਾਂ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ, ਭਾਵੇਂ ਉਸ ਨੂੰ ਕਮਿਊਨਿਸਟ ਪਾਰਟੀ ਦੀ ਸਰਕਾਰ ਵਲੋਂ ਚਲਾਇਆ ਜਾ ਰਿਹਾ ਹੈ, ਜੋ ਕਿ ਕਾਮਿਆਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਹੀ ਕਾਇਮ ਕੀਤੀ ਗਈ ਸੀ, ਨੇ ਅਜਿਹੇ ਕਿਰਤ ਕਾਨੂੰਨ ਅਪਣਾਏ ਹਨ ਜੋ ਕਿ ਕਿਰਤ ਦੀ ਨਿਪੁੰਨ ਅਤੇ ਉਤਪਾਦਕ ਵਰਤੋਂ ਦੇ ਹੱਕ ਵਿੱਚ ਹਨ।**

ਚੀਨ ਦੇ ਕਿਰਤ ਕਾਨੂੰਨ ਇਸ ਗੱਲ ਦੀ ਇਜਾਜ਼ਤ ਦਿੰਦੇ ਹਨ ਕਿ ਅਨਮਿੱਥੀ ਮਿਆਦ ਵਾਲੇ ਕਾਮਿਆਂ (ਜਾਂ ਸਥਾਈ) ਨੂੰ ਕਿਰਤ ਦੇ ਅਨੁਸ਼ਾਸਨ ਜਾਂ ਕਿਰਤ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਉਤੇ ਨੌਕਰੀ ਤੋਂ ਜਵਾਬ ਦਿੱਤਾ ਜਾ ਸਕਦਾ

ਹੈ। ਉਨ੍ਹਾਂ ਨੂੰ ਡਿਊਟੀ ਵਿੱਚ ਕੁਤਾਹੀ ਵਰਤਣ ਜਾਂ ਰਿਸ਼ਵਤ ਲੈਣ ਦੇ ਚੱਕਰ ਵਿੱਚ ਵੀ ਕੱਢਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਕ ਮਿੱਥੀ ਹੋਈ ਖਾਤਮਾ ਮਿਆਦ ਉਤੇ ਕੰਮ ਕਰਨ ਵਾਲੇ ਕਾਮਿਆਂ ਨੂੰ ਵੀ ਠੇਕੇ ਉਤੇ ਰੱਖਿਆ ਜਾਦਾ ਹੈ ਅਤੇ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਮਿਆਦ ਪੁੱਗਣ ਉਤੇ ਕੋਈ ਵਾਧੂ ਤਨਖ਼ਾਹ ਨਹੀਂ ਦੇਣੀ ਪੈਂਦੀ। ਉਥੇ ਕਾਫੀ ਗਿਣਤੀ ਵਿੱਚ ਉਸ ਵੇਲੇ ਮੁਲਾਜ਼ਮਾਂ ਨੂੰ ਕੱਢਣ ਦੀ ਖੁੱਲ੍ਹ ਹੈ ਜਦੋਂ ਕਿਸੇ ਫਰਮ ਨੂੰ ਉਤਪਾਦਨ ਜਾਂ ਆਪ੍ਰੇਸ਼ਨ ਵਿੱਚ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ (ਜਿਵੇਂ ਕਿ ਢਾਂਚੇ ਦਾ ਵੱਡੇ ਪੱਧਰ ਉਤੇ ਪੁਨਰਗਠਨ, ਬਰਾਮਦ ਮੰਡੀ ਵਿੱਚ ਭਾਰੀ ਢਾਹ ਲੱਗਣ ਕਾਰਨ ਉਤਪਾਦਨ ਵਿੱਚ ਕਮੀ ਲਿਆਉਣੀ ਪੈ ਰਹੀ ਹੋਵੇ) ਪਰ ਮੁਲਾਜ਼ਮਾਂ ਨੂੰ ਕੱਢਣ ਲਈ ਘੱਟੋ-ਘੱਟ ਇਕ ਮਹੀਨੇ ਦਾ ਨੋਟਿਸ ਦੇਣਾ ਪਵੇਗਾ ਅਤੇ ਇਕ ਮਹੀਨੇ ਦੀ ਤਨਖ਼ਾਹ ਹਰ ਸਾਲ ਦੀ ਸਰਵਿਸ ਦੇ ਹਿਸਾਬ ਨਾਲ ਦੇਣੀ ਪਵੇਗੀ। ਇਸੇ ਤਰ੍ਹਾਂ ਉਨ੍ਹਾਂ ਨਿੱਜੀ ਮੁਲਾਜ਼ਮਾਂ ਨੂੰ ਵੀ ਅਜਿਹੀ ਰਕਮ ਦੇਣੀ ਪਵੇਗੀ, ਜਿਨ੍ਹਾਂ ਨੂੰ ਕਿ ਕੱਢਿਆ ਜਾਵੇਗਾ। ਸਿਰਫ ਉਨ੍ਹਾਂ ਮੁਲਾਜ਼ਮਾਂ ਦੇ ਮਾਮਲੇ ਵਿੱਚ ਅਜਿਹੀ ਤਨਜ਼ਾਹ ਨਹੀਂ ਦੇਣੀ ਪਵੇਗੀ ਜਿਨ੍ਹਾਂ ਨੂੰ ਅਨੁਸ਼ਾਸਨਹੀਨਤਾ ਜਾਂ ਕਿਸੇ ਹੋਰ ਗੰਭੀਰ ਦੋਸ਼ ਕਾਰਨ ਕੱਢਿਆ ਜਾ ਰਿਹਾ ਹੋਵੇਗਾ। ਕਿਰਤ ਕਾਨੂੰਨ ਬਰਾਮਦ ਪ੍ਰੋਸੈਸਿੰਗ ਖੇਤਰਾਂ ਵਿੱਚ ਵਧੇਰੇ ਲਚਕਦਾਰ ਹਨ ਜਿਥੇ ਕਿ ਮਾਲਕਾਂ ਨੂੰ ਮੁਲਾਜ਼ਮਾਂ ਨੂੰ ਠੇਕੇ ਉਤੇ ਰੱਖਣ ਅਤੇ ਕੱਢਣ ਦੇ ਅਸੀਮਿਤ ਅਧਿਕਾਰ ਹੁੰਦੇ ਹਨ। ਅਜਿਹਾ ਵਿਦੇਸ਼ੀ ਸਿੱਧਾ ਨਿਵੇਸ਼ ਹਾਸਲ ਕਰਨ ਅਤੇ ਉਤਪਾਦਨ ਦੀ ਲਚਕਤਾ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ। ਅਜਿਹਾ ਕਾਨੂੰਨੀ ਅਨੁਸ਼ਾਸਨ ਯਕੀਨੀ ਬਣਾਉਣ ਅਤੇ ਮੁਲਾਜ਼ਮਾਂ ਨੂੰ ਵਧੇਰੇ ਨਿਪੁੰਨ ਬਣਾਉਣ ਲਈ ਕੀਤਾ ਗਿਆ ਹੈ।

ਪੂਰਬ ਅਤੇ ਦੱਖਣ ਪੂਰਬੀ ਏਸ਼ੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਜਿਵੇਂ ਇੰਡੋਨੇਸ਼ੀਆ, ਥਾਈਲੈਂਡ, ਮਲੇਸ਼ੀਆ, ਤਾਇਵਾਨ ਅਤੇ ਦੱਖਣੀ ਕੋਰੀਆ ਨੇ ਵੀ ਲਗਭਗ ਇਸੇ ਤਰ੍ਹਾਂ ਦੀਆਂ ਨੀਤੀਆਂ ਅਪਣਾਈਆਂ ਹੋਈਆਂ ਹਨ ਭਾਵੇਂ ਕਿ ਦੇਸ਼ ਤੋਂ ਦੇਸ਼ ਦੇ ਹਿਸਾਬ ਨਾਲ ਉਨ੍ਹਾਂ ਵਿੱਚ ਥੋੜ੍ਹਾ ਬਹੁਤ ਫਰਕ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਦੇਸ਼ਾਂ ਨੇ ਕਿਰਤ ਕਾਨੂੰਨ ਨੂੰ ਮਜ਼ਬੂਤ ਕੀਤਾ ਹੈ ਕਿਉਂਕਿ ਉਨ੍ਹਾਂ ਦੀ ਆਰਥਿਕਤਾ ਵੀ ਮਜ਼ਬੂਤ ਹੈ। ਹੁਣ ਉਨ੍ਹਾਂ ਵਿੱਚ ਮੁਲਾਜ਼ਮ ਨੂੰ ਪ੍ਰਤੀ ਸਾਲ ਦੀ ਨੌਕਰੀ ਦੇ ਹਿਸਾਬ ਨਾਲ ਇਕ ਮਹੀਨੇ ਦੀ ਤਨਖ਼ਾਹ ਦਿੱਤੀ ਜਾਣੀ ਜ਼ਰੂਰੀ ਹੈ। ਇਹ ਸਾਲ ਵਿੱਚ 8 ਤੋਂ 12 ਮਹੀਨੇ ਤੱਕ ਹੋ ਸਕਦੀ ਹੈ। ਪਰ ਇਸ ਦੇ ਲਈ ਨੌਕਰੀ ਦੀ ਮਿਣਤੀ ਜ਼ਰੂਰੀ ਨਹੀਂ (ਭਾਵੇਂ ਇਹ 20 ਸਾਲ ਹੋਵੇ)। ਸਿੰਗਾਪੁਰ ਵਿੱਚ ਉਨ੍ਹਾਂ ਪ੍ਰਬੰਧਕੀ ਮੁਲਾਜ਼ਮਾਂ ਨੂੰ 3 ਸਾਲ ਦੀ ਨੌਕਰੀ ਪੂਰੀ ਨਾ ਹੋਈ ਹੋਣ ਉਤੇ ਸਾਲ ਵਿੱਚ ਇਕ ਮਹੀਨੇ ਦੀ ਤਨਖ਼ਾਹ ਦੇਣੀ ਜ਼ਰੂਰੀ ਨਹੀਂ। ਵਧੇਰੇ ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਇਹ ਰਵਾਇਤ ਹੈ ਕਿ ਉਥੇ ਮੁਲਾਜ਼ਮਾਂ ਨੂੰ ਕਈ ਮਹੀਨੇ ਦੀ ਤਨਖ਼ਾਹ ਦੇ ਬਰਾਬਰ ਬੋਨਸ ਦਿੱਤਾ ਜਾਂਦਾ ਹੈ ਪਰ ਇਹ ਬੋਨਸ ਕੋਈ ਮਿਥਿਆ ਨਹੀਂ ਹੁੰਦਾ ਅਤੇ ਫਰਮ ਦੇ ਮੁਨਾਫੇ ਨਾਲ ਜੁੜਿਆ ਹੁੰਦਾ ਹੈ ਅਤੇ ਆਮ ਤੌਰ ਤੇ ਕਾਮਿਆਂ ਦੀ ਕਾਰਗੁਜ਼ਾਰੀ ਉਤੇ ਨਿਰਭਰ ਕਰਦਾ ਹੈ। ਇਸ ਨਾਲ ਮੁਲਾਜ਼ਮਾਂ ਦਾ ਸਹਿਯੋਗ ਭਰਿਆ ਵਤੀਰਾ ਯਕੀਨੀ ਬਣਦਾ ਅਤੇ ਕੰਪਨੀ ਦੇ ਕੰਮ ਵਿੱਚ ਨਿਪੁੰਨਤਾ ਆਉਂਦੀ ਹੈ।

ਵਧੇਰੇ ਯੂਰਪੀ ਦੇਸ਼ਾਂ ਵਿੱਚ ਵੀ ਅਜਿਹੇ ਹੀ ਕਾਨੂੰਨ ਹਨ। ਇਹ ਯੂਰਪੀ ਢਾਂਚੇ ਦੇ ਕਾਨੂੰਨ ਹੀ ਹਨ ਜੋ ਕਿ ਹੌਲੀ-ਹੌਲੀ ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਵੀ ਅਪਣਾ ਲਏ ਗਏ ਹਨ ਪਰ ਇਹ ਮੰਨ ਕੇ ਕਿ ਯੂਰਪੀ ਦੇਸ਼ ਬਹੁਤ ਵਧੇਰੇ ਵਿਕਸਤ ਹਨ ਅਤੇ ਉਥੇ ਬੇਰੁਜ਼ਗਾਰੀ ਨਾਲ ਸੰਬੰਧਿਤ ਸਮੱਸਿਆ ਬਹੁਤ ਘੱਟ ਹੈ ਅਤੇ ਉਥੇ ਕਿਰਤ ਕਾਨੂੰਨ ਵਧੇਰੇ ਮੁਲਾਜ਼ਮਾਂ ਦੇ ਹੱਕ ਵਿੱਚ ਹਨ, ਭਾਵੇਂ ਕਿ ਵਧੇਰੇ ਦੇਸ਼ਾਂ ਵਿੱਚ ਮੁਲਾਜ਼ਮਾਂ ਨੂੰ ਅਨੁਸ਼ਾਸਨਹੀਨਤਾ ਜਾਂ ਅਯੋਗਤਾ ਕਾਰਨ ਕੱਢਣ ਦਾ ਪ੍ਰਬੰਧ ਹੈ ਅਤੇ ਕੰਮਕਾਜੀ ਮੁਸ਼ਕਲਾਂ ਕਾਰਨ ਮੁਲਾਜ਼ਮਾਂ ਦੀ ਛਾਂਟੀ ਦਾ ਵੀ ਪ੍ਰਬੰਧ ਹੈ। ਇੰਗਲੈਂਡ ਵਿੱਚ, ਜਿਥੋਂ ਕਿ ਭਾਰਤ ਵਿੱਚ ਲਾਗੂ ਕਿਰਤ ਕਾਨੂੰਨਾਂ ਦਾ 19ਵੀਂ ਸਦੀ ਵਿੱਚ ਜਨਮ ਹੋਇਆ ਸੀ, ਵਿੱਚ ਕਿਹਾ ਗਿਆ ਹੈ ਕਿ ਨਾਜਾਇਜ਼ ਤੌਰ ਤੇ ਕਿਸੇ ਨੂੰ ਕੱਢਣਾ ਗਲਤ ਹੈ ਅਤੇ ਮਾਲਕ ਕਿਸੇ ਮੁਲਾਜ਼ਮ ਨੂੰ ਸਿਰਫ ਜਾਇਜ਼ ਢੰਗ ਨਾਲ ਹੀ ਕੱਢ ਸਕਦਾ ਹੈ (ੳ) ਜੇ ਉਸ ਕੋਲ ਮੁਲਾਜ਼ਮ ਨੂੰ ਮੁਅੱਤਲ ਕਰਨ ਦਾ 'ਜਾਇਜ਼' ਕਾਰਨ ਹੋਵੇ। (ਅ) ਇਸ ਦੇ ਲਈ ਸਹੀ ਅਤੇ ਜਾਇਜ਼ ਢੰਗ ਅਪਣਾਇਆ ਗਿਆ ਹੋਵੇ। ਪੰਜ ਅਜਿਹੇ ਕਾਰਨ ਹਨ ਜੋਕਿ ਕਾਨੂੰਨ ਵਿੱਚ 'ਜਾਇਜ਼' ਮੰਨੇ ਗਏ ਹਨ। (1) ਕੰਮ ਦੀ ਘਾਟ ਕਾਰਨ ਛਾਂਟੀ (ਜਿਥੇ ਕਿ ਮਾਲਕ ਇਕ ਖ਼ਾਸ ਭੂਮਿਕਾ ਵਿੱਚ ਅਤੇ ਜਾਂ ਇਕ ਖ਼ਾਸ ਥਾਂ ਉਤੇ ਮੁਲਾਜ਼ਮ ਘਟਾਉਂਦਾ ਹੈ। (2) ਗਲਤ ਵਤੀਰਾ, (3) ਯੋਗਤਾ (ਜਿਵੇਂ ਕਿ ਕਾਰਗੁਜ਼ਾਰੀ ਮੁੱਦਾ ਜਾਂ ਕੰਮ ਕਰਨ ਵਿੱਚ ਅਸਫਲਤਾ) (4) ਜਿਥੇ ਕਿ ਲਗਾਤਾਰ ਨੌਕਰੀ ਕਿਸੇ ਕਾਨੂੰਨੀ ਫਰਜ਼ ਦੀ ਉਲੰਘਣਾ ਕਰਦੀ ਹੋਵੇ (ਜਿਵੇਂ ਕਿ ਇਕ ਅਯੋਗ ਡਰਾਈਵਰ ਨੂੰ ਡਰਾਈਵਿੰਗ 'ਤੇ ਲਗਾਈ ਰੱਖਣਾ) ਅਤੇ (5) ਕੁਝ ਹੋਰ ਖ਼ਾਸ ਕਾਰਨ। ਇੰਗਲੈਂਡ ਵਿੱਚ ਅਤੇ ਕੁਝ ਹੋਰ ਯੂਰਪੀ ਦੇਸ਼ਾਂ ਵਿੱਚ ਠੇਕੇ ਦੀ ਸਮਾਪਤੀ ਵੀ ਨੌਕਰੀ ਤੋਂ ਕੱਢਣ ਦਾ ਕਾਰਨ ਬਣ ਸਕਦੀ ਹੈ। ਪਰ ਇੰਗਲੈਂਡ ਵਿੱਚ ਕੰਮ ਕੀਤੇ ਸਾਲਾਂ ਵਿੱਚੋਂ ਹਰ ਇਕ ਵਿੱਚ ਇਕ ਹਫ਼ਤੇ ਦੇ ਬਰਾਬਰ ਤਨਖ਼ਾਹ ਦੇਣ ਦਾ ਪ੍ਰਬੰਧ ਹੋਵੇਗਾ ਜੋਕਿ ਵੱਧ ਤੋਂ ਵੱਧ 3 ਮਹੀਨੇ ਦੀ ਤਨਖ਼ਾਹ ਹੋ ਸਕਦੀ ਹੈ ਪਰ ਇਥੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਪੱਛਮੀ ਯੂਰਪੀ ਦੇਸ਼ ਵਿਕਸਤ ਦੇਸ਼ ਹਨ ਅਤੇ ਉਨ੍ਹਾਂ ਵਿੱਚ ਆਮਦਨ ਕਾਫੀ ਜ਼ਿਆਦਾ ਹੈ। ਉਨ੍ਹਾਂ ਦਾ ਸਮਾਜਕ ਸੁਰੱਖਿਆ ਸਿਸਟਮ ਵੀ ਬਹੁਤ ਸ਼ਾਨਦਾਰ ਹੈ ਜਿਸ ਵਿੱਚ ਕਿ ਬੇਰੋਜ਼ਗਾਰਾਂ ਨੂੰ ਜਾਇਜ਼ ਭੱਤਾ ਦੇਣ ਦਾ ਪ੍ਰਬੰਧ ਹੈ। ਅੰਤਮ ਤੌਰ ਤੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਸਾਰੇ ਕਿਰਤ ਸੁਰੱਖਿਆ ਨਿਯਮ ਕਾਨੂੰਨ ਦੀ ਸ਼ਕਲ ਵਿੱਚ ਹਨ ਜੋ ਕਿ ਕਿਰਤ ਟ੍ਰਿਬਿਊਨਲਾਂ ਜਾਂ ਅਦਾਲਤਾਂ ਰਾਹੀਂ ਲਾਗੂ ਕਰਵਾਏ ਜਾ ਸਕਦੇ ਹਨ।ਇਸ ਲਈ ਭਾਰਤ ਦੇ ਉਲਟ, ਜਿਥੇ ਕਿ 100 ਤੋਂ ਵੱਧ ਮੁਲਾਜ਼ਮਾਂ ਵਾਲੀ ਫਰਮ ਨੂੰ ਕਿਸੇ ਮੁਲਾਜ਼ਮ ਨੂੰ ਕੱਢਣ ਲਈ ਸਰਕਾਰ ਤੋਂ ਇਜਾਜ਼ਤ ਲੈਣੀ ਪੈਂਦੀ ਹੈ (ਜਿਥੇ ਕਿ ਸਿਆਸਤਦਾਨ ਆਮ ਤੌਰ ਤੇ ਟ੍ਰੇਡ ਯੂਨੀਅਨਾਂ ਦੇ ਡਰ ਕਾਰਨ ਅਜਿਹੀ ਇਜਾਜ਼ਤ ਨਹੀਂ ਦਿੰਦੇ), ਫਰਮਾਂ ਨੂੰ ਅਦਾਲਤ ਨੂੰ ਇਹ ਸਮਝਾਉਣਾ ਪੈਂਦਾ ਹੈ ਕਿ ਜੋ ਵਿਅਕਤੀ ਕੱਢਿਆ ਜਾ ਰਿਹਾ ਹੈ ਉਹ ਕੰਮ ਦੇਸ਼ ਦੇ ਕਾਨੂੰਨ ਅਨੁਸਾਰ ਹੀ ਕੀਤਾ ਜਾ ਰਿਹਾ ਹੈ।

ਅਮਰੀਕਾ ਵਿੱਚ ਕਿਰਤ ਕਾਨੂੰਨ ਮਾਲਕਾਂ ਨੂੰ ਇਹ ਅਧਿਕਾਰ ਪ੍ਰਦਾਨ ਕਰਦਾ ਹੈ ਕਿ ਉਹ ਵਰਕਰਾਂ ਨੂੰ (ਕੋਈ ਵੀ ਤਨਖ਼ਾਹ ਦਾ ਮੁਆਵਜ਼ਾ ਦਿੱਤੇ ਬਿਨਾਂ) ਮੁਅੱਤਲ ਕਰ ਸਕਦਾ ਹੈ ਜਦ ਤੱਕ ਕਿ ਕੋਈ ਵਿਸ਼ੇਸ਼ ਕਿਰਤ ਯੂਨੀਅਨ ਸਮਝੌਤਾ ਮੌਜੂਦਾ ਨਾ ਹੋਵੇ। ਅਜਿਹੇ ਮਾਮਲੇ ਵਿੱਚ ਉਸ ਨੂੰ ਠੇਕੇ ਦੀਆਂ ਸ਼ਰਤਾਂ ਨੂੰ ਮੰਨਣਾ ਪੈਂਦਾ ਹੈ ਪਰ ਇਹ ਵੀ ਨੋਟ ਕਰਨਾ ਜ਼ਰੂਰੀ ਹੈ ਕਿ ਅਮਰੀਕਾ

ਵਿੱਚ ਇਕ ਬਹੁਤ ਵਧੀਆ ਸਮਾਜਕ ਸੁਰੱਖਿਆ ਪ੍ਰਣਾਲੀ ਹੈ ਜੋ ਕਿ ਬੇਰੋਜ਼ਗਾਰ ਕਾਮਿਆਂ ਨੂੰ ਇਕ ਸਾਲ ਤੱਕ ਬੇਰੋਜ਼ਗਾਰੀ ਭੱਤਾ ਦਿੰਦੀ ਹੈ ਅਤੇ ਜੇ ਲੋੜ ਪਵੇ ਤਾਂ ਮੁਲਾਜ਼ਮਾਂ ਨੂੰ ਵਾਧੂ ਸਿਖਲਾਈ ਵੀ ਦਿੰਦੀ ਹੈ।

ਦੂਜੇ ਪਾਸੇ ਜਾਪਾਨ ਦੇ ਕਿਰਤ ਕਾਨੂੰਨ ਬਹੁਤ ਸਖਤ ਹਨ। ਜਾਪਾਨ ਸਰਕਾਰ ਵਲੋਂ ਦੂਜੀ ਵਿਸ਼ਵ ਜੰਗ ਤੋਂ ਬਾਅਦ ਬੀਤੇ ਸਾਲਾਂ ਵਿੱਚ ਕੰਪਨੀਆਂ ਉਤੇ ਪਾਏ ਗਏ ਦਬਾਅ ਕਾਰਨ ਇਹ ਸਖਤੀ ਆਈ ਹੈ। ਜਾਪਾਨ ਵਿੱਚ ਪੂਰਾ ਜੀਵਨ ਇਕ ਹੀ ਕੰਪਨੀ ਵਿੱਚ ਰੋਜ਼ਗਾਰ ਦੀ ਰਵਾਇਤ ਚੱਲੀ ਆ ਰਹੀ ਹੈ ਅਤੇ ਉਥੇ ਕਿਸੇ ਵਰਕਰ ਨੂੰ ਕੱਢੇ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ ਕਿਉਂਕਿ ਇਕ ਤਾਂ ਉਥੋਂ ਦੇ ਕਾਨੂੰਨ ਬਹੁਤ ਸਖਤ ਹਨ ਅਤੇ ਉਥੇ ਪੁਰਾਣੀ ਰਵਾਇਤ ਵੀ ਚੱਲੀ ਆ ਰਹੀ ਹੈ ਪਰ ਜਾਪਾਨ ਨੇ ਕਿਰਤ ਨਿਪੁੰਨਤਾ ਅਤੇ ਉਤਪਾਦਕਤਾ ਕਾਇਮ ਰੱਖਣ ਲਈ ਇਕ ਰਾਹ ਲੱਭਿਆ ਹੈ, ਭਾਵੇਂ ਕਿ ਉਥੇ ਸਥਾਈ ਰੋਜ਼ਗਾਰ ਦਾ ਪ੍ਰਬੰਧ ਹੈ। ਇਸ ਰਾਹ ਅਧੀਨ ਵੱਡੇ ਬੋਨਸ ਦਿੱਤੇ ਜਾਂਦੇ ਹਨ ਜੋ ਕਿ 3 ਤੋਂ 4 ਮਹੀਨੇ ਦੀ ਤਨਖ਼ਾਹ ਤੱਕ ਵੀ ਹੋ ਸਕਦੇ ਹਨ। ਇਹ ਕਿਸੇ ਫਰਮ ਦੇ ਮੁਨਾਫ਼ੇ ਉਤੇ ਨਿਰਭਰ ਕਰਦਾ ਹੈ ਅਤੇ ਇਸਨੂੰ ਨਿੱਜੀ ਮੁਲਾਜ਼ਮ ਦੀ ਕਾਰਗੁਜ਼ਾਰੀ ਨਾਲ ਵੀ ਜੋੜ ਲਿਆ ਜਾਂਦਾ ਹੈ। ਇਸ ਨਾਲ ਇਹ ਯਕੀਨੀ ਬਣਦਾ ਹੈ ਕਿ ਮੁਲਾਜ਼ਮ ਕੰਮ ਕਰਨ ਦੌਰਾਨ ਫਰਮ ਦਾ ਮੁਨਾਫਾ ਵਧਾਉਣ ਨੂੰ ਵੀ ਧਿਆਨ ਵਿੱਚ ਰੱਖੇ ਅਤੇ ਕੰਮ ਸਹੀ ਢੰਗ ਨਾਲ ਚੱਲਦਾ ਰਹੇ।

ਭਾਰਤ ਵਰਗੇ ਇਕ ਵਿਕਾਸਸ਼ੀਲ ਦੇਸ਼, ਜਿਥੇ ਕਿ ਬੇਰੋਜ਼ਗਾਰਾਂ ਅਤੇ ਘੱਟ ਰੋਜ਼ਗਾਰ ਵਾਲੇ ਲੋਕਾਂ ਦੀ ਵੱਡੀ ਗਿਣਤੀ ਮੌਜੂਦ ਹੈ, ਇਹ ਹੈਰਾਨੀ ਦੀ ਗੱਲ ਹੈ ਕਿ ਭਲਾਈ ਦੇ ਪਹਿਲੂ ਉਤੇ ਜ਼ੋਰ ਦੇਣ ਵਾਲਾ ਇਕ ਰਾਹ ਚੁਣਿਆ ਹੈ ਅਤੇ ਇਕ ਬਹੁਤ ਹੀ ਸੁਰੱਖਿਅਤ ਕਿਰਤ ਕਾਨੂੰਨ ਸੰਗਠਤ ਖੇਤਰ ਦੇ ਵਰਕਰਾਂ ਲਈ ਲਾਗੂ ਕੀਤਾ ਹੈ। ਅਜਿਹਾ ਕਾਨੂੰਨ ਹੋਰ ਕਿਸੇ ਵੀ ਵਿਕਸਤ ਦੇਸ਼ ਵਿੱਚ ਨਜ਼ਰ ਨਹੀਂ ਆਉਂਦਾ। ਇਸ ਲਈ ਭਾਰਤ ਵਿੱਚ ਸੰਗਠਤ ਖੇਤਰ ਵਿੱਚ ਥੋੜ੍ਹੇ ਵਕਫੇ ਤੋਂ ਬਾਅਦ (ਆਮ ਤੌਰ ਤੇ ਇਕ ਸਾਲ ਜਾਂ ਇਸ ਤੋਂ ਵੀ ਘੱਟ) ਦੇ ਪ੍ਰੋਬੇਸ਼ਨ ਵਕਫੇਤੋਂ ਬਾਅਦ ਸਥਾਈ ਰੋਜ਼ਗਾਰ ਹਾਸਲ ਹੋ ਜਾਂਦਾ ਹੈ। ਮੁਲਾਜ਼ਮ (ਜਿਥੇ ਕਿ 100 ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹੋਣ) ਨੂੰ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਕੱਢਿਆ ਨਹੀਂ ਜਾ ਸਕਦਾ, ਇਹ ਇਜਾਜ਼ਤ ਬਹੁਤ ਹੀ ਮੁਸ਼ਕਲ ਦਿੱਤੀ ਜਾਂਦੀ ਹੈ। ਉਨ੍ਹਾਂ ਫਰਮਾਂ ਵਿੱਚ ਵੀ ਨਹੀਂ ਜਿਥੇ ਕਿ ਫਰਮ ਨੁਕਸਾਨ ਵਿੱਚ ਜਾ ਰਹੀ ਹੋਵੇ (ਕਿਉਂਕਿ ਕੋਈ ਵੀ ਸਿਆਸਦਾਨ ਦੇਸ਼ ਵਿੱਚ ਸੰਗਠਤ ਟ੍ਰੇਡ ਯੂਨੀਅਨਾਂ ਦਾ ਗੁੱਸਾ ਮੁੱਲ ਨਹੀਂ ਲੈਣਾ ਚਾਹੁੰਦਾ)। ਜਨਤਕ ਖੇਤਰ ਦੇ ਅਦਾਰੇ ਆਮ ਤੌਰ ਤੇ ਮਿੱਥੀ ਹੋਈ ਸਾਲਾਨਾ ਤਰੱਕੀ ਹਾਸਲ ਕਰਦੇ ਹਨ ਅਤੇ ਇਸ ਲਈ ਉਨ੍ਹਾਂ ਦੀ ਕਾਰਗੁਜ਼ਾਰੀ ਨਹੀਂ ਵੇਖੀ ਜਾਂਦੀ। ਸਖ਼ਤ ਕੰਮ ਕਰਨ ਲਈ ਮਾਲੀ ਉਤਸ਼ਾਹ ਵੀ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਉਤਪਾਦਕਤਾ ਬਹੁਤ ਘੱਟ ਰਹਿ ਜਾਂਦੀ ਹੈ, ਉਤਪਾਦਾਂ ਦੀਆਂ ਕੀਮਤਾਂ ਵਧਦੀਆਂ ਹਨ, ਬਰਾਮਦਾਂ ਘੱਟ ਰਹਿੰਦੀਆਂ ਹਨ ਅਤੇ ਇਸ ਦੇ ਨਤੀਜੇ ਵਜੋਂ ਤਨਖ਼ਾਹਾਂ ਘਟਦੀਆਂ ਹਨ, ਨੌਕਰੀਆਂ ਘਟਦੀਆਂ ਹਨ ਅਤੇ ਬੇਰੋਜ਼ਗਾਰੀ ਵਧਦੀ ਹੈ।

**ਸਾਨੂੰ ਇਸ ਗੱਲ ਉਤੇ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਉਤਪਾਦਕਤਾ ਅਤੇ ਨਿਪੁੰਨਤਾ ਦੀ ਕੀਮਤ ਉੱਤੇ ਮੁਲਾਜ਼ਮਾਂ ਨੂੰ ਅਜਿਹੀ ਉੱਚ-ਪੱਧਰੀ ਸੁਰੱਖਿਆ ਪ੍ਰਦਾਨ ਕਰਨਾ ਠੀਕ ਹੈ, ਖ਼ਾਸ ਤੌਰ ਤੇ ਉਸ ਵੇਲੇ ਜਦੋਂ ਕਿ ਸਾਡਾ ਵਿਕਾਸ ਦਾ ਪੱਧਰ ਠੀਕ ਨਾ ਹੋਵੇ ਅਤੇ ਦੇਸ਼ ਵਿੱਚ ਲੱਖਾਂ ਨੌਜਵਾਨ ਨੌਕਰੀ ਦੀ ਭਾਲ ਵਿੱਚ ਹੋਣ। ਚੀਨ, ਪੂਰਬੀ ਏਸ਼ੀਆ ਅਤੇ ਭਾਰਤ ਦਾ ਤਜਰਬਾ ਦਰਸਾਉਂਦਾ ਹੈ ਕਿ ਅੱਤ ਦੀਆਂ ਸੁਰੱਖਿਅਤ ਕਿਰਤ ਨੀਤੀਆਂ ਵਰਕਰਾਂ ਦੇ ਲੰਮੀ ਮਿਆਦ ਦੇ ਹਿੱਤ ਵਿੱਚ ਨਹੀਂ ਹਨ ਅਤੇ ਇਸ ਨਾਲ ਉਨ੍ਹਾਂ ਨੂੰ ਲਾਭ ਦੀ ਬਜਾਇ ਨੁਕਸਾਨ ਹੀ ਪਹੁੰਚਦਾ ਹੈ। ਇਸ ਨਾਲ ਮੁਲਾਜ਼ਮ ਦੀ ਉਤਪਾਦਕਤਾ ਵਿੱਚ ਕਮੀ ਆਉਂਦੀ ਹੈ। ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੁੰਦਾ ਹੈ ਅਤੇ ਸਾਡੇ ਵਲੋਂ ਬਣਾਈਆਂ ਵਸਤਾਂ ਬਰਾਮਦ ਮੰਡੀ ਵਿੱਚ ਮੁਕਾਬਲੇ ਵਿੱਚ ਨਹੀਂ ਠਹਿਰਦੀਆਂ। ਇਸ ਨਾਲ ਸਾਡੀਆਂ ਬਰਾਮਦਾਂ ਉਸ ਨਾਲੋਂ ਕਾਫੀ ਘੱਟ ਹੁੰਦੀਆਂ ਹਨ ਜਿੰਨੀਆਂ ਕਿ ਹੋਣੀਆਂ ਚਾਹੀਦੀਆਂ ਹਨ।**

ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਕਿਰਤ ਕਾਨੂੰਨ ਆਮ ਤੌਰ ਤੇ ਮਜ਼ਦੂਰਾਂ ਦੀ ਵਰਤੋਂ ਕਰਨ ਲਈ ਲਚਕਦਾਰ ਅਤੇ ਨਿਪੁੰਨਤਾ ਲਈ ਸਹਾਈ ਹੁੰਦੇ ਹਨ। ਇਕ ਸ਼ਾਂਤੀਪੂਰਨ ਸੱਨਅਤੀ ਸੰਬੰਧਾਂ ਵਾਲਾ ਮਾਹੌਲ ਬਹੁਤ ਸਾਰੇ ਦੇਸ਼ਾਂ ਵਿੱਚ ਕਾਇਮ ਰੱਖਿਆ ਗਿਆ ਹੈ। ਅਜਿਹਾ (ਲਗਭਗ 1 ਮਹੀਨੇ ਦੇ) ਨੋਟਿਸ ਤੋਂ ਬਾਅਦ ਹੜਤਾਲ ਦਾ ਸੱਦਾ ਦੇਣ ਦੇ ਕਾਨੂੰਨ ਕਾਰਨ ਹੈ। ਅਜਿਹਾ ਸਵੈ-ਇੱਛਕ ਅਤੇ ਲਾਜ਼ਮੀ ਵਿਚੋਲਗੀ ਵਾਲੇ ਕਾਨੂੰਨ ਕਾਰਨ ਵੀ ਸੰਭਵ ਹੈ। ਨਤੀਜੇ ਵਜੋਂ ਹੜਤਾਲ ਅਤੇ ਕੰਮ ਵਿੱਚ ਰੁਕਾਵਟ ਪਾਉਣਾ ਆਮ ਵਰਤਾਰਾ ਨਹੀਂ ਹੈ। ਇਸ ਤੋਂ ਇਲਾਵਾ ਫਰਮਾਂ ਵਰਕਰਾਂ ਦੀ ਛਾਂਟੀ ਕਰ ਸਕਦੀਆਂ ਹਨ ਭਾਵੇਂ ਕਿ ਉਨ੍ਹਾਂ ਨੂੰ ਇਸ ਦਾ ਮੁਆਵਜ਼ਾ ਦੇਣਾ ਪੈਂਦਾ ਹੈ (ਹਰ ਸਾਲ ਦੀ ਨੌਕਰੀ ਦੇ ਇਕ ਮਹੀਨੇ ਦੀ ਤਨਖ਼ਾਹ ਦੇ ਬਰਾਬਰ)। ਇਸ ਨਾਲ ਕਿਰਤ ਦੀ ਵਰਤੋਂ ਵਿੱਚ ਲਚਕਤਾ ਆਉਂਦੀ ਹੈ ਅਤੇ ਵਰਕਰਾਂ ਵਿੱਚ ਅਨੁਸ਼ਾਸਨ ਦੀ ਭਾਵਨਾ ਪੈਦਾ ਹੁੰਦੀ ਹੈ। ਸੱਨਅਤਕਾਰ ਇਸ ਲਈ ਉਨ੍ਹਾਂ ਨੂੰ ਕੰਮ ਉਤੇ ਰੱਖਣਾ ਪਸੰਦ ਕਰਦੇ ਹਨ ਜਿਸ ਨਾਲ ਰੋਜ਼ਗਾਰ ਅਤੇ ਤਨਖ਼ਾਹਾਂ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ।

ਜਾਪਾਨੀ ਕਿਸਮ ਦਾ ਲਚਕਦਾਰ ਤਨਖ਼ਾਹ ਢਾਂਚਾ ਕੋਰੀਆ, ਤਾਇਵਾਨ, ਮਲੇਸ਼ੀਆ ਅਤੇ ਸਿੰਗਾਪੁਰ ਵਿੱਚ ਵੀ ਲਾਗੂ ਕੀਤਾ ਗਿਆ ਹੈ। ਮੁਲਾਜ਼ਮਾਂ ਨੂੰ ਬੋਨਸ ਦੇਣਾ, ਜੋ ਕਿ ਕੁੱਝ ਹੱਦ ਤੱਕ ਕੰਪਨੀ ਦੇ ਮੁਨਾਫ਼ੇ ਉਤੇ ਨਿਰਭਰ ਕਰਦਾ ਹੈ, ਮੁਲਾਜ਼ਮਾਂ ਨੂੰ ਵਧੇਰੇ ਜ਼ਿੰਮੇਵਾਰ ਅਤੇ ਸਹਿਯੋਗੀ ਬਣਾ ਦਿੰਦਾ ਹੈ। ਬੋਨਸ ਦੀ ਰਕਮ (ਅਤੇ ਤਰੱਕੀਆਂ) ਨੂੰ ਆਪਸ ਵਿੱਚ ਜੋੜਨ ਨਾਲ ਹਰ ਮੁਲਾਜ਼ਮ ਆਪਣੀ ਕਾਰਗੁਜ਼ਾਰੀ ਦੇ ਹਿਸਾਬ ਨਾਲ ਪੈਸੇ ਹਾਸਲ ਕਰ ਲੈਂਦਾ ਹੈ ਅਤੇ ਚੰਗੀ ਕਾਰਗੁਜ਼ਾਰੀ ਵਿਖਾਉਣ ਉਤੇ ਉਸ ਲਈ ਕਈ ਤੋਹਫਿਆਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਇਹ ਸਾਰਾ ਕੁੱਝ ਨੌਕਰੀ ਦੀ ਸੁਰੱਖਿਆ ਦੀ ਮੌਜੂਦਗੀ ਦੇ ਬਾਵਜੂਦ ਜਾਪਾਨ ਵਾਂਗ ਹੀ ਕੀਤਾ ਜਾਂਦਾ ਹੈ। ਅੰਤਮ ਤੌਰ ਤੇ ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਵਰਕਰਾਂ ਦੀ ਆਮ ਸਿੱਖਿਆ ਅਤੇ ਸਿਖਲਾਈ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਜਿਸ ਨਾਲ ਇਹ ਲੋਕ ਵਧੇਰੇ ਉਤਪਾਦਕ ਸਿੱਧ ਹੋ ਰਹੇ ਹਨ।

ਇਸ ਤਰ੍ਹਾਂ ਪੂਰਬੀ ਏਸ਼ੀਆਈ ਦੇਸ਼, ਜਿਨ੍ਹਾਂ

ਵਿੱਚ ਚੀਨ, ਅਤੇ ਜਾਪਾਨ ਵੀ ਸ਼ਾਮਲ ਹਨ, ਇਕ ਵਧੇਰੇ ਅਨੁਸ਼ਾਸਤ, ਪ੍ਰੇਰਨਾਦਾਇਕ, ਲਚਕਦਾਰ ਅਤੇ ਪੂਰੀ ਤਰ੍ਹਾਂ ਸਿਖਿਅਤ ਕਿਰਤ ਬਲ ਕਾਇਮ ਕਰਨ ਵਿੱਚ ਸਫਲ ਰਹੇ ਹਨ।

**ਇਸ ਤਰ੍ਹਾਂ ਭਾਰਤ ਵਿੱਚ ਨਿਪੁੰਨਤਾ ਅਤੇ ਭਲਾਈ (ਜਾਂ ਸੁਰੱਖਿਆ) ਪਹਿਲੂਆਂ ਵਿੱਚ ਇਕ ਢੁਕਵਾਂ ਸੰਤੁਲਨ ਕਾਇਮ ਨਹੀਂ ਰੱਖਿਆ ਜਾ ਰਿਹਾ ਅਤੇ ਤੱਕੜੀ ਦਾ ਛਾਬਾ ਖ਼ਤਰਨਾਕ ਢੰਗ ਨਾਲ ਨਿਪੁੰਨਤਾ ਤੋਂ ਦੂਰ ਜਾ ਰਿਹਾ ਹੈ। ਭਾਵੇਂ ਭਾਰਤ ਦੇ ਵੱਖ-ਵੱਖ ਇਤਿਹਾਸਕ ਅਤੇ ਸਮਾਜਕ ਸੰਦਰਭ ਉਸ ਨੂੰ ਨਿਪੁੰਨਤਾ ਦੇ ਮਾਮਲੇ ਵਿੱਚ ਪੂਰਬੀ ਏਸ਼ੀਆਈ ਦੇਸ਼ਾਂ ਤੱਕ ਵਧਣ ਦੀ ਇਜਾਜ਼ਤ ਨਹੀਂ ਦੇ ਰਹੇ ਪਰ ਇਸ ਨੂੰ ਮੁਲਾਜ਼ਮਾਂ ਦੀ ਨਿਪੁੰਨਤਾ ਵਿੱਚ ਸੁਧਾਰ ਲਿਆਉਣ ਲਈ ਵਾਜਬ ਕਦਮ ਚੁੱਕਣ ਦੀ ਲੋੜ ਹੈ। ਇਸ ਉਦੇਸ਼ ਲਈ ਪੂਰਬੀ ਏਸ਼ੀਆ ਦੀਆਂ ਨਿਪੁੰਨਤਾ ਵਧਾਉਣ ਦੀਆਂ ਕਿਰਤ ਨੀਤੀਆਂ ਭਾਰਤ ਵਿੱਚ ਵੀ ਅਪਣਾਈਆਂ ਜਾ ਸਕਦੀਆਂ ਹਨ ਜਿਸ ਨਾਲ ਲੰਬੀ ਮਿਆਦ ਤੱਕ ਭਾਰਤੀ ਵਰਕਰਾਂ ਦੀ ਭਲਾਈ ਹੋਵੇਗੀ ਅਜਿਹਾ ਰੋਜ਼ਗਾਰ ਦੀ ਮਾਤਰਾ ਵਿੱਚ ਵਾਧਾ ਕਰਕੇ ਅਤੇ ਮੁਲਾਜ਼ਮਾਂ ਦੀ ਅਸਲ ਆਮਦਨ ਵਧਾ ਕੇ ਸੰਭਵ ਹੈ।**

1. ਮਜ਼ਦੂਰਾਂ ਦੀ ਵਰਤੋਂ ਦੇ ਮਾਮਲੇ ਵਿੱਚ ਕੁੱਝ ਲਚਕਦਾਰੀ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਇਸ ਗੱਲ ਨੂੰ ਪ੍ਰਵਾਨ ਕਰਦੇ ਹੋਏ ਕਿ ਕੰਮ ਦੀ ਸੁਰੱਖਿਆ ਮਜ਼ਦੂਰਾਂ ਦੀ ਇਕ ਜਾਇਜ਼ ਲੋੜ ਹੈ। ਇਹ ਬਿਲਕੁਲ ਸਪੱਸ਼ਟ ਹੈ ਕਿ ਕੰਮ ਨਾ ਕਰਨ ਵਾਲੀਆਂ ਫਰਮਾਂ ਨੂੰ ਸਿਰਫ ਸਬਸਿਡੀ ਲੈਣ ਲਈ ਚੱਲਣ ਦੀ ਇਜਾਜ਼ਤ ਦੇਣ ਦਾ ਕੰਮ ਲੰਬੇ ਸਮੇਂ ਤੱਕ ਨਹੀਂ ਚੱਲੇਗਾ। ਉਨ੍ਹਾਂ ਫਰਮਾਂ ਨੂੰ ਮੁਲਾਜ਼ਮ ਕੱਢਣ ਦੀ ਮਨੁੱਖੀ ਅਧਾਰ ਉਤੇ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੇ ਕੰਮ ਜਾਂ ਤਾਂ ਘੱਟ ਕਰ ਦਿੱਤਾ ਹੈ ਜਾਂ ਉਤਪਾਦਨ ਬੰਦ ਕਰ ਦਿੱਤਾ ਹੈ ਅਤੇ ਜਾਂ ਜਿਨ੍ਹਾਂ ਨੇ ਮੁਕਾਬਲੇਬਾਜ਼ੀ ਵਿੱਚ ਸ਼ਾਮਲ ਹੋਣ ਲਈ ਫਰਮ ਦਾ ਪੁਨਰਗਠਨ ਕਰਨਾ ਹੈ। ਨਤੀਜੇ ਵਜੋਂ ਮਾਲਕਾਂ ਲਈ ਉਨ੍ਹਾਂ ਮੁਲਾਜ਼ਮਾਂ ਤੋਂ ਛੁਟਕਾਰੇ ਦਾ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ ਜੋ ਬਦਸਲੂਕੀ ਕਰਦੇ ਹਨ ਅਤੇ ਕੰਮ ਠੀਕ ਢੰਗ ਨਾਲ ਨਹੀਂ ਕਰਦੇ। ਇਸ ਦੇ ਮੁਕਾਬਲੇ ਲਈ ਮੁਅੱਤਲ ਕਰਨ ਦੇ ਅਧਿਕਾਰ ਦੀ ਦੁਰ-ਵਰਤੋਂ ਰੋਕਣ ਦੇ ਪ੍ਰਬੰਧ ਹੋਣੇ ਚਾਹੀਦੇ ਹਨ। ਮਾਲਕਾਂ ਨੂੰ ਇਹ ਸਿੱਧ ਕਰਨ ਦਾ ਅਦਾਲਤ ਵਿੱਚ ਮੌਕਾ ਦੇਣਾ ਚਾਹੀਦਾ ਹੈ ਕਿ ਮੁਲਾਜ਼ਮ ਬਦਸਲੂਕੀ ਕਰ ਰਿਹਾ ਹੈ ਅਤੇ ਉਸ ਨੂੰ ਵਾਧੂ ਮੁਆਵਜ਼ਾ ਦੇਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਜਾਂ ਜੇ ਉਸ ਦਾ ਮੁਅੱਤਲ ਹੋਣਾ ਨਜਾਇਜ਼ ਸਿੱਧ ਹੋਵੇ ਤਾਂ ਉਸ ਨੂੰ ਬਹਾਲ ਕੀਤਾ ਜਾਣਾ ਚਾਹੀਦਾ ਹੈ (ਜਿਵੇਂ ਕਿ ਮਲੇਸ਼ੀਆ ਵਿੱਚ ਹੁੰਦਾ ਹੈ)। ਹਰ ਹਾਲਤ ਵਿੱਚ ਕਿਸੇ ਨੂੰ ਖੁੱਲ੍ਹੀ ਨੌਕਰੀ ਸੁਰੱਖਿਆ ਦੇਣ ਨਾਲ ਇਹ ਬਹੁਤ ਮੁਸ਼ਕਿਲ ਹੋ ਜਾਵੇਗਾ ਕਿ ਉਸ ਵਰਕਰ ਨੂੰ ਅਨੁਸ਼ਾਸਨ ਵਿੱਚ ਰੱਖਿਆ ਜਾਵੇ ਅਤੇ ਇਸ ਨਾਲ ਵਰਕਰ ਦੀ ਉਤਪਾਦਕਤਾ ਘਟੇਗੀ।

2. ਕਿਸੇ ਮੁਲਾਜ਼ਮ ਦੀ ਉਸ ਨੌਕਰੀ ਤੋਂ ਮੁਅੱਤਲ ਕਰਨ ਦੀ ਮਿਆਦ 240 ਦਿਨ ਤੋਂ ਵਧਾ ਕੇ 3 ਸਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਦੇ ਲਈ ਜਾਪਾਨੀ ਢੰਗ ਅਪਣਾ ਕੇ ਲਚਕਦਾਰ ਤਨਖ਼ਾਹ ਸਿਸਟਮ ਅਪਣਾਇਆ ਜਾਣਾ ਚਾਹੀਦਾ ਹੈ ਜਿਸ ਵਿੱਚ ਮੁਲਾਜ਼ਮਾਂ (ਵਰਕਰਾਂ ਅਤੇ ਮੈਨੇਜਰਾਂ) ਨੂੰ ਕੰਪਨੀ ਦੇ ਮੁਨਾਫੇ ਵਿੱਚ ਹਿੱਸਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਮੁਲਾਜ਼ਮਾਂ ਨੂੰ ਉਤਪਾਦਕਤਾ ਸੁਧਾਰਨ ਦੀ ਸਥਿਤੀ ਵਿੱਚ ਚੰਗਾ ਕੰਮ ਕਰਕੇ ਵਿਖਾਉਣ ਦੀ ਸਥਿਤੀ ਵਿੱਚ ਤਰੱਕੀਆਂ ਅਤੇ ਹੋਰ ਸਹੂਲਤਾਂ ਦੇਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਹ ਚੰਗਾ ਵੀ ਰਹੇਗਾ ਅਤੇ ਸਿਆਸੀ ਤੌਰ ਤੇ ਵੀ ਪ੍ਰਵਾਨਿਤ ਹੋਵੇਗਾ ਅਤੇ ਇਸ ਨਾਲ ਭਾਰਤ ਵਰਗੇ ਦੇਸ਼ ਦੀ ਨੌਕਰੀ ਦੀ ਸੁਰੱਖਿਆ ਦੀ ਰਵਾਇਤ ਮਜ਼ਬੂਤ ਹੋਵੇਗੀ ਅਤੇ ਉਤਪਾਦਕਤਾ ਵੀ ਸੁਧਰੇਗੀ।

3. ਸਾਨੂੰ ਵਧੇਰੇ ਲਚਕਦਾਰ ਕਿਰਤ ਕਾਨੂੰਨਾਂ ਨਾਲ ਤਜਰਬੇ ਕਰਨੇ ਚਾਹੀਦੇ ਹਨ, ਉਦਾਹਰਣ ਵਜੋਂ ਬਰਾਮਦ, ਪ੍ਰੋਸੈਸਿੰਗ ਖੇਤਰਾਂ ਵਿੱਚ, ਕਿਉਂਕਿ ਇਨ੍ਹਾਂ ਵਿੱਚ ਬਰਾਮਦਾਂ ਜ਼ਿਆਦਾ ਹੋਣ ਦਾ ਪ੍ਰਬੰਧ ਹੁੰਦਾ ਹੈ ਅਤੇ ਵਧੇਰੇ ਨਿਪੁੰਨ ਅਤੇ ਮੁਕਾਬਲੇ ਵਾਲੀ ਕਿਰਤ ਤਾਕਤ ਦੀ ਜ਼ਰੂਰਤ ਹੁੰਦੀ ਹੈ। ਇਸ ਨਾਲ ਸਾਨੂੰ ਵਧੇਰੇ ਵਿਦੇਸ਼ੀ ਸਿੱਧਾ ਨਿਵੇਸ਼ ਹਾਸਲ ਕਰਨ ਹੀ ਇਜਾਜ਼ਤ ਵੀ ਮਿਲੇਗੀ। ਇਨ੍ਹਾਂ ਜ਼ੋਨਾਂ ਵਿੱਚ ਹੋਰ ਤੇਜ਼ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਨਾਲ ਕਿਰਤੀਆਂ ਅਤੇ ਟ੍ਰੇਡ ਯੂਨੀਅਨਾਂ ਵਿੱਚ ਵਧੇਰੇ ਨਿਪੁੰਨਤਾ ਅਧਾਰਿਤ ਕਿਰਤ ਕਾਨੂੰਨਾਂ ਬਾਰੇ ਡਰ ਦੀ ਭਾਵਨਾ ਖਤਮ ਹੋਵੇਗੀ।

4. ਕਿਰਤੀਆਂ ਦੀ ਸਿਖਲਾਈ ਅਤੇ ਵਿੱਦਿਆ ਵਿੱਚ ਸੁਧਾਰ ਵੱਲ ਵਧੇਰੇ ਕਦਮ ਚੁੱਕੇ ਜਾਣ ਦੀ ਲੋੜ ਹੈ ਤਾਂ ਕਿ ਉਨ੍ਹਾਂ ਨੂੰ

ਵਧੇਰੇ ਉਤਪਾਦਨਸ਼ੀਲ ਬਣਾਇਆ ਜਾ ਸਕੇ। ਇਸ ਵਿੱਚ ਸਾਰੇ ਬੱਚਿਆਂ ਲਈ ਦਸਵੀਂ ਕਲਾਸ ਤੱਕ ਲਾਜ਼ਮੀ ਮੁਫਲੀ ਸਿੱਖਿਆ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਵਿਵਸਾਇਕ ਸਿਖਲਾਈ ਉਤੇ ਜ਼ੋਰ ਹੋਣਾ ਚਾਹੀਦਾ ਹੈ। ਦਸਵੀਂ ਤੱਕ ਦੀ ਸਿੱਖਿਆ ਇਸ ਲਈ ਜ਼ਰੂਰੀ ਹੈ ਤਾਂ ਕਿ ਲੰਬੇ ਸਮੇਂ ਤੱਕ ਆਰਥਿਕ ਵਾਧੇ ਨੂੰ ਕਾਇਮ ਰੱਖਿਆ ਜਾ ਸਕੇ। ਇਸੇ ਤਰ੍ਹਾਂ ਹਰ ਵਰਕਰ ਦੀ ਸਰੀਰਕ ਸਮਰੱਥਾ ਵਧਾਉਣ ਲਈ ਕਦਮ ਚੁੱਕੇ ਜਾਣ ਦੀ ਲੋੜ ਹੈ। ਇਨ੍ਹਾਂ ਕਦਮਾਂ ਵਿੱਚ ਉਨ੍ਹਾਂ ਨੂੰ ਬੱਚਤਾਂ ਅਤੇ ਨਿਵੇਸ਼, ਘਰੇਲੂ ਅਤੇ ਵਿਦੇਸ਼ੀ ਪੱਧਰ ਉਤੇ, ਕਰਨ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ।

ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਜੇ ਕਿਰਤ ਨੀਤੀ ਵਿੱਚ ਸ਼ਾਮਲ ਕੀਤਾ ਜਾਵੇ ਤਾਂ ਇਸ ਨਾਲ ਭਾਰਤ ਦੀ ਕਿਰਤ ਸਮਰੱਥਾ ਵਿੱਚ ਵਾਧਾ ਹਵੇਗਾ। ਇਸ ਦੇ ਨਾਲ ਹੀ ਇਹ ਨੋਟ ਕਰਨ ਵਾਲੀ ਗੱਲ ਹੈ ਕਿ ਹਰ ਮੁਲਾਜ਼ਮ ਲਈ ਰੋਜ਼ਗਾਰ ਅਤੇ ਅਸਲ ਕਮਾਈ ਕਿਰਤ ਅਧਾਰਤ ਅਤੇ ਬਰਾਮਦ ਅਧਾਰਤ ਸੱਨਅਤੀਕਰਨ ਦੀਆਂ ਸਾਂਝੀਆਂ ਨੀਤੀਆਂ ਦਾ ਨਤੀਜਾ ਹੈ ਕਿਉਂਕਿ ਭਾਰਤ ਨੇ ਪਹਿਲਾਂ ਹੀ ਬਹੁਤ ਸਾਰੇ ਹੋਰ ਸੁਧਾਰ ਬਰਾਮਦ ਅਧਾਰਤ ਸੱਨਅਤ ਲਈ ਅਪਣਾ ਲਏ ਹਨ ਇਸ ਲਈ ਲੋੜ ਇਸ ਗੱਲ ਦੀ ਹੈ ਕਿ ਕਿਰਤ ਨੀਤੀ ਵਿੱਚ ਸੁਧਾਰ ਰੋਜ਼ਗਾਰ ਦੀ ਉੱਚ ਵਿਕਾਸ ਦਰ ਅਤੇ ਮੁਲਾਜ਼ਮਾਂ ਦੀ ਪ੍ਰਤਿ ਵਿਅਕਤੀ ਕਾਮਈ ਦੇ ਹਿਸਾਬ ਨਾਲ ਲਾਗੂ ਕੀਤੇ ਜਾਣ ਅਤੇ ਉਨ੍ਹਾਂ ਦਾ ਲਾਭ ਪ੍ਰਾਪਤ ਹੋਵੇ।

*(ਲੇਖਕ ਨਵੀਂ ਦਿੱਲੀ ਸਥਿਤ ਆਰਥਿਕ ਵਿਕਾਸ ਬਾਰੇ ਸੰਸਥਾ ਦੇ ਆਰ ਬੀ ਆਈ ਐਨਡੋਮੈਂਟ ਯੂਨਿਟ ਦੇ ਮੁਖੀ ਅਤੇ ਅਰਥਸ਼ਾਸਤਰ ਦੇ ਆਰ ਬੀ ਆਈ ਚੇਅਰ ਪ੍ਰੋਫੈਸਰ ਹਨ)*

*e-mail :pradeep@iegindia.org*

# ਮਸ਼ੀਨੀ ਯੁੱਗ

✍ ਰਿੰਦੂ ਨਾਥ

ਪਿਛਲੇ ਦੋ ਦਹਾਕਿਆਂ ਦੌਰਾਨ ਨਿਰਮਾਣ ਖੇਤਰ ਵਿੱਚ ਹੈਰਾਨੀਜਨਕ ਵਿਕਾਸ ਹੋਇਆ ਹੈ। ਤਕਨਾਲੋਜੀ ਨੂੰ ਅਪਣਾਉਣ, ਵਿਸ਼ਵ ਵਿੱਚ ਪਹੁੰਚ ਅਤੇ ਤੇਜ਼ ਰਫ਼ਤਾਰ ਸੰਚਾਰ ਨੇ ਵਸਤਾਂ ਦੇ ਨਿਰਮਾਣ, ਸੇਵਾ ਪੁੱਜਦੇ ਕਰਨ ਦੇ ਤੌਰ ਤਰੀਕੇ ਬਦਲ ਕੇ ਰੱਖ ਦਿੱਤੇ ਹਨ। ਬਹੁਤ ਸਾਰੇ ਖੇਤਰਾਂ ਵਿੱਚ ਮਸ਼ੀਨ ਨਾ ਕੇਵਲ ਮਨੁੱਖੀ ਕਿਰਤ ਦਾ ਬਦਲ ਬਣ ਰਹੀ ਹੈ ਪਰ ਇਹ ਬੌਧਿਕ ਹੁਨਰ ਦਾ ਵੀ ਮੁਕਾਬਲਾ ਕਰ ਰਹੀ ਹੈ। ਸਵੈਚਾਲਨ ਦੇ ਦੀਰਘਕਾਲੀ ਪ੍ਰਭਾਵ ਹਨ ਜੋ ਸਿੱਟੇ ਵਜੋਂ ਅਰਧ ਹੁਨਰਮੰਦ ਅਤੇ ਗ਼ੈਰ-ਹੁਨਰਮੰਦ ਕਾਮਾ-ਸ਼ਕਤੀ ਦੇ ਬੇਰੋਜ਼ਗਾਰ ਹੋਣ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਵੈਚਾਲਨ ਦੀ ਪ੍ਰਕਿਰਿਆ ਸਥਿਰਤਾ ਵਾਲੀ ਹੋਵੇ ਜੋ ਲੋਕਾਂ ਲਈ ਫਾਇਦਿਆਂ ਦਾ ਨਿਰਮਾਣ ਕਰਨ ਦੇ ਕਾਬਲ ਹੋਵੇ।

ਸਵੈਚਾਲਨ ਖੇਤੀਬਾੜੀ, ਨਿਰਮਾਣ ਅਤੇ ਪੂਰਤੀ ਲੜੀ ਪ੍ਰਬੰਧਨ ਪ੍ਰਣਾਲੀ ਕਾਰਜਾਂ ਦੇ ਬੁਨਿਆਦੀ ਤਰੀਕੇ ਵਿੱਚ ਤਬਦੀਲੀ ਕਰਨ ਜਾ ਰਿਹਾ ਹੈ। ਉਤਪਾਦਕਤਾ ਵਧਾਉਣ ਲਈ ਕਿਰਤ ਮੁਖੀ ਨੌਕਰੀਆਂ ਦੀ ਥਾਂ ਰੋਬੋਟ ਲੈ ਲੈਣਗੇ। ਅਸਲ ਵਿੱਚ, ਸਵੈਚਾਲਨ ਮਨੁੱਖੀ ਸਰੋਤਾਂ ਲਈ ਨਵੀਨਤਮ ਅਤੇ ਜ਼ਿਆਦਾ ਉਤਪਾਦਕਤਾ ਵਾਲੀਆਂ ਨੌਕਰੀਆਂ ਦੇ ਨਿਰਮਾਣ ਦਾ ਇਕ ਮੌਕਾ ਪ੍ਰਦਾਨ ਕਰੇਗਾ। ਅਨੁਕੂਲਣ ਅਤੇ ਤਕਨਾਲੋਜੀ ਨਾਲ ਜਾਣ-ਪਛਾਣ ਮੁੱਖ ਕੁੰਜੀ ਹੈ। ਕਿਰਤ ਅਤੇ ਮਸ਼ੀਨਾਂ ਨੂੰ ਦੋ ਵੱਖੋ-ਵੱਖਰੇ ਸਿਰੇ ਨਹੀਂ ਸਮਝਿਆ ਜਾਣਾ ਚਾਹੀਦਾ ਜੋ ਇਕ ਦੂਜੇ ਨਾਲ ਮੁਕਾਬਲੇਬਾਜ਼ੀ ਕਰਦੇ ਹਨ। ਤਾਲਮੇਲ ਵਾਲੇ ਅਤੇ ਸਹਾਇਕ ਢਾਂਚੇ ਪੈਦਾ ਕਰਨੇ ਹੋਣਗੇ ਜਿਨ੍ਹਾਂ ਦਾ ਟੀਚਾ ਸਵੈਚਾਲਨ, ਉਤਪਾਦਕਤਾ ਦਾ ਅਸੀਮਤ ਏਕੀਕਰਨ ਅਤੇ ਹੋਰ ਨੌਕਰੀਆਂ ਪੈਦਾ ਕਰਨਾ ਹੋਵੇਗਾ।

## ਤਕਨਾਲੋਜੀ ਦੇ ਰੁਝਾਨ

ਪਿਛਲੇ ਦਹਾਕੇ ਦੌਰਾਨ, ਲਾਗਤ ਪ੍ਰਭਾਵੀ ਤਰੀਕੇ ਨਾਲ ਤਕਨੀਕੀ ਹੱਲ ਮੁਹੱਈਆ ਕਰਵਾਉਣ ਵਿੱਚ ਸੂਚਨਾ ਅਤੇ ਸਚੰਾਰ ਤਕਨਾਲੋਜੀ ਦੀ ਮੋਹਰੀ ਭੂਮਿਕਾ ਰਹੀ ਹੈ। ਤੇਜ਼ ਰਫ਼ਤਾਰ ਸੰਚਾਰ ਲਿੰਕ ਰਾਹੀਂ ਡੇਟਾ ਦੀ ਉਪਲਬਧਤਾ ਨੇ ਉਤਪਾਦਨ, ਜ਼ਰੂਰਤ ਅਤੇ ਪੂਰਤੀ ਪੱਧਤੀ, ਪਾੜੇ ਵਾਲੇ ਖੇਤਰਾਂ ਦੀ ਸਮੀਖਿਆ ਅਤੇ ਮੁਲਾਂਕਣ ਕਰਨ ਦਾ ਮੌਕਾ ਪ੍ਰਦਾਨ ਕੀਤਾ। ਵਿਸ਼ਾਲ ਡੇਟਾ ਮੁਲਾਂਕਣਕਾਰ ਕਾਫੀ ਵੱਡੀ ਮਾਤਰਾ ਵਿੱਚ ਡੇਟਾ ਦਾ ਮੁਲਾਂਕਣ ਕਰਨ ਅਤੇ ਸਿੱਟੇ ਕੱਢਣ ਦੇ ਯੋਗ ਹੋ ਜਾਂਦਾ ਹੈ।

ਤੇਜ਼ ਰਫ਼ਤਾਰ ਇੰਟਰਨੈੱਟ ਨਾਲ ਅਜਿਹੇ ਉਪਕਰਣਾਂ ਨਾਲ ਜੁੜਨਾ ਸੰਭਵ ਹੋ ਜਾਂਦਾ ਹੈ ਜਿਨ੍ਹਾਂ ਉਤੇ ਦੂਰ ਬੈਠਿਆਂ ਨਿਯੰਤ੍ਰਣ ਕੀਤਾ ਜਾਂਦਾ ਹੈ। ਅਸੀਂ ਇੰਟਰਨੈੱਟ ਦੇ ਅਜਿਹੇ ਯੁੱਗ ਵਿੱਚ ਦਾਖਲ ਹੋ ਚੁੱਕੇ ਹਾਂ ਜਿਥੇ ਕੱਪੜੇ ਧੋਣ ਵਾਲੀ ਮਸ਼ੀਨ ਤੋਂ ਲੈ ਕੇ ਕੌਫੀ ਮਸ਼ੀਨ, ਲੈਂਪ, ਕਾਰ ਅਤੇ ਜੈੱਟ ਇੰਜਣ ਤੱਕ ਇੰਟਰਨੈੱਟ ਰਾਹੀਂ ਨਿਯੰਤ੍ਰਣ ਕਰਨੇ ਸੰਭਵ ਹੋ ਗਏ ਹਨ। ਇਕ ਅੰਦਾਜ਼ੇ ਮੁਤਾਬਕ 2020 ਤੱਕ 26 ਮਿਲੀਅਨ ਤੋਂ ਵੱਧ ਉਪਕਰਣ ਇਕ ਵਿਸ਼ਾਲ ਨੈੱਟਵਰਕ ਨਾਲ ਜੁੜ ਜਾਣਗੇ, ਜਿਸ ਵਿੱਚ ਲੋਕ ਵੀ ਸ਼ਾਮਲ ਹੋਣਗੇ। ਇਹ ਸੰਬੰਧ ਮਸ਼ੀਨ-ਵਿਅਕਤੀ, ਮਸ਼ੀਨ-ਮਸ਼ੀਨ, ਅਤੇ ਵਿਅਕਤੀ-ਵਿਅਕਤੀ ਦੇ ਦਰਮਿਆਨ ਬਣਨ ਜਾਂ ਰਿਹਾ ਹੈ। ਅਸਲ ਵਿੱਚ, ਛੇਤੀ ਹੀ ਇੰਟਰਨੈੱਟ ਸਮਾਰਟ ਸ਼ਹਿਰਾਂ ਦੇ ਡਿਜ਼ਾਈਨ ਤਿਆਰ ਕਰਨ ਦਾ ਇਕ ਅਨਿੱਖੜਵਾਂ ਅੰਗ ਬਣਨ ਜਾ ਰਿਹਾ ਹੈ।

ਅੱਜਕੱਲ੍ਹ ਬਹੁਤ ਸਾਰੀਆਂ ਨਿਰਮਾਣ ਜੋੜਨ ਇਕਾਈਆਂ ਵਿੱਚ ਉਦਯੋਗਿਕ ਅਤੇ ਸਵੈਚਾਲਨ ਰੋਬੋਟ ਪ੍ਰਸਿੱਧ ਹਨ। ਇਹ ਰੋਬੋਟ ਉਦਯੋਗ ਨੂੰ ਨਵਾਂ ਅਕਾਰ ਪ੍ਰਦਾਨ ਕਰ ਰਹੇ ਹਨ। ਰੋਬੋਟ ਆਮ ਕਰਕੇ ਅਜਿਹੇ ਕੰਮਾਂ ਲਈ ਤਾਇਨਾਤ ਕੀਤੇ ਜਾਂਦੇ ਹਨ ਜੋ ਖ਼ਤਰਨਾਕ ਅਤੇ ਮਨੁੱਖਾਂ ਲਈ ਅਢੁੱਕਵੇਂ ਹੁੰਦੇ ਹਨ। ਅਜਿਹੀਆਂ ਥਾਵਾਂ ਉਤੇ ਰੋਬੋਟ ਦੀ ਵਰਤੋਂ ਲਗਾਤਾਰ ਵਧ ਰਹੀ ਹੈ ਜਿਥੇ ਉੱਚ ਉਤਪਾਦਨ ਦੀ ਲੋੜ ਹੈ ਅਤੇ ਕਿਸੇ ਵੀ ਗਲਤੀ ਦੀ ਗੁੰਜਾਇਸ਼ ਨਹੀਂ ਹੁੰਦੀ।

## ਮਜ਼ਦੂਰਾਂ ਉਤੇ ਪ੍ਰਭਾਵ

ਤਕਨਾਲੋਜੀ ਅਧਾਰਤ ਨਿਰਮਾਣ ਇਕਾਈਆਂ ਆਰਥਿਕ ਮੌਕਿਆਂ ਅਤੇ ਵਧੀਆ ਸਿਹਤ ਦੀਆਂ ਸ਼ਕਤੀਸ਼ਾਲੀ ਚਾਲਕ ਹੋ ਸਕਦੀਆਂ ਹਨ। ਦੁਨੀਆਂ ਭਰ ਵਿੱਚ ਵੱਖ-ਵੱਖ ਸੱਨਅਤਾਂ ਉੱਚ ਕੁਸ਼ਲਤਾ ਅਤੇ ਕਾਰਗੁਜ਼ਾਰੀ, ਘੱਟ ਨਿਰਮਾਣ ਲਾਗਤ ਲਈ ਨਵੀਆਂ ਤਕਨਾਲੋਜੀਆਂ ਅਪਨਾ ਰਹੀਆਂ ਹਨ। ਜੋ ਖ਼ਤਰੇ ਭਰੀਆਂ ਕੰਮ ਵਾਲੀਆਂ ਥਾਵਾਂ ਉਤੇ ਮਸ਼ੀਨਾਂ ਜੋਖ਼ਮ ਘੱਟ ਕਰਕੇ ਪ੍ਰਭਾਵਿਕਤਾ ਵਿੱਚ ਵਾਧਾ ਕਰ ਸਕਦੀਆਂ ਹਨ। ਪਰ ਇਨ੍ਹਾਂ ਦੇ ਲੋਕਾਂ ਅਤੇ ਕਾਰੋਬਾਰ ਲਈ ਕਈ ਸਾਰੇ ਜੋਖ਼ਮ ਵੀ ਹਨ, ਖ਼ਾਸ ਕਰਕੇ ਵੱਡੀ ਸੰਖਿਆ ਵਿੱਚ ਨੌਕਰੀਆਂ ਖਤਮ ਹੋਣ ਦੀ ਸ਼ਕਲ ਵਿੱਚ ਦੁਨੀਆਂ ਭਰ ਵਿੱਚ ਬਹੁਤ ਸਾਰੇ ਉਦਯੋਗਾਂ ਵਿੱਚ ਸੰਸਥਾਗਤ ਨੌਕਰੀਆਂ ਵਿੱਚ ਕਮੀ ਵੇਖੀ ਜਾ ਰਹੀ ਹੈ। ਆਮ ਤੌਰ ਤੇ ਸਭ ਤੋਂ ਜ਼ਿਆਦਾ ਅਸਰ ਅਰਧ-ਹੁਨਰਮੰਦ ਅਤੇ ਗ਼ੈਰ ਹੁਨਰਮੰਦ ਕਾਮਿਆਂ ਉਤੇ ਪੈਂਦਾ ਹੈ ਜੋ ਨਿਰਮਾਣ ਅਤੇ ਖੇਤੀਬਾੜੀ ਖੇਤਰ ਵਿੱਚ ਕਾਰਜਰਤ ਕਾਮਾ-ਸ਼ਕਤੀ ਦਾ ਇਕ ਵੱਡਾ ਹਿੱਸਾ ਹੁੰਦੇ ਹਨ।

ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ ਐੱਲ ਓ) ਈ ਟੀ 20 ਰੋਜ਼ਗਾਰ ਕਾਰਜ ਸਮੂਹ 2015 ਲਈ ਰਿਪੋਰਟ ਮੁਤਾਬਕ ਬਹੁਤ ਸਾਰੇ ਮਾਲਕਾਂ ਵਿੱਚ ਕਿਰਤ ਦੀ ਹਿੱਸੇਦਾਰੀ ਵਿੱਚ ਘਾਟੇ

ਦਾ ਰੁਝਾਨ ਵੇਖਿਆ ਗਿਆ ਹੈ। ਇਹ ਵੇਖਿਆ ਗਿਆ ਕਿ 1990 ਤੋਂ 2009 ਦੇ ਸਮੇਂ ਦੌਰਾਨ, ਰਾਸ਼ਟਰੀ ਆਮਦਨ ਵਿੱਚ ਕਿਰਤ ਮੁਆਵਜ਼ੇ ਦਾ ਹਿੱਸਾ 30 ਵਿੱਚੋਂ 26 ਵਿਕਸਤ ਦੇਸ਼ਾਂ ਵਿੱਚ ਘੱਟ ਗਿਆ। ਉੱਭਰਦੇ ਹੋਏ ਅਤੇ ਵਿਕਾਸਸ਼ੀਲ ਅਰਥਚਾਰਿਆਂ ਦੇ ਮਾਮਲੇ ਵਿੱਚ ਸਬੂਤ ਰਲੇ-ਮਿਲੇ ਅਤੇ ਕੁੱਝ-ਕੁੱਝ ਅਸਪੱਸ਼ਟ ਹਨ। ਤਾਂ ਵੀ, ਆਈ ਐੱਲ ਓ ਦਾ ਕਹਿਣਾ ਹੈ ਕਿ ਬਹੁਤ ਸਾਰੇ ਉੱਭਰ ਰਹੇ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਕਿਰਤ ਆਮਦਨ ਦੇ ਹਿੱਸੇ ਵਿੱਚ ਗਿਰਾਵਟ ਵਿਕਸਤ ਆਰਥਿਕਤਾਵਾਂ ਨਾਲੋਂ ਹੋਰ ਵੀ ਜ਼ਿਆਦਾ ਸਪੱਸ਼ਟ ਹੈ, ਖ਼ਾਸ ਕਰਕੇ ਏਸ਼ੀਆ ਅਤੇ ਉੱਤਰੀ ਅਫਰੀਕਾ ਵਿੱਚ ਇਹ ਗਿਰਾਵਟ ਜ਼ਿਆਦਾ ਹੈ। ਕੁੱਲ ਘਰੇਲੂ ਉਤਪਾਦ ਵਿੱਚ ਕਿਰਤ ਦਾ ਘਟਦਾ ਹਿੱਸਾ ਬਹੁਤ ਸਾਰੇ ਵਿਕਸਤ ਅਰਥਚਾਰਿਆਂ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਵੀ ਚਿੰਤਾ ਦਾ ਕਾਰਨ ਹੈ।

## ਮਿਸਾਲੀ ਬਦਲਾਅ

ਤਕਨੀਕੀ ਤਰੱਕੀ ਅਤੇ ਬਦਲਾਅ ਦੀ ਰਫ਼ਤਾਰ ਨੌਕਰੀਆਂ ਦੀ ਕਿਸਮ ਅਤੇ ਇਨ੍ਹਾਂ ਦੇ ਸਥਾਨ ਦੀ ਉਪਲਬਧਤਾ ਨੂੰ ਕਾਫੀ ਪ੍ਰਭਾਵਿਤ ਕਰੇਗੀ। ਮਸ਼ੀਨਾਂ ਕੁੱਝ ਨੌਕਰੀਆਂ ਦੀ ਥਾਂ ਲੈ ਲੈਣਗੀਆਂ ਅਤੇ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ, ਜਦ ਕਿ ਮੌਜੂਦਾ ਨੌਕਰੀਆਂ ਲਈ ਸਾਰੇ ਨਵੇਂ ਕੰਮ ਅਪਣਾਉਣਗੀਆਂ। ਇਹ ਆਸ ਕੀਤੀ ਜਾਂਦੀ ਹੈ ਕਿ ਤਕਨਾਲੋਜੀ ਦੁਆਰਾ ਲੱਖਾਂ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ ਜਿਸ ਵਿੱਚ ਰੋਬੋਟ ਦਾ ਡਿਜ਼ਾਈਨ ਤਿਆਰ ਕਰਨ, ਨਿਰਮਾਣ ਅਤੇ ਰੱਖ-ਰਖਾਅ ਲਈ ਜ਼ਿੰਮੇਵਾਰ ਵਿਅਕਤੀ ਸ਼ਾਮਲ ਹੋਣਗੇ। ਨਵੇਂ ਕਾਰੋਬਾਰੀ ਨਮੂਨੇ ਦੂਜੀਆਂ ਨੌਕਰੀਆਂ ਪੈਦਾ ਕਰਨਗੇ।

ਪਰ, ਢੁੱਕਵੇਂ ਹੁਨਰ ਪ੍ਰਾਪਤ ਕੀਤੇ ਬਿਨਾਂ ਇਨ੍ਹਾਂ ਨੌਕਰੀਆਂ ਤੱਕ ਪਹੁੰਚ ਔਖੀ ਹੋਵੇਗੀ। ਨਵੀਆਂ ਨੌਕਰੀਆਂ ਮੌਜੂਦਾ ਨੌਕਰੀਆਂ ਦਾ ਕੋਈ ਇਕ ਬਦਲ ਨਹੀਂ ਹੋਣਗੀਆਂ ਕਿਉਂਕਿ ਨੌਕਰੀਆਂ ਦਾ ਸਥਾਨ ਅਤੇ ਕਿਸਮ ਬਦਲ ਜਾਣਗੇ, ਇਸ ਲਈ ਕਾਮਾ-ਸ਼ਕਤੀ ਦਾ ਵੱਡੇ ਪੱਧਰ ਉਤੇ ਵਿਸਥਾਪਨ ਹੋਵੇਗਾ। ਔਰਤ ਕਾਮੇ, ਜੋ ਖੇਤੀਬਾੜੀ ਅਤੇ ਹਲਕੀਆਂ ਨਿਰਮਾਣ ਪ੍ਰਕਿਰਿਆਵਾਂ ਵਿੱਚ ਚੋਖਾ ਯੋਗਦਾਨ ਪਾਉਂਦੀਆਂ ਹਨ, ਇਨ੍ਹਾਂ ਬਦਲਾਵਾਂ ਦਾ ਸਭ ਤੋਂ ਵੱਧ ਸ਼ਿਕਾਰ ਹੋ ਸਕਦੀਆਂ ਹਨ। ਇਹ ਉਮੀਦ ਕੀਤੀ ਜਾਂਦੀ ਹੈ ਕਿ ਤਕਨਾਲੋਜੀ ਨੌਕਰੀ ਦੀਆਂ ਲੋੜਾਂ ਨੂੰ ਅਨੁਕੂਲ ਬਣਾ ਕੇ, ਖਤਰੇ ਹੇਠ ਆਏ ਸਮੂਹ ਦੀ ਪਹੁੰਚ ਵਿੱਚ ਬਣਾ ਦੇਵੇਗੀ।

## ਸਮਾਜਕ ਬਰਾਬਰੀ

ਤਕਨਾਲੋਜੀ ਉੱਚ ਹੁਨਰ ਵਾਲੀਆਂ ਨੌਕਰੀਆਂ ਪੈਦਾ ਕਰੇਗੀ ਅਤੇ ਮੌਜੂਦਾ ਨੌਕਰੀਆਂ ਦੀ ਗੁਣਵੱਤਾ ਵਿੱਚ ਸੁਧਾਰ ਕਰੇਗੀ। ਇਸ ਨਾਲ ਲੋਕ ਹੋਰ ਜ਼ਿਆਦਾ ਉਤਪਾਦਨਕਾਰੀ ਅਤੇ ਉੱਚ ਤਨਖ਼ਾਹਾਂ ਦੇ ਯੋਗ ਬਣ ਜਾਣਗੇ। ਮੌਜੂਦਾ ਕਾਮਾ-ਸ਼ਕਤੀ ਹੁਨਰਮੰਦ ਹੋਵੇਗੀ ਜਿਸ ਨਾਲ ਉਹ ਨਵੀ ਤਕਨਾਲੋਜੀ ਮੁਖੀ ਵਾਤਾਵਰਨ ਵਿੱਚ ਫਿਟ ਬੈਠਣ ਦੇ ਯੋਗ ਹੋ ਜਾਣਗੇ। ਜੇ ਕਾਮਿਆਂ ਕੋਲ ਇਨ੍ਹਾਂ ਉੱਚ ਤਨਖ਼ਾਹ ਵਾਲੀਆਂ ਨਿਰਮਾਣ ਖੇਤਰ ਦੀਆਂ ਨੌਕਰੀਆਂ ਲੈਣ ਲਈ ਸਹੀ ਹੁਨਰ ਹੋਣ ਅਤੇ ਸੁਧਰੀ ਹੋਈ ਕੁਸ਼ਲਤਾ ਦੇ ਫਾਇਦੇ ਕਾਮਿਆਂ ਨੂੰ ਵਾਪਸ ਕੀਤੇ ਜਾਣਗੇ ਤਾਂ ਇਨ੍ਹਾਂ ਨਾਲ ਆਮਦਨ ਅਤੇ ਸਮੂਹਿਮਕ ਜੀਵਨ ਪੱਧਰ ਵਿੱਚ ਸੁਧਾਰ ਕਰਨ ਦੀਆਂ ਜ਼ਿਆਦਾ ਆਸਾਂ ਲਾਈਆਂ ਜਾ ਸਕਦੀਆਂ ਹਨ।

**ਕੁੱਲ ਮਿਲਾ ਕੇ, ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਆਵੇਗਾ। ਤਕਨਾਲੋਜੀ ਮੁਖੀ ਨਵੀਆਂ ਨੌਕਰੀਆਂ ਨਾਲ ਕੁੱਝ ਸਮਾਜਕ ਅੜਿੱਕੇ ਵੀ ਦੂਰ ਹੋਣਗੇ ਜਿਸ ਨਾਲ ਹਿੰਸਕ ਬਰਾਬਰੀ ਨੂੰ ਪ੍ਰੋਤਸਾਹਨ ਮਿਲੇਗੀ। ਮਿਸਾਲ ਦੇ ਲਈ, ਢੁਕਵੀਆਂ ਨੌਕਰੀਆਂ ਨੂੰ ਕਿਰਤ ਮੁਖੀ ਅਤੇ ਪੁਰਸ਼ ਪ੍ਰਧਾਨਤਾ ਵਾਲੀਆਂ ਸਮਝਿਆ ਜਾਂਦਾ ਹੈ। ਮਿਸਾਲੀ ਬਦਲਾਅ ਸਦਕਾ ਅਜਿਹੀਆਂ ਰੁਕਾਵਟਾਂ ਖਤਮ ਹੋ ਜਾਣਗੀਆਂ।**

## ਚੁਨੌਤੀਆਂ

ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਤਕਨੀਕੀ ਖੋਜਾਂ ਦੇ ਫਾਇਦਿਆਂ ਤੋਂ ਲਾਭ ਲੈਣ ਦੇ ਕਾਬਲ ਬਣਾਉਣਾ ਕਿਸੇ ਵੀ ਕਾਰੋਬਾਰ ਦੇ ਸਭ ਤੋਂ ਵੱਧ ਹਿੱਤ ਵਿੱਚ ਹੋਵੇਗਾ। ਸਿਰਫ ਲਾਗਤ ਵਿੱਚ ਕਮੀ ਦੀਆਂ ਤਕਨੀਕਾਂ ਅਪਣਾ ਕੇ ਕੁਸ਼ਲਤਾ ਵਿੱਚ ਸੁਧਾਰ ਕਰਨ ਅਤੇ ਸਥਿਰਤਾ ਰਹਿਤ ਢਾਂਚੇ ਦੀ ਅਣਹੋਂਦ ਵਿੱਚ ਮਨੁੱਖਾਂ ਦੀ ਥਾਂ ਉਤੇ ਮਸ਼ੀਨਾਂ ਦੀ ਵਰਤੋਂ ਕਰਨ ਨਾਲ ਲੰਮੇ ਸਮੇਂ ਵਿੱਚ ਕਾਰੋਬਾਰ ਉਤੇ ਭੈੜਾ ਅਸਰ ਪਵੇਗਾ। ਮੌਜੂਦਾ ਕਾਮਾ-ਸ਼ਕਤੀ ਉਤੇ ਪੈਣ ਵਾਲੇ ਪ੍ਰਭਾਵ ਨੂੰ ਵਿਚਾਰੇ ਬਿਨਾਂ ਤਕਨਾਲੋਜੀ ਵਿੱਚ ਨਿਰੰਤਰ ਨਿਵੇਸ਼ ਕਰਨ ਨਾਲ ਕਈ ਸਾਰੇ ਸੰਚਾਲਨ ਜੋਖਮ ਖੜ੍ਹੇ ਹੋ ਸਕਦੇ ਹਨ। ਪਹਿਲਾਂ ਹੀ ਹੁਨਰਮੰਦ ਕਾਮਾ-ਸ਼ਕਤੀ ਦੀ ਉਪਲਬਧਤਾ ਨਾ ਹੋਣ ਦੇ ਰੁਝਾਨ ਵਧਦੇ ਜਾ ਰਹੇ ਹਨ। ਸਵੈਚਾਲਨ ਦੇ ਨਾਲ-ਨਾਲ, ਨਿਰਮਾਣ ਇਕਾਈਆਂ ਨੂੰ ਮੌਜੂਦਾ ਕਾਮਾ-ਸ਼ਕਤੀ ਦੇ ਹੁਨਰ ਵਿੱਚ ਸੁਧਾਰ ਕਰਨ ਦੀ ਯੋਜਨਾ ਬਣਾਉਣ ਦੀ ਲੋੜ ਹੈ ਜਿਸ ਨਾਲ ਉਹ ਕੰਮ ਦੇ ਵਾਤਾਵਰਨ ਵਿੱਚ ਬਦਲਾਅ ਨੂੰ ਝੱਲਣ ਦੇ ਕਾਬਲ ਹੋ ਜਾਣਗੇ ਨਹੀਂ ਤਾਂ ਦੀਰਘਕਾਲ ਵਿੱਚ ਕਾਰੋਬਾਰੀ ਤਰੱਕੀ ਅਤੇ ਉਤਪਾਦਕਤਾ ਵਿੱਚ ਗਿਰਾਵਟ ਆਵੇਗੀ। ਇਕ ਚੁਨੌਤੀ ਇਹ ਹੈ ਕਿ ਸਵੈਚਾਲਨ ਕਰਮਚਾਰੀਆਂ ਨੂੰ ਵੱਖ-ਵੱਖ ਹੁਨਰ ਸਿੱਖਣ ਵਿੱਚ ਕਿਵੇਂ ਮਦਦ ਕਰੇਗਾ। ਜੇ ਕਾਮਾ-ਸ਼ਕਤੀ ਨੂੰ ਅਗਾਊਂ ਸਿਖਲਾਈ ਦੇਣ ਲਈ ਨਿਵੇਸ਼ ਨਹੀਂ ਕੀਤਾ ਜਾਂਦਾ ਤਾਂ ਆਧੁਨਿਕ ਮਸ਼ੀਨ ਟੂਲ ਦੀ ਸ਼ੁਰੂਆਤ ਕੰਮ ਦੇ ਵਾਤਾਵਰਨ ਨੂੰ ਹੋਰ ਖਰਾਬ ਕਰ ਸਕਦੀ ਹੈ।

ਜੇ ਤਕਨਾਲੋਜੀ ਦੀ ਵਰਤੋਂ ਸਿਰਫ ਤੇਜ਼ ਰਫ਼ਤਾਰ, ਲਾਗਤ ਪ੍ਰਭਾਵੀ ਮਸ਼ੀਨਾਂ ਬਣਾਉਣ ਲਈ ਹੀ ਕੀਤੀ ਜਾਂਦੀ ਹੈ ਜੋ ਕਿਰਤੀਆਂ ਦੀ ਥਾਂ ਲੈਣਗੀਆਂ, ਤਾਂ ਉੱਚ ਆਰਥਿਕਤਾ ਵਿੱਚ ਦੀਰਘਕਾਲੀ ਸਮੱਸਿਆ ਆਵੇਗੀ। ਵਧਦੀ ਹੋਈ ਬੇਰੋਜ਼ਗਾਰੀ ਸਮਾਜਕ ਇਕਜੁਟਤਾ ਨੂੰ ਨੁਕਸਾਨ ਪੁਜਾਏਗੀ ਅਤੇ ਖਪਤਕਾਰੀ ਮੰਗ ਵਿੱਚ ਕਮੀ ਪੈਦਾ ਕਰੇਗੀ, ਜਿਸ ਦੇ ਸਿੱਟੇ ਵਜੋਂ ਕਮਜ਼ੋਰ ਆਰਥਿਕਤਾ ਇਕ ਭੁਚੱਕਰ ਸ਼ੁਰੂ ਹੋ ਜਾਵੇਗਾ। ਰੁਝਾਨ ਦਿਖਾਉਂਦੇ ਹਨ ਕਿ ਨਿਰਮਾਣਕਾਰਾਂ ਦੇ ਮਨਾ ਵਿੱਚ ਇਹ ਧਾਰਣਾ ਬਣਦੀ ਜਾ ਰਹੀ ਹੈ ਕਿ ਤਕਨਾਲੋਜੀ ਅਤੇ ਕਿਰਤ ਦੇ ਵਿਰੋਧੀ ਪਾਸੇ ਹਨ। ਪਰ, ਆਪਸੀ ਪਕਿਆਈ ਵਾਲਾ ਸੰਬੰਧ ਅਪਨਾਉਣ ਨਾਲ, ਜਿਸ ਵਿੱਚ ਸਵੈਚਾਲਨ ਕਾਮਿਆਂ ਦੀ ਯੋਗਤਾ ਵਿੱਚ ਵਾਧਾ ਕਰੇਗਾ, ਇਕ ਦੀਰਘਕਾਲੀ ਹੱਲ ਸਾਬਤ ਹੋ ਸਕਦਾ ਹੈ।

## ਅਗਾਂਹ ਦਾ ਰਸਤਾ

ਲੰਮੇ ਸਮੇਂ ਦੀ ਤਿਆਰੀ ਕਿਸੇ ਵੀ ਕਾਰੋਬਾਰ ਦੀ ਸਫਲਤਾ ਦੀ ਕੁੰਜੀ ਹੈ। ਸਿਰਫ ਤਕਨਾਲੋਜੀ ਬਦਲਾਵਾਂ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨਾ ਅਤੇ ਸਹੀ ਪ੍ਰਤਿਭਾ ਦਾ ਫਾਇਦਾ ਨਾ ਉਠਾਏ ਬਿਨਾਂ ਕੰਮ ਨਹੀਂ ਚੱਲੇਗਾ। ਸਰਕਾਰੀ ਸਹਾਇਤਾ

*ਬਾਕੀ ਸਫ਼ਾ 36 ਉੱਤੇ*

# ਕਿਰਤ ਬਾਜ਼ਾਰ, ਪਰਵਾਸ ਅਤੇ ਉਜਰਤਾਂ ਤੇ ਮਗਨਰੇਗਾ ਦਾ ਪ੍ਰਭਾਵ

✍ ਯੂ ਹੇਮੰਥਾ ਕੁਮਾਰ, ਬੀ ਸੁਜਾਥਾ

ਜਾਣ ਪਛਾਣ

ਸਮੇਂ ਨਾਲ ਕੁਦਰਤੀ ਸਰੋਤਾਂ ਦਾ ਵੱਡੇ ਸਰੋਤਾਂ ਦੀ ਦੁਰਵਰਤੋਂ ਦਾ ਇਹ ਨਤੀਜਾ ਨਿਕਲਿਆ ਹੈ ਕਿ ਜ਼ਮੀਨ, ਪਾਣੀ ਅਤੇ ਬਨਸਪਤੀ ਵਰਗੇ ਕੁਦਰਤੀ ਸਰੋਤਾਂ ਵਿੱਚ ਭਾਰੀ ਕਮੀ ਆਈ ਹੈ ਜਿਸ ਨਾਲ ਖੇਤੀ ਉਤਪਾਦਕਤਾ ਅਤੇ ਰੋਜ਼ਗਾਰ ਦੇ ਮੌਕਿਆਂ ਉਤੇ ਬੁਰਾ ਅਸਰ ਪਿਆ ਹੈ। ਇਸੇ ਪ੍ਰਕਾਰ ਵਧਦੀ ਗਰੀਬੀ ਅਤੇ ਬੇਰੋਜ਼ਗਾਰੀ ਕਾਰਨ ਜ਼ਮੀਨ ਦੇ ਟੁਕੜੇ ਹੋਏ ਹਨ ਅਤੇ ਖੇਤੀ ਮਜ਼ਦੂਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਖੇਤੀ ਮਜ਼ਦੂਰਾਂ ਦੀ ਗਿਣਤੀ 1981 ਦੀ 7.08 ਮਿਲੀਅਨ ਤੋਂ ਵਧ ਕੇ 2008 ਵਿੱਚ 121 ਮਿਲੀਅਨ ਹੋ ਗਈ। ਇਸੇ ਹੀ ਸਮੇਂ ਛੋਟੇ ਅਤੇ ਸੀਮਾਂਤ ਕਿਸਾਨਾਂ ਕੋਲ ਕ੍ਰਿਆਸ਼ੀਲ ਜ਼ਮੀਨ ਦੀ ਮਾਲਕੀ 1971 ਦੇ 70 ਪ੍ਰਤਿਸ਼ਤ ਤੋਂ ਵਧ ਕੇ 2001 ਵਿੱਚ 82 ਪ੍ਰਤਿਸ਼ਤ ਹੋ ਗਈ। ਇਸ ਸਮੱਸਿਆ ਦਾ ਹੱਲ ਕਰਨ ਲਈ ਸਖਤ ਯਤਨਾਂ ਅਤੇ ਸਮਾਵੇਸ਼ੀ ਵਿਕਾਸ ਉਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਸਮਾਵੇਸ਼ੀ ਵਿਕਾਸ ਨੂੰ ਪਰਿਭਾਸ਼ਤ ਕਰਨ ਦਾ ਮਤਲਬ ਹੈ ਵੱਡੇ ਪ੍ਰੋਗਰਾਮਾਂ ਰਾਹੀਂ ਮੁੱਖ ਨਤੀਜਾ ਖੇਤਰਾਂ ਦਾ ਤਰਜੀਹੀਕਰਨ ਜਿਨ੍ਹਾਂ ਦਾ ਟੀਚਾ ਸਮੇਂ ਸਿਰ ਨਤੀਜੇ ਦੇਣਾ ਹੁੰਦਾ ਹੈ। ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੋਜ਼ਗਾਰ ਗਰੰਟੀ ਸਕੀਮ ਇਕ ਇਹੋ ਜਿਹਾ ਹੀ ਪ੍ਰੋਗਰਾਮ ਹੈ। ਮਹਾਤਮਾ ਗਾਂਧੀ ਨਰੇਗਾ ਪ੍ਰੋਗਰਾਮ 7 ਸਤੰਬਰ 2005 ਨੂੰ ਲਾਗੂ ਕੀਤਾ ਗਿਆ ਸੀ ਜਿਸ ਦਾ ਉਦੇਸ਼ ਦੇਸ਼ ਦੇ ਦਿਹਾਤੀ ਖੇਤਰਾਂ ਵਿੱਚ ਪਰਿਵਾਰਾਂ ਦੀ ਰੋਜ਼ੀ ਰੋਟੀ ਦੀ ਸੁਰੱਖਿਆ ਵਿੱਚ ਵਾਧਾ ਕਰਨ ਵਾਸਤੇ ਹਰੇਕ ਵਿੱਤੀ ਸਾਲ ਵਿੱਚ ਹਰੇਕ ਪਰਿਵਾਰ ਨੂੰ ਘੱਟੋ-ਘੱਟ 100 ਦਿਨ ਦਾ ਉਜਰਤ ਰੋਜ਼ਗਾਰ ਮੁਹੱਈਆ ਕਰਵਾਉਣ ਦੀ ਗਰੰਟੀ ਦੇਣਾ ਹੈ। ਅਮਲ ਦੇ ਪਹਿਲੇ ਪੜਾਅ ਦੌਰਾਨ ਇਸ ਐਕਟ ਨੂੰ 200 ਦਿਹਾਤੀ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ (2 ਫ਼ਰਵਰੀ 2006 ਤੋਂ)। 2007-08 ਦੇ ਮਾਲੀ ਸਾਲ ਵਿੱਚ ਇਸ ਨੂੰ ਹੋਰ 130 ਦਿਹਾਤੀ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ। ਮਗਨਰੇਗਾ ਅਧੀਨ ਬਾਕੀ ਜ਼ਿਲ੍ਹੇ 1 ਅਪ੍ਰੈਲ, 2008 ਤੋਂ ਇਸ ਦੇ ਦਾਇਰੇ ਹੇਠ ਲਿਆਂਦੇ ਗਏ। 2008 ਤੋਂ ਸਾਰੇ ਦੇਸ਼ ਨੂੰ ਇਸ ਦੇ ਦਾਇਰੇ ਹੇਠ ਲੈ ਆਂਦਾ ਗਿਆ, ਸਿਰਫ ਉਨ੍ਹਾਂ ਜ਼ਿਲ੍ਹਿਆਂ ਨੂੰ ਛੱਡ ਕੇ ਜਿਨ੍ਹਾਂ ਦੀ 100 ਪ੍ਰਤਿਸ਼ਤ ਵਸੋਂ ਸ਼ਹਿਰੀ ਹੈ। ਇਸ ਦਾ ਅੰਦਾਜ਼ਨ ਸਾਲਾਨਾ ਖਰਚਾ 40,000 ਕਰੋੜ ਰੁਪਏ (6.7 ਬਿਲੀਅਨ ਡਾਲਰ) ਹੈ, ਜੋ ਦੁਨੀਆਂ ਵਿੱਚ ਜਨਤਕ ਕੰਮਾਂ ਦੇ ਪ੍ਰੋਗਰਾਮਾਂ ਉਤੇ ਕੀਤਾ ਜਾਣ ਵਾਲਾ ਸਭ ਤੋਂ ਵੱਡਾ ਖਰਚ ਹੈ।

ਇਸ ਦਾ ਇਕ ਏਕੀਕ੍ਰਿਤ ਕੁਦਰਤੀ ਸਰੋਤ ਪ੍ਰਬੰਧਨ ਅਤੇ ਰੋਜ਼ੀ ਰੋਟੀ ਨਿਰਮਾਣ ਦਾ ਦ੍ਰਿਸ਼ਟੀਕੋਨ ਹੈ। ਸੰਕਲਪ ਦੇ ਤੌਰ ਤੇ, ਚਰਚਾ ਦਾ ਕੇਂਦਰ ਬਿੰਦੂ ਪਰਿਵਾਰ ਅਤੇ ਕੰਮ ਦੀ ਚੇਤਨਾ ਦੇ ਢਾਂਚੇ, ਨਿਰਬਲਤਾ ਦੇ ਜ਼ਰਦ ਅਨੁਭਵ, ਸਨਮਾਨ ਦਾ ਹੱਕ, ਕੰਮ ਅਤੇ ਰੋਜ਼ੀ-ਰੋਟੀ ਅਤੇ ਚੰਗਾ ਜੀਵਨ ਪੱਧਰ ਹਨ। ਅਗਲੇਰੀ ਖੋਜ ਲਈ ਇਹ ਫਿਕਰ ਕਰਨ ਵਾਲੇ ਖੇਤਰ ਹਨ। ਸੂਖਮ (ਵਿਅਕਤੀਗਤ/ਐੱਚ ਐੱਚ ਐੱਸ) ਅਤੇ ਵਿਆਪਕ ਪ੍ਰਣਾਲੀਆਂ (ਸਰਕਾਰ/ਸੰਸਥਾਨ) ਵਿਚਾਲੇ ਸੰਬੰਧ ਬਦਲਾਅ ਦਾ ਮੁਲਾਂਕਣ ਕਰਨ ਦੀ ਚਾਬੀ ਹੈ, ਖ਼ਾਸ ਕਰਕੇ ਇਸ ਲਈ ਕਿਉਂਕਿ ਇਹ ਪ੍ਰਣਾਲੀਆਂ ਦਰਮਿਆਨ ਤਬਦੀਲ ਅਤੇ ਅਨੁਵਾਦਿਤ ਹੁੰਦਾ ਹੈ। ਮਿਸਾਲ ਦੇ ਲਈ, ਵਿਆਪਕ ਅਤਿ ਸੂਖਮ ਪੱਧਰ ਦੇ ਬਦਲਾਅ ਪਰਿਵਾਰਾਂ ਉਤੇ ਅਸਰ ਪਾਉਂਦੇ ਹਨ ਜਦ ਕਿ ਸੂਖਮ ਪੱਧਰ ਦੇ ਕਾਰਜ ਪਰਿਵਾਰਾਂ ਜਾਂ ਵਿਅਕਤੀਆਂ ਉਤੇ ਅਸਰਅੰਦਾਜ਼ ਹੁੰਦੇ ਹਨ। ਉਦਾਹਰਣ ਦੇ ਲਈ, ਉਜਰਤ ਅਦਾਇਗੀ ਵਿੱਚ ਦੇਰੀ ਵਰਗੇ ਬਾਹਰੀ ਤੇ ਅੰਦਰੂਨੀ ਪ੍ਰਭਾਵ ਸੰਦਰਭ ਵਿਸ਼ੇਸ਼ ਹੋ ਸਕਦੇ ਹਨ ਜੋ ਵਿਸ਼ਾਲ ਢਾਂਚਿਆਂ, ਸੋਕੇ, ਬਾਜ਼ਾਰੀ ਉਤਰਾਅ-ਚੜ੍ਹਾਅ ਉਤੇ ਪ੍ਰਭਾਵ ਪਾਉਂਦੇ ਹਨ। ਗਿਡੇਨਜ਼ ਦਾ ਉਸਾਰੀ ਦਾ ਸਿਧਾਂਤ ਸੂਖਮ ਪ੍ਰਣਾਲੀਆਂ (ਮਤਲਬ ਵਿਅਕਤੀਗਤ ਜਾਂ ਪਰਿਵਾਰਾਂ) ਅਤੇ ਅਤਿ-ਸੂਖਮ ਪ੍ਰਣਾਲੀਆਂ (ਸ਼ਾਸਨ, ਕਾਨੂੰਨ ਅਤੇ ਰਾਜਸੀ ਆਰਥਿਕਤਾ) ਦੇ ਵੱਡੇ ਢਾਂਚਿਆਂ ਦਰਮਿਆਨ ਸੰਬੰਧਾਂ ਉਤੇ ਰੋਸ਼ਨੀ ਪਾਉਂਦੇ ਹਨ। ਗਿਡੇਨਜ਼ (1979) ਅਨੁਸਾਰ ਕਾਰਕ (ਜਿਥੇ ਕਾਰਕਾਂ ਨੂੰ ਉਦੇਸ਼ਾਤਮਕ ਪਾਤਰ/ ਵਿਅਕਤੀ ਸਮਝਿਆ ਜਾਂਦਾ ਹੈ) ਆਪਣੇ ਦੁਹਰਾਅ ਵਾਲੇ ਕਾਰਜਾਂ, ਵਿਵਹਾਰ ਰਾਹੀਂ ਢਾਂਚਿਆਂ (ਉਸਾਰਨ) ਦਾ ਨਿਰਮਾਣ ਕਰਦੇ ਹਨ, ਜਿੰਨਾ ਕਿ ਢਾਂਚਿਆਂ ਦਾ ਨਿਰਧਾਰਣ ਅਤੇ (ਮਜਬੂਰੀ) ਕਾਰਕ ਕਾਰਜਾਂ। ਇਹ ਗਿਆਤ ਕਾਰਕ (ਜੋ ਇਕ ਵਿਅਕਤੀਗਤ/ ਪਰਿਵਾਰ ਹੈ) ਅਤੇ ਵਿਆਪਕ ਦ੍ਰਿਸ਼ ਦਰਮਿਆਨ ਸੰਬੰਧ ਨੂੰ ਸਮਝਣ ਲਈ ਜ਼ਰੂਰੀ ਹੈ। ਇਸ ਪੜਾਅ ਉਤੇ ਇਹ ਸਮਝਣ ਦੀ ਲੋੜ ਹੈ ਕਿ ਕਿਵੇਂ ਇਹ ਕਾਰਕ (ਏਜੰਟ) ਸਕੀਮ ਦੇ ਉਦੇਸ਼ਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਕਿਵੇਂ ਇਹ ਪ੍ਰੋਗਰਾਮ ਗਰੀਬਾਂ ਦੇ ਰੋਜ਼ੀ-ਰੋਟੀ ਦੇ ਸਰੋਤ ਅਧਾਰ ਨੂੰ ਮਜਬੂਤ ਕਰ ਰਿਹਾ ਹੈ। ਘੱਟੋ-ਘੱਟ 100 ਦਿਨਾਂ ਦਾ ਕੰਮ ਦੇਣ ਦੀ ਕਾਨੂੰਨੀ ਗਰੰਟੀ ਭਾਰਤ ਦੇ ਨਾਗਰਿਕਾਂ ਦੀ ਇੱਛਾ ਅਤੇ ਕੰਮ ਦੇ ਅਧਿਕਾਰ ਦੀ ਮਾਨਤਾ ਨੂੰ ਦਰਸਾਉਂਦਾ ਹੈ ਜਿਥੇ ਗਰੀਬ ਅਤੇ ਕਮਜ਼ੋਰ ਲਗਾਤਾਰ ਇਸ ਨਾਲ ਜੁੜੇ ਹੋਏ ਹਨ। ਇਸ ਕਰਕੇ, ਮਗਨਰੇਗਾ ਅਧੀਨ ਹੱਕ ਵੰਡ ਵਾਲੇ ਨਿਗਮਾਂ ਵੱਲ ਇਸ਼ਾਰਾ ਕਰਦੇ ਹਨ ਜੋ ਇਸ ਮਿਸਾਲੀ ਐਕਟ ਦੀ ਬਣਤਰ ਵਿੱਚ ਸ਼ਾਮਲ ਕੀਤੇ ਗਏ ਹਨ। ਇਥੋਂ ਤੱਕ ਕਿ ਖੋਜ ਲੱਭਤਾਂ ਵਿੱਚ ਵੀ ਇਸ ਪ੍ਰੋਗਰਾਮ ਦਾ ਕਿਰਤ ਬਾਜ਼ਾਰਾਂ, ਪਰਵਾਸ

ਅਤੇ ਉਜਰਤਾਂ ਉਤੇ ਪੈਣ ਵਾਲੇ ਅਸਲੀ ਪ੍ਰਭਾਵ ਨੂੰ ਸਿੱਧ ਨਹੀਂ ਕੀਤਾ ਜਾ ਸਕਿਆ। ਹੇਠ ਦਿੱਤੇ ਖੋਜ ਪਾੜਿਆਂ ਦੀ ਪਛਾਣ ਕੀਤੀ ਜਾ ਰਹੀ ਹੈ :

- ਕੀ ਮਗਨਰੇਗਾ ਸਹੀ ਕਿਰਤੀ ਭਾਈਚਾਰਿਆਂ ਨੂੰ ਦਾਇਰੇ ਹੇਠ ਲੈਂਦਾ ਹੈ ਜਾਂ ਨਹੀਂ? .... ਨੀਤੀ ਅਤੇ ਅਮਲ।
- ਕੀ ਮਗਨਰੇਗਾ ਨੇ ਖੇਤੀ ਖੇਤਰ ਉਤੇ ਬੁਰਾ ਅਸਰ ਪਾਇਆ ਹੈ ਕਿਉਂਕਿ ਖੇਤੀ ਉਜਰਤਾਂ ਵਧ ਗਈਆਂ ਹਨ ਅਤੇ ਖੇਤੀਬਾੜੀ ਦੇ ਮੌਸਮ ਸਮੇਂ ਮਜ਼ਦੂਰ ਉਪਲਬਧ ਨਹੀਂ ਹੁੰਦੇ।
- ਕੀ ਮਗਨਰੇਗਾ ਦਾ ਜੋਖ਼ਮ ਅਤੇ ਸੰਕਟਕਾਲੀਨ ਪਰਵਾਸ ਉਤੇ ਅਸਰ ਪੈਂਦਾ ਹੈ?

## ਉਦੇਸ਼

- ਕਿਰਤ ਬਾਜ਼ਾਰਾਂ ਖ਼ਾਸ ਕਰਕੇ ਖੇਤੀਬਾੜੀ, ਜੋਖ਼ਮ ਅਤੇ ਸੰਕਟ ਕਾਲੀਨ ਪਰਵਾਸ ਉਤੇ ਪ੍ਰਭਾਵ ਦੀ ਸਮੀਖਿਆ।
- ਭਾਗੀਦਾਰੀ ਪ੍ਰਕਿਰਿਆ ਬਾਰੇ ਜਾਣਕਾਰੀ ਹਾਸਲ ਕਰਨਾ ਜਿਸ ਰਾਹੀਂ ਇਕ ਪਰਿਵਾਰ ਦੀ ਰੋਜ਼ੀ-ਰੋਟੀ ਸੁਰੱਖਿਅਤ ਹੋ ਸਕੇ ਅਤੇ ਇਸ ਵਿੱਚ ਵਾਧਾ ਹੋ ਸਕੇ।

## ਕਾਰਜ-ਪ੍ਰਣਾਲੀ

ਅਧਿਐਨ ਦੋ ਰਾਜਾਂ – ਕਰਨਾਟਕ ਅਤੇ ਝਾਰਖੰਡ ਵਿੱਚ ਕੀਤਾ ਗਿਆ। ਕਿਉਂਕਿ ਇਨ੍ਹਾਂ ਦੋ ਚੁਣੇ ਗਏ ਰਾਜਾਂ ਵਿੱਚ ਖੇਤੀਬਾੜੀ ਗਰੀਬਾਂ ਦੀ ਸਰਵੋਚ ਸੁਰੱਖਿਆ ਹੈ, ਦੂਜੇ ਕਾਰਨ ਜਿਵੇਂ ਕਿ ਸਰੋਤਾਂ ਦੀ ਉਪਲਬਧਤਾ, ਗੁਜ਼ਾਰੇ ਦੇ ਹਾਲਾਤ ਅਤੇ ਅਨੁਕੂਲਣ ਯੋਗਤਾ ਇਨ੍ਹਾਂ ਦੋ ਖਿੱਤਿਆਂ ਵਿੱਚ ਵੱਖੋ-ਵੱਖ ਹਨ। ਅਧਿਐਨ ਲਈ ਚੁਣੇ ਗਏ ਹਰੇਕ ਪਿੰਡ ਵਿੱਚੋਂ 50 ਨਮੂਨੇ ਲਏ ਗਏ (ਹਰੇਕ ਪਿੰਡ ਵਿੱਚ 50 ਨਮੂਨੇ×ਹਰੇਕ ਰਾਜ ਵਿੱਚ 4 ਪਿੰਡ = 200 ਨਮੂਨੇ×2 ਰਾਜ = 400 ਨਮੂਨੇ (ਵੇਖੋ ਤਾਲਿਕਾ-1)। ਅਧਿਐਨ ਲਈ ਸਤਰੀਕ੍ਰਿਤ ਬੇਤਰਤੀਬੇ ਨਮੂਨਿਆਂ ਦਾ ਤਰੀਕਾ ਲਾਗੂ ਕੀਤਾ ਗਿਆ। ਦੋ ਰਾਜਾਂ ਦੇ ਹਰੇਕ ਪਿੰਡ ਵਿੱਚ ਨਮੂਨਿਆਂ ਦੀ ਚੋਣ ਮਗਨਰੇਗਾ ਅਧੀਨ ਮਜ਼ਦੂਰਾਂ ਦੀ ਭਾਗੀਦਾਰੀ ਤੱਕ ਸੀਮਤ ਸੀ।

ਕਿਰਤ ਬਾਜ਼ਾਰਾਂ, ਪਰਵਾਸ ਅਤੇ ਉਜਰਤਾਂ ਉਤੇ ਪ੍ਰਭਾਵ ਦੀ ਵਿਸ਼ਲੇਸ਼ਣਾਤਮਕ ਸਮੀਖਿਆ ਦਿਹਾਤੀ ਕਿਰਤ ਬਾਜ਼ਾਰਾਂ ਸਾਹਮਣੇ ਬਹੁਤ ਸਾਰੇ ਤੰਤਰਾਂ ਦੀਆਂ ਔਕੜਾਂ ਹਨ। ਇਹ ਸਮਾਜਕ

**ਤਾਲਿਕ-1 : ਨਮੂਨੇ ਦਾ ਡਿਜ਼ਾਈਨ (ਬਵਾਰ)**

| ਰਾਜ | ਜ਼ਿਲ੍ਹਾ | ਖੰਡ | ਪਿੰਡ ਪੰਚਾਇਤ ਅਤੇ ਪਿੰਡ ਦਾ ਨਾਂ | ਨਮੂਨੇ ਦਾ ਅਕਾਰ |
|---|---|---|---|---|
| | ਟੁਮਕੁਰ | ਗੱਬੀ | ਚੇਲੂਰ | 50 |
| | | | ਹਾਸਕੇਰ | 50 |
| ਕਰਨਾਟਕ | ਗੁਲਬਰਗ | ਸੇਦਾਮ | ਮਦੋਲੇ | 50 |
| | ਬੈਲਗਾਮ | ਰਾਇਬਾਗ | ਸਵਾਸੁਡੀ | 50 |
| ਝਾਰਖੰਡ | ਰਮਾਗੜ੍ਹ | ਮਾਂਡੂ | ਬਾਂਗਾਬਾਰ | 50 |
| | | | ਗਾਰਗਲੀ (ਮਾਂਡੂ ਚੱਟੀ) | 50 |
| | ਈਸਟ ਸਿੰਘੁਮਬੁਰੀ | ਘਾਟਸ਼ਿਲਾ | ਦੈਨਮਾਰੀ (ਕਾਲਚਿੱਟੀ | 50 |
| | | ਪਤਾਂਬਦਾ | ਗੇਰੂਵਾਲਾ (ਕੁਰੀਆ) | 50 |

ਤਾਲਿਕਾ-2 : ਰੋਜ਼ਗਾਰ ਨਿਰਮਾਣ (ਦਿਨਾਂ ਦੀ ਗਿਣਤੀ) ਅਤੇ ਉਜਰਤਾਂ (ਰੁਪਏ ਵਿੱਚ)

| ਰੋਜ਼ਗਾਰ ਨਿਰਮਾਣ ਅਤੇ ਉਜਰਤਾਂ | ਕਰਨਾਟਕ | | | | ਝਾਰਖੰਡ | | | |
|---|---|---|---|---|---|---|---|---|
| | ਪੂਰਵ ਐੱਨ ਆਰ ਐੱਲ ਐੱਮ | | ਐੱਨ ਆਰ ਐੱਲ ਐੱਮ ਤੋਂ ਬਾਅਦ | | ਪੂਰਵ ਐੱਨ ਆਰ ਐੱਲ ਐੱਮ | | ਐੱਨ ਆਰ ਐੱਲ ਐੱਮ ਤੋਂ ਬਾਅਦ | |
| | ਮਰਦ | ਔਰਤਾਂ | ਮਰਦ | ਔਰਤਾਂ | ਮਰਦ | ਔਰਤਾਂ | ਮਰਦ | ਔਰਤਾਂ |
| ਕਿਰਤ ਦੇ ਦਿਨਾਂ 'ਚ ਵਾਧਾ* | 155 | 180 | 245 | 340 | 130 | 160 | 210 | 340 |
| ਖੇਤੀਬਾੜੀ | 68 | 110 | 140 | 285 | 74 | 125 | 160 | 298 |
| ਗ਼ੈਰ-ਖੇਤੀਬਾੜੀ ਗਤੀਵਿਧੀਆਂ | 87 | 70 | 83 | 25 | 56 | 35 | 10 | 9 |
| ਮਗਨਰੇਗਾ# | – | – | 22 | 30 | – | – | 40 | 33 |
| ਉਜਰਤਾਂ (ਰੁਪਏ/ਦਿਨ) | | | | | | | | |
| ਖੇਤੀ ਗਤੀਵਿਧੀਆਂ ਲਈ | 100 | 80 | 250 | 200 | 80 | 60 | 150 | 120 |
| ਗ਼ੈਰ-ਖੇਤੀਬਾੜੀ ਗਤੀਵਿਧੀਆਂ ਲਈ | 150 | 120 | 350 | 250 | 100 | 80 | 200 | 175 |
| ਮਗਨਰੇਗਾ | 204/- | | | | 167/- | | | |

** ਇਸ ਵਿੱਚ ਖੇਤੀਬਾੜੀ, ਮਗਨਰੇਗਾ, ਪਸ਼ੂ ਧਨ ਅਤੇ ਛੋਟੇ ਜੁਗਾਲੀ ਕਰਨ ਵਾਲੇ ਪਸ਼ੂ ਸ਼ਾਮਲ ਹਨ।*

*# ਮਗਰੇਗਾ ਵਿੱਚ ਰੋਜ਼ਗਾਰ – ਅੰਕੜੇ ਪਿਛਲੇ ਸਾਲ ਦੇ ਮਰਦਾਂ ਤੇ ਔਰਤਾਂ ਤੋਂ ਲਿਆ ਗਿਆ ਜਿਨ੍ਹਾਂ ਨੇ ਸ਼ਮੂਲੀਅਤ ਕੀਤੀ।*

ਅਤੇ ਆਰਥਿਕ ਤੌਰ ਤੇ ਰੱਜਿਆਂ-ਪੁੱਜਿਆਂ ਦੇ ਹੱਕ ਵਿੱਚ ਹਨ। ਇਸ ਲਈ ਗਰੀਬਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਨਾਲ ਬਰਾਬਰੀ ਵਾਲਾ ਵਤੀਰਾ ਨਹੀਂ ਅਪਣਾਇਆ ਜਾਂਦਾ। ਪਰਵਾਸ, ਖ਼ਾਸ ਕਰਕੇ ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਦੇ ਕਮਜ਼ੋਰ ਸਮੂਹਾਂ ਦੇ ਪਰਵਾਸ ਨੂੰ ਵਿਅਕਤੀਆਂ ਅਤੇ ਪਰਿਵਾਰਾਂ ਦੇ ਮੁਕਾਬਲੇ ਦੇ ਤੰਤਰ ਦੇ ਤੌਰ ਤੇ ਵੇਖਿਆ ਜਾਂਦਾ ਹੈ ਜੋ ਦਿਹਾਤੀ ਕਿਰਤ ਬਜ਼ਾਰਾਂ ਵਿੱਚ ਸੰਕਟ ਦਾ ਨਤੀਜਾ ਹੁੰਦਾ ਹੈ। ਇਸ ਤਰੀਕੇ ਨਾਲ ਉਜਰਤਾਂ ਪੇਂਡੂ ਕਿਰਤ ਬਾਜ਼ਾਰ ਅਤੇ ਪਰਵਾਸ ਅੰਦਰੂਨੀ ਤੌਰ ਤੇ ਨਾ ਕੇਵਲ ਮਗਨਰੇਗਾ ਦੇ ਦਖਲਾਂ ਨਾਲ ਜੁੜੇ ਹੋਏ ਹਨ, ਸਗੋਂ ਮਹਿਲਾ ਕਿਸਾਨ ਸ਼ਕਤੀਕਰਨ ਪਰਿਯੋਜਨਾ (ਐੱਮ ਕੇ ਐੱਸ ਪੀ) ਵਰਗੇ ਦੂਜੇ ਪ੍ਰੋਗਰਾਮਾਂ ਨਾਲ ਵੀ ਜੁੜੇ ਹੋਏ ਹਨ ਜਿਨ੍ਹਾਂ ਨੂੰ ਐੱਨ ਆਰ ਐੱਲ ਐੱਮ ਅਧੀਨ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਦੋ ਨਮੂਨੇ ਦੇ ਰਾਜਾਂ ਦੇ ਕਿਰਤ ਬਾਜ਼ਾਰ ਉਨ੍ਹਾਂ ਸ਼ਕਤੀਆਂ ਪ੍ਰਤਿ ਸੰਵੇਦਨਸ਼ੀਨ ਹਨ ਜੋ ਮਿੱਟੀ, ਪਾਣੀ ਅਤੇ ਸਿੰਜਾਈ, ਭੂਮੀ ਦੀ ਵਰਤੋਂ ਅਤੇ ਸੋਕੇ ਆਦਿ ਦੀਆਂ ਘਟਨਾਵਾਂ ਵਾਲੇ ਪ੍ਰਮੁੱਖ ਖੇਤਰ ਦੀ ਦਿਸ਼ਾ ਤੈਅ ਕਰਦੀਆਂ ਹਨ। ਗ਼ੈਰ-ਖੇਤੀ ਉਜਰਤਾਂ ਵਿੱਚ ਵਾਧਾ ਹੋਣ ਨਾਲ ਖੇਤੀਬਾੜੀ ਮਜ਼ਦੂਰ ਗ਼ੈਰ-ਖੇਤੀ ਕੰਮ ਵੱਲ ਚਲੇ ਜਾਂਦੇ ਹਨ। ਅਜਿਹਾ ਸ਼ੁਰੂਆਤੀ ਦੌਰ ਵਿੱਚ ਵੇਖਿਆ ਗਿਆ। ਦੋ ਨਮੂਨੇ ਵਾਲੇ ਰਾਜਾਂ

| ਤਾਲਿਕਾ-3 : ਨਮੂਨੇ ਦੇ ਪਿੰਡਾਂ ਵਿੱਚ ਪਰਵਾਸ ਦੀ ਸਥਿਤੀ | | | | | | | | |
|---|---|---|---|---|---|---|---|---|
| ਪਰਵਾਸ | ਕਰਨਾਟਕ | | | | ਝਾਰਖੰਡ | | | |
| | ਪੂਰਵ ਐੱਨ ਆਰ ਐੱਲ ਐੱਮ | | ਐੱਨ ਆਰ ਐੱਲ ਐੱਮ ਤੋਂ ਬਾਅਦ | | ਪੂਰਵ ਐੱਨ ਆਰ ਐੱਲ ਐੱਮ | | ਐੱਨ ਆਰ ਐੱਲ ਐੱਮ ਤੋਂ ਬਾਅਦ | |
| | ਮਰਦ | ਔਰਤਾਂ | ਮਰਦ | ਔਰਤਾਂ | ਮਰਦ | ਔਰਤਾਂ | ਮਰਦ | ਔਰਤਾਂ |
| ਮੌਸਮੀ ਕਮੀ (ਪ੍ਰਤਿਸ਼ਤ) | 25 (120 (HHS | 40 (120 HHS) | 80 (10-15 HHS) | 90 (10-15 HHS) | 10 175 (HHS | 15 175 (HHS | 100 – | 100 – |
| ਪੂਰੇ ਸਮੇਂ ਵਿੱਚ ਕਮੀ (ਪ੍ਰਤਿਸ਼ਤ) | – | – | 70 (10 HHS) | 100 – | – | – | 80 (25 HHS) | 90 (25 HHS) |

ਵਿੱਚ ਮਗਨਰੇਗਾ ਅਤੇ ਐੱਮ ਕੇ ਐੱਸ ਪੀ ਪ੍ਰੋਗਰਾਮ ਅਮਲ ਵਿੱਚ ਆਉਣ ਨਾਲ ਅਖੀਰਲੇ ਪੜਾਅ ਵਿੱਚ ਘਾਟੇ ਦਾ ਦੌਰ ਆਇਆ।

ਰੋਜ਼ਗਾਰ ਨਿਰਮਾਣ (ਦਿਨਾਂ ਦੀ ਸਮੀਖਿਆ) ਵਿੱਚ ਵੱਡਾ ਵਾਧਾ ਹੋਇਆ ਹੈ। ਦਿਲਚਸਪੀ ਵਾਲੀ ਗੱਲ ਹੈ ਕਿ ਕਿਰਤ ਦੇ ਦਿਨਾਂ ਵਿੱਚ ਵਾਧਾ ਦੋ ਰਾਜਾਂ ਦੇ ਸੀਮਾਂਤ, ਛੋਟੇ ਅਤੇ ਬੇਜ਼ਮੀਨੇ ਕਿਸਾਨਾਂ ਦੇ ਮਾਮਲੇ ਵਿੱਚ ਵੇਖਿਆ ਗਿਆ (ਵੇਖੋ ਤਾਲਿਕਾ-2)।

- ਇਕ ਹੋਰ ਬਿੰਦੂ ਹੈ ਕਿ ਭਾਈਚਾਰੇ ਅਧਾਰਤ ਸੰਗਠਨਾਂ ਨੂੰ ਮਜਬੂਤ ਕਰਨਾ ਅਤੇ ਸੱਭਿਅ ਸਮਾਜ ਦੀ ਭੂਮਿਕਾ ਨੇ ਦਿਹਾਤੀ ਕਿਰਤ ਬਾਜ਼ਾਰ ਦੀ ਮਦਦ ਕੀਤੀ ਜਿਥੇ ਪ੍ਰਬੰਧਨ ਅਤੇ ਸ਼ਾਸਨ ਦੀਆਂ ਅਨੇਕ ਪਹਿਲਕਦਮੀਆਂ ਰਾਹੀਂ ਅਤੇ ਸਰਗਰਮ ਪ੍ਰਬੰਧਕੀ ਪ੍ਰਤਿਬਧਤਾ ਦੇ ਇਤਿਹਾਸ ਨੇ ਉਜਰਤ ਮਜ਼ਦੂਰੀ ਅਤੇ ਸੰਕਟਕਾਲੀਨ ਪਰਵਾਸ ਵਿੱਚ ਮਦਦ ਕੀਤੀ ਹੈ।

- ਖੇਤੀਬਾੜੀ ਅਤੇ ਸ਼ਾਸਨ ਵਿੱਚ ਸੁਧਾਰ ਨੂੰ ਮਜਬੂਤ ਕਰਨ ਵੱਲ ਹਾਂ-ਪੱਖੀ ਧਿਆਨ ਕੇਂਦਰਿਤ ਕੀਤਾ ਗਿਆ।

- ਮਗਨਰੇਗਾ ਅਤੇ ਐੱਮ ਕੇ ਐੱਸ ਪੀ ਸਕੀਮਾਂ ਅਤੇ ਐੱਨ ਆਰ ਐੱਲ ਐੱਮ ਤੋਂ ਬਾਅਦ ਖੇਤੀ ਉਤਪਾਦਕਤਾ ਅਤੇ ਵਿਕਾਸ ਵਿੱਚ ਵਾਧਾ ਕਰਨ ਦੇ ਮੱਦੇਨਜ਼ਰ ਖੇਤੀਬਾੜੀ ਕਾਰਜ ਲਾਗੂ ਕੀਤੇ ਗਏ।

## ਪਰਵਾਸ ਅਤੇ ਮਗਨਰੇਗਾ

ਕਿਸੇ ਪਰਿਵਾਰ ਵਿੱਚ ਆਰਥਿਕ ਸੰਕਟ ਬਹੁਤ ਸਾਰੇ ਕਾਰਨਾਂ ਕਰਕੇ ਹੁੰਦਾ ਹੈ। ਆਪਣੀ ਬਣਤਰ ਅਤੇ ਅਮਲ ਰਾਹੀਂ ਮਗਨਰੇਗਾ ਪਰਵਾਸ ਤੱਕ ਸਿੱਧੀ ਪਹੁੰਚ ਨਹੀਂ ਕਰਦਾ। ਪਰ, ਸਵੈ-ਸਹਾਇਤਾ ਸਮੂਹਾਂ ਨੂੰ ਸੱਭਿਅ ਸਮਾਜ ਅਤੇ ਐੱਮ ਕੇ ਐੱਸ ਪੀ ਅਧੀਨ ਖੇਤੀਬਾੜੀ ਦੀ ਸੰਘਣਤਾ ਅਤੇ ਭਿੰਨਤਾ ਵਰਗੇ ਦਖਲਾਂ ਕਰਕੇ ਪਰਵਾਸ ਵਿੱਚ ਕਮੀ ਕਰਨ ਵਿੱਚ ਜ਼ਰੂਰ ਫਰਕ ਆਇਆ ਹੈ, ਖ਼ਾਸ ਕਰਕੇ ਮੌਸਮੀ ਪਰਵਾਸ ਦੌਰਾਨ (ਵੇਖੋ ਤਾਲਿਕਾ-3)। ਮੌਸਮ ਦੇ ਬਾਅਦ ਦੇ ਸਮੇਂ ਵਿੱਚ ਮਗਨਰੇਗਾ ਦੇ ਕੰਮਾਂ ਨੇ ਪਰਵਾਸ ਨੂੰ ਕਿਸੇ ਹੱਦ ਤੱਕ ਘੱਟ ਕਰਨ ਵਿੱਚ ਮਦਦ ਕੀਤੀ।

## ਕੰਮ ਮਿਲਣ ਦੀ ਗ਼ੈਰ ਯਕੀਨੀ

ਮਗਨਰੇਗਾ ਉਤੇ ਅਮਲ ਦੇ ਰਸਤੇ ਵਿੱਚ ਇਕ ਕਮੀ ਇਹ ਹੈ ਕੰਮ ਦੀ ਵੰਡ ਵਿੱਚ ਕਮੀ ਅਤੇ ਉਜਰਤਾਂ ਦੇ ਭੁਗਤਾਨ ਵਿੱਚ ਦੇਰੀ। ਅਜਿਹਾ ਨਮੂਨੇ ਦੇ ਦੋਵਾਂ ਰਾਜਾਂ ਵਿੱਚ ਵੇਖਿਆ ਗਿਆ। ਜ਼ਮੀਨੀ ਅੰਕੜੇ ਇਸ਼ਾਰਾ ਕਰਦੇ ਹਨ ਕਿ ਇਹ ਭੁਗਤਾਨ ਵਿੱਚ ਦੇਰੀ ਹੈ ਜਿਸ ਕਰਕੇ ਲੋਕ ਇਸ ਪ੍ਰੋਗਰਾਮ ਤੋਂ ਦੂਰ ਜਾ ਰਹੇ ਹਨ। ਮਗਨਰੇਗਾ ਇਕ ਮੰਗ ਮੁਖੀ ਸਕੀਮ ਹੈ। ਮਗਨਰੇਗਾ ਅਧੀਨ ਕੰਮ ਤੋਂ ਵੱਡੇ ਪੱਧਰ ਉਤੇ ਮਨਾਹੀ ਅਤੇ ਉਜਰਤਾਂ ਦੇ ਭੁਗਤਾਨ ਵਿੱਚ ਨਾ ਮੁੱਕਣ ਵਾਲੀ ਦੇਰੀ ਕਰਕੇ ਕੰਮ ਦੀ ਮੰਗ ਦਾ ਭੋਗ ਪੈ ਜਾਵੇਗਾ। ਕੰਮ ਮਿਲਣ ਦੀ ਇਕ ਹੋਰ ਗ਼ੈਰ-ਯਕੀਨੀ ਵਿੱਚ ਅਧਾਰ ਉਤੇ ਅਧਾਰਤ ਭੁਗਤਾਨ ਹੈ। ਝਾਰਖੰਡ ਨਰੇਗਾ ਅਦਾਇਗੀਆਂ ਨੂੰ ਅਧਾਰ ਨਾਲ ਜੋੜਨ ਦਾ ਤਜਰਬਾ ਕਰਨ ਵਾਲਾ ਪਹਿਲਾ ਰਾਜ ਸੀ। ਰਾਜ ਦੇ ਕਾਮਿਆਂ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਦੀ ਬਹੁਤ ਮਦਦ ਹੋਈ ਹੈ ਕਿਉਂਕਿ ਹੁਣ ਉਨ੍ਹਾਂ ਨੂੰ ਬੈਂਕ ਨਹੀਂ ਜਾਣਾ ਪੈਂਦਾ ਅਤੇ ਉਨ੍ਹਾਂ ਨੂੰ ਠੀਕ ਰਕਮ ਪ੍ਰਾਪਤ ਹੋ ਜਾਂਦੀ ਹੈ। 2015 ਦਾ ਸੁਪਰੀਮ ਕੋਰਟ ਦਾ ਇਕ ਫੈਸਲਾ ਕਹਿੰਦਾ ਹੈ ਕਿ ਅਧਾਰ ਉਤੇ ਅਧਾਰਤ ਅਦਾਇਗੀ ਸਵੈ-ਇੱਛਕ ਹੋਵੇਗੀ, ਪਰ ਸਮਾਜਕ ਕਾਰਜ ਕਰਤਾਵਾਂ ਨੇ ਸਵਾਲ ਉਠਾਇਆ ਹੈ ਕਿ ਇਸ ਨੂੰ ਰਾਜ ਸਰਕਾਰ ਵਲੋਂ ਗਰੀਬਾਂ ਉਤੇ ਜਬਰੀ ਥੋਪਿਆ ਜਾ ਰਿਹਾ ਹੈ। "ਜਦੋਂ ਸਾਡੇ ਕੋਲ ਅਧਾਰ ਕਾਰਡ ਨਹੀਂ ਹੋਵੇਗਾ, ਤਾਂ ਸਾਨੂੰ ਕਦੇ ਕੰਮ ਨਹੀਂ ਮਿਲਦਾ। ਜਦੋਂ ਅਸੀਂ ਜਾ ਕੇ ਕੰਮ ਲਈ ਪੁੱਛਦੇ ਹਾਂ ਤਾਂ ਸਾਨੂੰ ਕਦੇ ਵੀ ਕੰਮ ਨਹੀਂ ਦਿੱਤਾ ਗਿਆ।" ਜਦ ਕਿ ਕਰਨਾਟਕ ਵਿੱਚ ਜ਼ਮੀਨੀ ਪੱਧਰ ਉਤੇ ਕੰਮ ਕਰਨ ਵਾਲੇ ਅਹੁਦੇਦਾਰਾਂ ਦਰਮਿਆਨ ਤਾਲਮੇਲ ਦੀ ਕਮੀ, ਸਾਲਾਨਾ ਯੋਜਨਾ, ਵਿਕਾਸ ਯੋਜਨਾ ਦੀ ਤਿਆਰੀ ਵਿੱਚ ਜੀ ਪੀ ਪੱਧਰ, ਖੰਡ ਪੱਧਰ, ਜ਼ਿਲ੍ਹਾ ਪੱਧਰ ਉਤੇ ਕਮੀ ਅਤੇ ਕਿਰਤ ਬਜਟ ਦੀ ਤਿਆਰੀ ਵਿੱਚ ਦੇਰੀ, ਸਾਲਾਨਾ ਯੋਜਨਾ ਵਿਚਲੇ ਕੰਮਾਂ ਦੇ ਪੂਰੇ ਹੋਣ ਵਿੱਚ ਕਮੀ ਆਦਿ ਵੇਖੇ ਗਏ।

ਮਹਾਤਮਾ ਗਾਂਧੀ ਨਰੇਗਾ ਦੇ ਅਮਲ ਵਿੱਚ ਸਮੁੱਚੀਆਂ ਸਮੱਸਿਆਵਾਂ

ਆਮ ਪ੍ਰਬੰਧਨ ਸਮੱਸਿਆਵਾਂ
(ਗੈਰ ਵਾਜਬ ਕਾਰਜ ਯੋਜਨਾਵਾਂ, ਰਾਸ਼ਟਰੀ ਰੋਲਜ਼ ਅਤੇ ਕੰਮਾਂ ਦੀ ਚੋਣ – ਕੰਮ ਦਾ ਨਿਰਧਾਰਨ ਨਾ ਕਰਨਾ)

↙ ↘

ਕੰਮ ਦੇ ਸਥਾਨ ਦਾ ਤਾਲਮੇਲ ਅਤੇ ਨਿਗਰਾਨੀ ਸਮੱਸਿਆਵਾਂ (ਨਾ ਵਾਜਬ ਪੜਤਾਲਾਂ, ਅਨਿਸਚਿਤਤਾਵਾਂ, ਕੰਮਾਂ ਲਈ ਤਿਆਰੀ ਦੀ ਕਮੀ

ਕੰਮ ਦੇ ਸਥਾਨ ਵਾਲੇ ਸਾਥੀਆਂ ਨੂੰ ਦਰਪੇਸ਼ ਸਮੱਸਿਆਵਾਂ (ਕੰਮ ਦੀ ਪਛਾਣ, ਕੰਮ ਵਾਲੇ ਥਾਂ ਉਤੇ ਸਹੂਲਤਾਂ, ਕੰਮ ਦੀ ਮੰਗ ਅਤੇ ਕੰਮ ਅਤੇ ਕਾਮਿਆਂ ਦੀ ਕਮੀ)

ਦੋਨਾਂ ਰਾਜਾਂ ਵਿੱਚ ਨੋਟ ਕੀਤੀਆਂ ਗਈਆਂ ਦੂਜੀਆਂ ਸਮੱਸਿਆਵਾਂ ਵਿੱਚ ਤਕਨੀਕੀ ਸਹਾਇਕਾਂ ਦੀ ਕਮੀ, ਜਾਣਕਾਰੀ ਦੀ ਕਮੀ, ਸਿੱਖਿਆ ਤੇ ਸੰਚਾਰ ਯੋਜਨਾਵਾਂ, ਅਸਵੀਕਾਰ ਵਸਤਾਂ ਉਤੇ ਖਰਚਾ ਅਤੇ ਫੰਡ ਦੀ ਚੋਰੀ, ਨੌਕਰੀ ਦੇ ਕਾਰਡਾਂ ਲਈ ਘਰੋ-ਘਰੀ ਸਰਵੇਖਣ ਨਾ ਕਰਨਾ, ਰਿਕਾਰਡ ਨਾ ਰੱਖਣਾ ਜਾਂ ਮਾੜਾ ਰਿਕਾਰਡ ਰੱਖਣਾ, ਕੰਮ ਪੂਰਾ ਹੋਣ ਵਿੱਚ ਲੋੜੋਂ ਵੱਧ ਦੇਰੀ ਕਾਰਨ ਖਰਚੇ ਦਾ ਵਿਅਰਥ ਜਾਣਾ, ਕੰਮ ਪੂਰਾ ਕਰਨ ਵਿੱਚ ਮਸ਼ੀਨਰੀ ਦਾ ਇਸਤੇਮਾਲ, ਸੰਮਿਲਨ ਗਤੀਵਿਧੀਆਂ ਦੀ ਅਣਹੋਂਦ ਅਤੇ ਸਕੀਮਾਂ ਦੇ ਅਮਲ ਉਤੇ ਨਿਗਰਾਨੀ ਦੀ ਕਮੀ ਆਦਿ ਸ਼ਾਮਲ ਹਨ।

ਘੱਟੋ-ਘੱਟ ਉਜਰਤਾਂ ਸਮੇਂ ਸਿਰ ਨਹੀਂ ਦਿੱਤੀਆਂ ਜਾਂਦੀਆਂ – ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਿਉਂ ਮਗਨਰੇਗਾ ਕਾਮਿਆਂ ਨੂੰ ਕਈ ਵਾਰ ਉਨ੍ਹਾਂ ਦੀ ਸਖਤ ਮਿਹਨਤ ਦਾ ਭੁਗਤਾਨ ਸਮੇਂ ਸਿਰ ਨਹੀਂ ਕੀਤਾ ਜਾਂਦਾ। ਝਾਰਖੰਡ ਅਤੇ ਕਰਨਾਟਕ ਦੀਆਂ ਟਿੱਪਣੀਆਂ ਉਤੇ ਅਧਾਰਤ ਹੇਠਾਂ ਕੁੱਝ ਕਾਰਨ ਦਿੱਤੇ ਜਾ ਰਹੇ ਹਨ ਜਿਨ੍ਹਾਂ ਕਰਕੇ ਉਜਰਤਾਂ ਦਾ ਭੁਗਤਾਨ ਵੇਲੇ ਸਿਰ ਨਹੀਂ ਕੀਤਾ ਜਾਂਦਾ :

• ਮਸਟਰ ਰੋਲ ਵਿੱਚ ਆਪਣੇ ਨਾਮ ਤੋਂ ਬਗੈਰ ਕੰਮ ਕਰਨਾ – ਝਾਰਖੰਡ ਵਿੱਚ ਆਮ ਤੌਰ ਤੇ ਛਪੀ ਹੋਈ ਈ-ਐੱਮ ਆਰ ਕੰਮ ਵਾਲੇ ਥਾਂ ਉਤੇ ਪੁੱਜਣ ਤੋਂ ਪਹਿਲਾਂ ਹੀ ਸਕੀਮ ਉਤੇ ਕੰਮ ਕਰਨ ਲਈ ਕਹਿ ਦਿੱਤਾ ਜਾਂਦਾ ਹੈ। ਪਰ ਅਕਸਰ ਹੀ, ਹੇਠ ਦਿੱਤੇ ਕਾਰਨ ਵਿੱਚੋਂ ਕਿਸੇ ਇਕ ਕਰਕੇ ਈ-ਐੱਮ ਆਰ ਵਿੱਚ ਸਾਰੇ ਸੰਬੰਧਿਤ ਕਾਮਿਆਂ ਦੇ ਨਾਮ ਸ਼ਾਮਲ ਹੋਣੋਂ ਰਹਿ ਜਾਂਦੇ ਹਨ : (1) ਕੰਮ ਵਾਲੀ ਅਰਜ਼ੀ ਉਤੇ ਦਿੱਤਾ ਗਿਆ ਕਾਮੇ ਦਾ ਜੌਬ ਕਾਰਡ ਨੰਬਰ ਐੱਮ ਆਈ ਐੱਸ ਵਿੱਚ ਦਰਜ ਜੌਬ ਕਾਰਡ ਨੰਬਰ ਕਾਮੇ ਦੇ ਨਾਮ ਦੇ ਸਾਹਮਣੇ ਵੱਖਰਾ ਹੁੰਦਾ ਹੈ, (2) ਕਾਮੇ ਦੀ ਜਾਣਕਾਰੀ ਤੋਂ ਬਿਨਾਂ ਇਲੈਕਟ੍ਰਾਨਿਕ ਜੌਬ ਕਾਰਡ ਵਿੱਚੋਂ ਉਸ ਦਾ ਨਾਮ ਕੱਟ ਦਿੱਤਾ ਗਿਆ ਹੈ, (3) ਪੈਸਾ ਹੜੱਪਣ ਲਈ ਕਾਮੇ ਦਾ ਨਾਮ ਉਸ ਦੀ ਜਾਣਕਾਰੀ ਤੋਂ ਬਿਨਾਂ ਕਿਸੇ ਦੂਜੀ ਈ-ਐੱਮ ਆਰ ਵਿੱਚ ਦਰਜ ਕਰ ਦਿੱਤਾ ਗਿਆ ਹੈ।

• ਕੀਤੇ ਗਏ ਕੰਮ ਦੇ ਦਿਨ ਦਰਜ ਕਰਨ ਵਿੱਚ ਗਲਤੀ – ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ, ਛਪੀ ਹੋਈ ਈ-ਐੱਮ ਆਰ ਕਦੇ ਕਦਾਈ ਹੀ ਵੇਲੇ ਸਿਰ ਕੰਮ ਵਾਲੀ ਥਾਂ ਉਤੇ ਪਹੁੰਚਦੀ ਹੈ। ਇਸ ਦੌਰਾਨ ਕੰਮ ਵਾਲੇ ਸਥਾਨ ਦਾ ਸੁਪਰਵਾਈਜ਼ਰ ਕਾਮਿਆਂ ਦੀ ਹਾਜ਼ਰੀ ਦਾ ਕੱਚਾ ਰਿਕਾਰਡ ਰੱਖਦਾ ਹੈ ਜਿਸ ਨੂੰ ਬਾਅਦ ਵਿੱਚ ਈ-ਐੱਮ ਆਰ ਉਤੇ ਛਾਪਿਆ ਜਾਣਾ ਹੁੰਦਾ ਹੈ। ਜੇ ਕੱਚੇ ਰਿਕਾਰਡ ਨੂੰ ਈ-ਐੱਮ ਆਰ ਉਤੇ ਛਾਪਣ ਸਮੇਂ ਹਾਜ਼ਰੀ ਦੇ ਵੇਰਵਿਆਂ ਵਿੱਚ ਕੋਈ ਗਲਤੀ ਹੋ ਗਈ, ਜਾਂ ਉਥੋਂ ਐੱਮ ਆਈ ਐੱਸ ਦਰਜ ਕਰਨ ਸਮੇਂ ਕੋਈ ਨੁਕਸ ਰਹਿ ਗਿਆ ਤਾਂ ਕਾਮਿਆਂ ਲਈ ਉਨ੍ਹਾਂ ਦੀਆਂ ਉਜਰਤਾਂ ਦੀ ਹਾਨੀ ਹੋਣ ਦਾ ਜੋਖਮ ਫਿਰ ਖੜ੍ਹਾ ਹੋ ਜਾਂਦਾ ਹੈ।

• ਮਾਸਟਰ ਰੋਲਜ਼ (ਹਾਜ਼ਰੀ ਸੂਚੀਆਂ) ਗੁਆਚਣਾ – ਜੇ ਭਰੇ ਜਾਣ ਤੋਂ ਬਾਅਦ ਛਪੀ ਹੋਈ ਈ-ਐੱਮ ਆਰ ਗੁਆਚ ਜਾਵੇ ਜਾਂ ਕਿਸੇ ਕਾਰਨ ਕੰਪਿਊਟਰ ਚਾਲਕ ਨੂੰ ਨਾ ਮਿਲੇ ਤਾਂ ਇਸ ਨੂੰ 'ਸਿਫਰ ਹਾਜ਼ਰੀ' ਈ-ਐੱਮ ਆਰ ਵਜੋਂ ਐੱਮ ਆਈ ਐੱਸ ਵਿੱਚ ਦਰਜ ਕੀਤਾ ਜਾਂਦਾ ਹੈ ਅਤੇ ਉਸ ਈ-ਐੱਮ ਆਰ ਵਾਲੇ ਕਾਮਿਆਂ ਨੂੰ ਉਜਰਤਾਂ ਨਹੀਂ ਮਿਲਣਗੀਆਂ।

• ਉਜਰਤ ਸੂਚੀਆਂ/ਐੱਫ ਟੀ ਓਜ਼ ਦਾ ਬਣਾਇਆ ਨਾ ਜਾਣਾ, ਅਧਿਕ੍ਰਿਤ ਨਾ ਹੋਣਾ :- ਜੇ ਕਿਸੇ ਈ-ਐੱਮ ਆਰ ਦੀ ਉਜਰਤ ਸੂਚੀ ਜਾਂ ਇਕ ਐੱਫ ਟੀ ਓ ਨਹੀਂ ਬਣਾਈ ਜਾਂਦੀ ਜਾਂ ਐੱਫ ਟੀ ਓ ਨੂੰ ਪਹਿਲੇ ਜਾਂ ਦੂਸਰੇ ਹਸਤਾਖ਼ਰੀ ਵਲੋਂ ਦਸਤਖ਼ਤ ਨਹੀਂ ਕੀਤਾ ਜਾਂਦਾ, ਤਾਂ ਉਸ ਈ-ਐੱਮ ਆਰ ਵਾਲੇ ਕਾਮਿਆਂ ਨੂੰ ਪੈਸੇ ਨਹੀਂ ਮਿਲਣਗੇ। ਅਜਿਹਾ ਜਾਂ ਤਾਂ ਅਹੁਦੇਦਾਰਾਂ ਦੀ ਕੁਤਾਹੀ ਕਰਕੇ ਵਾਪਰਦਾ ਹੈ ਜਾਂ ਉਹ ਬਿਨਾਂ ਦਲਾਲੀ ਦੇ ਹਸਤਾਖਰ ਕਰਨ ਤੋਂ ਇਨਕਾਰ ਕਰ ਦਿੰਦੇ ਹਨ।

• ਉਜਰਤ ਅਦਾਇਗੀ ਮੁਕੰਮਲ ਕੀਤੇ ਬਿਨਾਂ ਐੱਮ ਆਈ ਐੱਸ ਵਿੱਚ ਸਕੀਮ ਬੰਦ ਕਰਨਾ :- ਕਦੇ-ਕਦੇ ਮੰਤਰਾਲੇ ਵਲੋਂ ਕੰਮ ਮੁਕੰਮਲ ਕਰਨ ਦੀ ਦਰ ਵਿੱਚ ਵਾਧਾ ਕਰਨ ਲਈ ਵਾਰ-ਵਾਰ ਹਦਾਇਤਾਂ ਦੇਣ ਕਰਕੇ ਸਥਾਨਕ ਅਹੁਦੇਦਾਰ ਇਹ ਯਕੀਨੀ ਬਣਾਏ ਬਿਨਾਂ ਕਿ ਸਾਰੀਆਂ ਉਜਰਤਾਂ ਦੇ ਦਿੱਤੀਆਂ ਗਈਆਂ ਹਨ, ਐੱਮ ਆਈ ਐੱਸ ਵਿੱਚ ਸਕੀਮ ਨੂੰ ਬੰਦ ਕਰ ਦਿੰਦੇ ਹਨ। ਇਕ ਵਾਰੀ ਸਕੀਮ ਬੰਦ ਹੋ ਜਾਏ ਤਾਂ ਈ-ਐੱਮ ਆਰ ਤੋਂ ਐੱਮ ਆਈ ਐੱਸ ਵਿੱਚ ਹਾਜ਼ਰੀ ਦੇ ਵੇਰਵੇ ਦਰਜ ਕਰਨਾ ਜਾਂ ਇਕ ਰੱਦ ਕੀਤੇ ਐੱਫ ਟੀ ਓ ਲੈਣ ਦੇਣ ਨੂੰ ਦੁਬਾਰ ਪੈਦਾ ਕਰਨਾ ਸੰਭਵ ਨਹੀਂ ਹੁੰਦਾ। ਸਕੀਮਾਂ ਸਿਰਫ ਰਾਜ ਪੱਧਰ ਦੇ ਐੱਮ ਆਈ ਐੱਸ ਲੌਗ ਇਨ ਤੋਂ ਹੀ ਦੁਬਾਰਾ ਖੋਲ੍ਹੀਆਂ ਜਾ ਸਕਦੀਆਂ ਹਨ। ਹੋਰ, ਸਕੀਮਾਂ ਬੰਦ ਹੋਣ ਕਾਰਨ ਉਜਰਤਾਂ ਦੀ ਅਦਾਇਗੀ ਨਾ ਹੋਣ ਦੀਆਂ ਸ਼ਿਕਾਇਤਾਂ ਕਦੇ ਕਦਾਈ ਹੀ ਪੇਂਡੂ ਵਿਕਾਸ ਵਿਭਾਗ ਕੋਲ ਪਹੁੰਚਦੀਆਂ ਹਨ।

• ਬੈਂਕ ਜਾਂ ਡਾਕਖ਼ਾਨੇ ਵਿੱਚ ਖਾਤੇ ਤੋਂ ਬਿਨਾਂ ਕੰਮ ਕਰਨਾ – 2008 ਵਿੱਚ ਉਜਰਤਾਂ ਦੀ ਨਕਦ ਅਦਾਇਗੀ ਬੰਦ ਕਰਕੇ ਬੈਂਕ ਜਾਂ ਡਾਕਖਾਨੇ ਦੇ ਖਾਤੇ ਵਿੱਚ ਅਦਾਇਗੀ ਕਰਨ ਦੀ ਪ੍ਰਣਾਲੀ ਬਣਾਈ ਗਈ। ਉਦੋਂ ਤੋਂ ਲੈ ਕੇ, ਜਿਹੜੇ ਕਾਮੇ ਬੈਂਕ ਜਾਂ ਡਾਕਖਾਨਾ ਖਾਤੇ ਤੋਂ ਬਿਨਾਂ ਕੰਮ ਕਰਦੇ ਹਨ, ਉਨ੍ਹਾਂ ਨੂੰ ਭੁਗਤਾਨ ਨਹੀਂ ਕੀਤਾ ਜਾ ਸਕਦਾ। ਪਰ, ਇਹ ਸਮੱਸਿਆ ਸਮੇਂ ਦੇ ਨਾਲ ਕਾਫੀ ਹੱਦ ਤੱਕ ਘਟ ਗਈ ਹੈ ਕਿਉਂਕਿ ਜ਼ਿਆਦਾਤਰ ਮਗਨਰੇਗਾ ਅਹੁਦੇਦਾਰਾਂ ਨੇ ਬੈਂਕ ਜਾਂ ਡਾਕਖਾਨੇ ਖਾਤਾ ਨਾ ਰੱਖਣ ਵਾਲੇ ਕਾਮਿਆਂ ਕੋਲੋਂ ਅਰਜ਼ੀਆਂ ਲੈਣੀਆਂ ਬੰਦ ਕਰ ਦਿੱਤੀਆਂ ਹਨ।

• ਐੱਮ ਆਈ ਐੱਸ ਗਲਤ ਖਾਤਾ ਨੰਬਰ : ਬੈਂਕ ਜਾਂ ਡਾਕਖਾਨੇ ਵਿੱਚ ਖਾਤਾ ਹੋਣਾ ਹੀ ਕਾਫੀ ਨਹੀਂ, ਖਾਤੇ ਦੇ ਵੇਰਵੇ ਐੱਮ ਆਈ ਐੱਸ ਵਿੱਚ ਵੀ ਠੀਕ ਤਰੀਕੇ ਨਾਲ ਦਰਜ ਹੋਣੇ ਜ਼ਰੂਰੀ ਹਨ। ਜੇ ਗਲਤੀ ਨਾਲ ਅਯੋਗ ਖਾਤਾ ਨੰਬਰ ਦਰਜ ਹੋ ਗਿਆ ਤਾਂ ਅਦਾਇਗੀ ਰੱਦ ਹੋ ਜਾਵੇਗੀ। ਭਾਵੇਂ ਕਿ ਖਾਤੇ ਦੇ ਵੇਰਵੇ ਠੀਕ ਕਰਨ ਅਤੇ ਅਦਾਇਗੀ ਲਈ ਉਜਰਤ ਸੂਚੀ ਦੁਬਾਰਾ ਤਿਆਰ ਕਰਨ ਦਾ ਬਦਲ ਮੌਜੂਦ ਹੈ, ਪਰ ਇਹ ਬਹੁਤ ਅਕਾਊ ਪ੍ਰਕਿਰਿਆ ਹੈ ਅਤੇ ਕੁੱਝ ਮਗਨਰੇਗਾ ਅਹੁਦੇਦਾਰ ਹੀ ਇਸ ਕੰਮ ਨੂੰ ਕਰਨਾ ਪਸੰਦ ਕਰਦੇ ਹਨ। ਜੇ ਦਰਜ ਕੀਤਾ ਖਾਤਾ ਨੰਬਰ ਕਿਸੇ ਹੋਰ ਦਾ ਹੋਵੇ ਤਾਂ ਉਜਰਤਾਂ ਉਸ ਖਾਤਾਧਾਰਕ ਦੇ ਖਾਤੇ ਵਿੱਚ ਚਲੀਆਂ ਜਾਣਗੀਆਂ। ਗਲਤ ਖਾਤੇ ਤੋਂ ਅਦਾਇਗੀ ਮੁੜ ਹਾਸਲ ਕਰਨਾ (ਜਾਂ ਗਲਤੀ ਲਈ ਜ਼ਿੰਮੇਵਾਰ ਅਹੁਦੇਦਾਰ ਤੋਂ) ਵੀ ਇਕ ਲੰਮੀ ਪ੍ਰਕਿਰਿਆ ਹੈ ਜਿਸ ਉਤੇ ਘੱਟ ਹੀ ਚੱਲਿਆ ਜਾਂਦਾ ਹੈ।

• ਐੱਮ ਆਈ ਐੱਸ ਵਿੱਚ ਗਲਤ ਅਧਾਰ ਨੰਬਰ – ਰਾਜਾਂ ਉਤੇ ਕੇਂਦਰ ਸਰਕਾਰ ਦਾ ਵੱਡਾ ਦਬਾਅ ਹੈ ਕਿ ਮਗਨਰੇਗਾ ਉਜਰਤਾਂ ਨਵੇਂ 'ਅਧਾਰ ਪੇਮੈਂਟ ਬ੍ਰਿਜ' ਰਾਹੀਂ ਹੀ ਅਦਾ ਕੀਤੀਆਂ ਜਾਣ। ਜਦ ਕਿ ਅਦਾਇਗੀ ਦੇ ਇਸ ਤਰੀਕੇ ਦੇ ਲਾਭ ਸਪੱਸ਼ਟ ਨਹੀਂ ਹਨ, ਅਧਾਰ ਅਧਾਰਤ ਅਦਾਇਗੀਆਂ ਦੀਆਂ ਆਪਣੀਆਂ ਪੇਚੀਦਗੀਆਂ ਹਨ। ਜੇ ਕਿਸੇ ਕਾਮੇ ਦਾ ਐੱਮ ਆਈ ਐੱਸ ਵਿੱਚ ਗਲਤ ਅਧਾਰ ਨੰਬਰ ਦਰਜ ਹੋ ਗਿਆ ਅਤੇ ਅਦਾਇਗੀ 'ਅਧਾਰ ਪੇਮੈਂਟ ਬ੍ਰਿਜ ਰਾਹੀਂ ਹੋ ਗਈ ਤਾਂ ਉਸ ਕਾਮੇ ਨੂੰ ਉਜਰਤ ਨਹੀਂ ਮਿਲੇਗੀ।

• ਅਧਾਰ ਨੰਬਰ ਗਲਤ ਖਾਤੇ ਨਾਲ ਜੋੜਨਾ – ਅਧਾਰ ਪੇਮੈਂਟ ਬ੍ਰਿਜ ਰਾਹੀਂ ਉਜਰਤ ਦੀ ਅਦਾਇਗੀ ਸਫਲ ਹੋਣ ਲਈ ਕਿਸੇ ਕਾਮੇ ਦਾ ਐੱਮ ਆਈ ਐੱਸ ਵਿੱਚ ਠੀਕ ਅਧਾਰ ਨੰਬਰ ਦਰਜ ਹੋਣਾ ਹੀ ਇਕ ਲੋੜ ਨਹੀਂ ਹੈ। ਜੇ ਐੱਮ ਆਈ ਐੱਸ ਵਿੱਚ ਅਧਾਰ ਨੰਬਰ ਗਲਤ ਬੈਂਕ ਖਾਤੇ ਨਾਲ ਜੁੜਿਆ ਹੋਇਆ ਹੈ ਤਾਂ ਕਾਮੇ ਨੂੰ ਉਸ ਦੀ ਉਜਰਤ ਨਹੀਂ ਮਿਲੇਗੀ। ਨਾਲ ਹੀ, ਅਧਾਰ ਉਤੇ ਅਧਾਰਤ ਅਦਾਇਗੀਆਂ ਇਕ ਤੋਂ ਵੱਧ ਖਾਤੇ ਰੱਖਣ ਵਾਲੇ ਕਾਮਿਆਂ ਲਈ ਇਕ ਅਜੀਬ ਸਮੱਸਿਆ ਖੜ੍ਹੀ ਕਰਦੀਆਂ ਹਨ।

• ਕਾਮੇ ਦੇ ਜੌਬ ਕਾਰਡ ਵਿੱਚੋਂ ਉਸ ਦਾ ਨਾਮ ਕੱਟਣਾ : ਜੇ ਕਿਸੇ ਦਾ ਨਾਮ ਉਸ ਦੀ ਜਾਣਕਾਰੀ ਤੋਂ ਬਿਨਾਂ ਉਸ ਦੇ ਇਲੈਕਟ੍ਰਾਨਿਕ ਜੌਬ ਕਾਰਡ ਵਿੱਚੋਂ ਕੱਟਿਆ ਜਾਦਾ ਹੈ ਤਾਂ ਈ-ਐੱਮ ਆਰ ਵਿੱਚ ਉਸ ਦਾ ਨਾਮ ਸ਼ਾਮਲ ਨਹੀਂ ਹੋਵੇਗਾ। ਨਾਮ ਵੱਖ-ਵੱਖ ਕਾਰਨਾਂ ਕਰਕੇ ਕੱਟਿਆ ਜਾ ਸਕਦਾ ਹੈ। ਮਿਸਾਲ ਦੇ ਲਈ, ਅਜਿਹਾ ਉਸ ਸਮੇਂ ਹੋ ਸਕਦਾ ਹੈ ਜਦੋਂ ਅਧਾਰ ਨੰਬਰ ਅਤੇ ਤਸਵੀਰ ਅਪਲੋਡ ਨਾ ਹੋਣ ਕਾਰਨ ਕਾਮੇ ਦਾ ਨਾਮ ਐੱਮ ਆਈ ਐੱਸ ਵਿੱਚੋਂ ਹਟਾ ਦਿੱਤਾ ਜਾਂਦਾ ਹੈ ਜਾਂ ਅਜਿਹਾ ਕੰਮ ਦੀ ਮੰਗ ਕਰਨ ਵਾਲੇ ਕਾਮਿਆਂ ਦੀ ਸੰਖਿਆ ਘੱਟ ਕਰਨ ਲਈ ਵੀ ਕੀਤਾ ਜਾ ਸਕਦਾ ਹੈ। ਕਿਰਤ ਬਾਜ਼ਾਰਾਂ, ਪਰਵਾਸ ਅਤੇ ਉਜਰਤਾਂ ਉਤੇ ਸਵੈ-ਸਹਾਇਤਾ ਸਮੂਹਾਂ ਦੀ ਭੂਮਿਕਾ ਦਾ ਪ੍ਰਭਾਵ – ਇਹ ਵੀ ਵੇਖਿਆ ਗਿਆ ਹੈ ਕਿ ਮੰਗ ਦਾ ਪੈਦਾ ਹੋਣਾ ਅਤੇ ਕੰਮ ਉਤੇ ਅਮਲ, ਕੰਮ ਦੀ ਪਛਾਣ ਕਰਨਾ ਤੇ ਮਗਨਰੇਗਾ ਦੀਆਂ ਥਾਵਾਂ, ਸਹਾਇਕਾਂ ਦੁਆਰਾ ਅੰਦਾਜ਼ਨ ਲਾਗਤ ਤਿਆਰ ਕਰਨਾ – ਪ੍ਰਾਜੈਕਟਾਂ ਨੂੰ ਪਰਖਣਾ, ਲੋੜੀਂਦੇ ਦਿਨਾਂ ਦੀ ਸੰਖਿਆ ਭਾਂਪਣਾ ਅਤੇ ਕੰਮ ਦੇ ਅਨੁਮਾਨ ਤਿਆਰ ਕਰਨੇ, ਕਿਰਤ ਬਜਟ ਤਿਆਰ ਕਰਨ ਵਿੱਚ ਭਾਗ ਲੈਣਾ, ਪ੍ਰਾਜੈਕਟ ਮੀਟਿੰਗਾਂ ਵਿੱਚ ਭਾਗ ਲੈਣਾ ਅਤੇ ਹਾਜ਼ਰੀ ਸੂਚੀ ਦੇ ਮੁਤਾਬਕ ਕੰਮ ਸ਼ੁਰੂ ਕਰਨਾ ਅਤੇ ਕੰਮ ਵਾਲੀਆਂ ਥਾਵਾਂ ਉਤੇ ਸਵੈ-ਸਹਾਇਤਾ ਸਮੂਹਾਂ ਵਲੋਂ ਸਹੂਲਤਾਂ ਪ੍ਰਦਾਨ ਕਰਨ ਨਾਲ ਕਿਰਤ ਬਾਜ਼ਾਰਾਂ ਵਿੱਚ ਹਾਂ ਪੱਖੀ ਬਦਲਾਅ ਆਇਆ ਹੈ, ਖ਼ਾਸ ਕਰਕੇ ਕਠਿਨ ਮਿਹਨਤ ਨੂੰ ਘੱਟ ਕਰਨਾ, ਸੰਕਟ ਕਾਲੀਨ ਪਰਵਾਸ ਵਿੱਚ ਕਮੀ ਅਤੇ ਖੇਤੀਬਾੜੀ ਤੇ ਗ਼ੈਰ ਖੇਤਬਾੜੀ ਖੇਤਰਾਂ ਵਿੱਚ ਚੰਗੀਆਂ ਉਜਰਤਾਂ ਦੁਆਉਣਾ।

## ਔਰਤਾਂ ਅਤੇ ਵਿੱਤੀ ਸ਼ਮੂਲੀਅਤ

ਵਿਅਕਤੀਗਤ ਅਤੇ ਸਮੂਹਾਂ ਦੇ ਰੂਪ ਵਿੱਚ ਖਾਤੇ ਹੋਣ ਨਾਲ ਔਰਤਾਂ ਦੀ ਵਿੱਤ ਪ੍ਰਤਿ ਪਹੁੰਚ ਅਤੇ ਐੱਮ ਕੇ ਐੱਸ ਪੀ ਅਧੀਨ ਉਨ੍ਹਾਂ ਦੀ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਬਦਲਾਅ ਆਉਂਦਾ ਹੈ (ਵੇਖੋ ਤਾਲਿਕਾ-4)। ਇਸ ਨਾਲ ਨਮੂਨੇ ਵਾਲੇ ਪਿੰਡਾਂ ਵਿੱਚ ਸਮੂਹਿਤ ਕਿਰਤ ਬਾਜ਼ਾਰ ਉਤੇ ਵਿਆਪਕ ਹਾਂ-ਪੱਖੀ ਅਸਰ ਪਿਆ ਹੈ। ਇਹ ਸਪੱਸ਼ਟ ਹੈ ਕਿ ਮਗਨਰੇਗਾ ਦਾ ਕਿਰਤ ਬਾਜ਼ਾਰ ਪਰਵਾਸ ਵਿੱਚ ਕਮੀ ਅਤੇ ਉੱਚ ਪੱਧਰਾਂ ਉਤੇ ਉਜਰਤਾਂ ਲਈ ਸੌਦੇਬਾਜ਼ੀ ਦੀ ਸ਼ਕਤੀ ਵਿੱਚ ਕੁੱਝ ਨਾ ਕੁੱਝ ਪ੍ਰਭਾਵ ਜ਼ਰੂਰ ਪਿਆ ਹੈ।

## ਸਿੱਟਾ

**ਉਪਰੋਕਤ ਵਿਸ਼ਲੇਸ਼ਣਾਤਮਕ ਸਮੀਖਿਆ ਤੋਂ ਖੁਲਾਸਾ ਹੁੰਦਾ ਹੈ ਕਿ ਕਿਰਤ ਬਾਜ਼ਾਰ, ਪਰਵਾਸ ਵਿੱਚ ਕਮੀ ਅਤੇ ਉੱਚ ਪੱਧਰ ਤੇ ਉਜਰਤਾਂ ਦੇ ਸੁਧਾਰ ਅਤੇ ਸੌਦੇਬਾਜ਼ੀ ਕਰਨ ਦੀ ਤਾਕਤ ਵਿੱਚ ਮਗਨਰੇਗਾ ਦਾ ਮਾਮੂਲੀ ਪ੍ਰਭਾਵ ਹੈ। ਪਿਛਲੇ ਖੰਡਾਂ ਤੋਂ ਇਹ ਵੇਖਿਆ ਗਿਆ ਹੈ ਕਿ ਦੋਵਾਂ ਨਮੂਨੇ ਦੇ ਰਾਜਾਂ ਵਿੱਚ ਮਗਨਰੇਗਾ ਅਧੀਨ ਕਾਰਗੁਜ਼ਾਰੀ ਗਰੀਬੀ ਦਰ ਅਤੇ ਬੇਰੋਜ਼ਗਾਰੀ ਦਰ ਦੇ ਅਨੁਸਾਰ ਨਹੀਂ ਹੈ। ਘੱਟ ਕਾਰਗੁਜ਼ਾਰੀ ਦਾ ਕਾਰਨ ਪ੍ਰੋਗਰਾਮ ਅਤੇ ਅਮਲ ਨਾਲ ਸੰਬੰਧਿਤ ਵੱਖ-ਵੱਖ ਮੁੱਦੇ ਹਨ।**

ਤਾਲਿਕਾ-4 : ਪਿੰਡ ਪੱਧਰ ਉਤੇ ਸ਼ਕਤੀਕ੍ਰਿਤ ਭਾਈਚਾਰਕ ਸਭਾਵਾਂ

| ਨਮੂਨੇ ਦਾ ਪਿੰਡ | ਸਵੈ-ਸਹਾਇਤਾ ਸਮੂਹਾਂ ਦੀ ਸੰਖਿਆ | ਵਿੱਤੀ ਸਮਾਵੇਸ਼ (ਬੈਂਕ ਸੰਬੰਧਾਂ ਦੀ ਸੰਖਿਆ ਅਤੇ ਸਮੂਹਾਂ ਨੂੰ ਦਿੱਤਾ ਗਿਆ ਕਰਜ਼ਾ) | | | ਮਗਨਰੇਗਾ ਲਾਗੂ ਕਰਨ ਉਤੇ ਪ੍ਰਭਾਵ |
|---|---|---|---|---|---|
| **ਕਰਨਾਟਕ** | | | | | |
| | | ਪਹਿਲਾ | ਦੂਜਾ | ਤੀਜਾ | |
| ਚੇਲੂਰ | 03 | 1,10,000 | 2,75,000 | – | ਥੋੜ੍ਹਾ ਬਹੁਤ |
| ਹੌਸਕੇਰੇ | 04 | 1,10,000 | 2,75,000 | – | ਥੋੜ੍ਹਾ ਬਹੁਤ |
| ਮੁਢੌਲ | 05 | 1,00, 000 | 2,00,000 | 4,00,000 | ਕਾਫੀ |
| ਸੇਵਾਸੁਦੀ | 06 | 1,00, 000 | 2,00,000 | – | ਥੋੜ੍ਹਾ ਬਹੁਤ |
| **ਝਾਰਖੰਡ** | | | | | |
| ਨਮੂਨੇ ਦਾ ਪਿੰਡ | ਸਵੈ-ਸਹਾਇਤਾ ਸਮੂਹਾਂ ਦੀ ਸੰਖਿਆ | ਵਿੱਤੀ ਸਮਾਵੇਸ਼ (ਬੈਂਕ ਸੰਬੰਧਾਂ ਦੀ ਸੰਖਿਆ ਅਤੇ ਸਮੂਹਾਂ ਨੂੰ ਦਿੱਤਾ ਗਿਆ ਕਰਜ਼ਾ) | | | ਮਗਨਰੇਗਾ ਲਾਗੂ ਕਰਨ ਉਤੇ ਪ੍ਰਭਾਵ |
| | | ਪਹਿਲਾ | ਦੂਜਾ | ਤੀਜਾ | |
| ਬੋਗਾਬਾਰ | 56 | 10,000 | 50,000 | 1,50,000 | ਅੰਸ਼ਕ |
| ਗਾਰਗਲੀ | 12 | 25,000 | 100,000 | 2,00,000 | ਅੰਸ਼ਕ |
| ਦੈਨਮਾਰੀ | 06 | 1,00,000 | – | – | ਅੰਸ਼ਕ |
| ਗੇਰੂਵਾਲ੍ਹਾ | 09 | 25,000 | 50,000 | – | ਅੰਸ਼ਕ |

● ਐਕਟ ਅਤੇ ਭਾਰਤ ਸਰਕਾਰ ਦੇ ਸੰਚਾਲਨ ਦਿਸ਼ਾ-ਨਿਰਦੇਸ਼ ਮੁਤਾਬਕ, ਸਕੀਮ ਨੂੰ ਪ੍ਰਸਿੱਧ ਕਰਨ ਅਤੇ ਪੇਂਡੂ ਪਰਿਵਾਰਾਂ ਅਤੇ ਆਮ ਜਨਤਾ ਦਰਮਿਆਨ ਜਾਗਰੂਕਤਾ ਫੈਲਾਉਣ ਅਤੇ ਸਕੀਮ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਾ ਪਸਾਰ ਕਰਨ, ਅਤੇ ਬੁਨਿਆਦੀ ਹੱਕਾਂ ਬਾਰੇ ਜਾਰਗੂਕ ਕਰਨ ਲਈ ਆਈ ਸੀ ਈ ਗਤੀਵਿਧੀਆਂ ਕਰਨੀਆਂ ਜ਼ਰੂਰੀ ਹਨ। ਅਜਿਹਾ ਉਨ੍ਹਾਂ ਇਲਾਕਿਆਂ ਵਿੱਚ ਕਰਨ ਦੀ ਜ਼ਿਆਦਾ ਜ਼ਰੂਰਤ ਹੈ ਜਿਥੇ ਜਾਗਰੂਕਤਾ ਦੀ ਬਹੁਤ ਜ਼ਿਆਦਾ ਘਾਟ ਹੈ। ਰਾਜ ਦੇ ਗਰੀਬਾਂ ਅਤੇ ਸੰਭਾਵਿਤ ਲਾਭਪਾਤਰੀਆਂ ਕੋਲ ਮਗਨਰੇਗਾ ਬਾਰੇ ਢੁੱਕਵੀਂ ਜਾਣਕਾਰੀ ਨਹੀਂ ਹੁੰਦੀ। ਇਸ ਦਾ ਕਾਰਨ ਇਹ ਹੈ ਕਿ ਗਰੀਬਾਂ ਤੱਕ ਸਕੀਮ ਬਾਰੇ ਜਾਣਕਾਰੀ ਨਹੀਂ ਪਹੁੰਚਾਈ ਜਾਂਦੀ।

● ਸਮਾਜਕ ਮੁਲਾਂਕਣ ਨਹੀਂ ਕੀਤਾ ਜਾਂਦਾ ਪਰ ਇਨ੍ਹਾਂ ਦਾ ਮੁਢਲਾ ਉਦੇਸ਼ ਹੀ ਦਿਲਚਸਪੀ ਦੇ ਘੱਟ ਪੱਧਰ ਕਾਰਨ ਖਤਮ ਹੋ ਜਾਂਦਾ ਹੈ। ਸਮਾਜਕ ਆਡਿਟ ਨਿਯਮਾਂ ਦੇ ਅਨੁਸਾਰ ਵੀ ਨਹੀਂ ਕੀਤਾ ਜਾਂਦਾ ਜਿਸ ਦਾ ਨਤੀਜਾ ਕਮੀ ਦੇ ਰੂਪ ਵਿੱਚ ਨਿਕਲਦਾ ਹੈ। ਲੋਕਾਂ ਲਈ ਵਾਰਡ ਅਤੇ ਪੰਚਾਇਤ ਪੱਧਰ ਉਤੇ ਢੁੱਕਵੇਂ ਪ੍ਰਚਾਰ ਦੀ ਕਮੀ ਇਸ ਦਾ ਮੁੱਖ ਕਾਰਨ ਹੈ।

● ਟੀਚਿਆਂ ਅਤੇ ਪ੍ਰਾਪਤੀ ਨਤੀਜਿਆਂ ਵਿਚਲੇ ਵੱਡੇ ਪਾੜੇ ਦਾ ਨਤੀਜਾ ਫੰਡਾਂ ਦੀ ਲੋੜ ਤੋਂ ਘੱਟ ਵਰਤੋਂ ਦੇ ਰੂਪ ਵਿੱਚ ਨਿਕਲਦਾ ਹੈ ਕਿਉਂਕਿ ਇਕ ਪਾਸੇ ਕਈ ਥਾਵਾਂ ਉਤੇ ਫੰਡ ਅਣਵਰਤੇ ਪਏ ਰਹਿੰਦੇ ਹਨ ਅਤੇ ਦੂਜੇ ਪਾਸੇ ਸਰਕਾਰ ਅਤੇ ਅਮਲਕਾਰੀ ਏਜੰਸੀਆਂ ਨੂੰ ਆਪਣੀਆਂ ਫੰਡ ਸੰਬੰਧੀ ਲੋੜਾਂ ਪੂਰੀਆਂ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ।

● ਸ਼ਿਕਾਇਤ ਦੇ ਨਿਪਟਾਰੇ ਦੀ ਪ੍ਰਣਾਲੀ ਨਾ ਤਾਂ ਮਜਬੂਤ ਹੈ ਅਤੇ ਨਾ ਹੀ ਇਹ ਕੁੱਝ ਕਰਨ ਲਈ ਉਪਲਬਧ ਹੈ : ਢੁੱਕਵੇਂ ਪ੍ਰਚਾਰ ਦੀ ਕਮੀ, ਖ਼ਾਸ ਕਰਕੇ ਉਜਰਤਾਂ ਚਾਹੁਣ ਵਾਲਿਆਂ ਅਤੇ ਗਰੀਬਾਂ ਦਰਮਿਆਨ, ਇਹ ਤੰਤਰ ਪਹੁੰਚ ਤੋਂ ਬਾਹਰ ਹਨ। ਇਸ ਸਕੀਮ ਨੂੰ ਹੋਰ ਪਾਰਦਰਸ਼ੀ ਬਣਾਉਣ ਲਈ, ਇਸ ਪ੍ਰਣਾਲੀ ਦੀ ਪ੍ਰਭਾਵੀ ਵਰਤੋਂ ਕਰਨ ਦੀ ਲੋੜ ਹੈ।

● ਭੁਗਤਾਨ ਵਿੱਚ ਦੇਰੀ ਦਾ ਇਕ ਵੱਡਾ ਕਾਰਨ ਕੀਤੇ ਗਏ ਕੰਮ ਦੀ ਪੈਮਾਇਸ਼ ਆਖਿਆ ਜਾਂਦਾ ਹੈ। ਇਸ ਦੇ ਲਈ ਵੱਡਾ ਕਾਰਨ ਤਕਨੀਕੀ ਮਾਹਰਾਂ ਦੀ ਘਾਟ ਦੱਸਿਆ ਜਾਂਦਾ ਹੈ, ਇਸ ਲਈ ਪੈਮਾਇਸ਼ ਅਤੇ ਬਿਲਿੰਗ ਲਟਕ ਜਾਂਦੇ ਹਨ। ਤਕਨੀਕੀ ਸਹਾਇਕਾਂ ਅਤੇ ਜੂਨੀਅਰ ਇੰਜੀਨੀਅਰਾਂ ਦੁਆਰਾ ਨਿਯਮਤ ਤੌਰ ਤੇ ਕੀਤੇ ਗਏ ਕੰਮ ਦੀ ਮਾਤਰਾ ਦੀ ਢੁੱਕਵੀਂ ਪੈਮਾਇਸ਼ ਦਾ ਕੋਈ ਸਾਧਨ ਨਹੀਂ ਹੈ। ਕੰਮ ਦੀ ਮਾਤਰਾ ਦੇ ਬਾਵਜੂਦ, ਸਾਰੇ ਕਾਮਿਆਂ ਨੂੰ ਉਜਰਤਾਂ ਦੀ ਪੂਰੀ ਦਰ ਦਿੱਤੀ ਜਾਂਦੀ ਹੈ। ਇਹ ਵੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਭੁਗਤਾਨ ਵਿੱਚ ਦੇਰੀ ਲਈ ਮੁਆਵਜਾ ਦੇਣ ਵਾਸਤੇ ਸੌਖੀ ਪਹੁੰਚ ਵਾਲੀ ਪ੍ਰਣਾਲੀ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ।

**ਦਿਲਚਸਪ ਗੱਲ ਹੈ ਕਿ ਜਿਥੇ ਵੀ ਐੱਮ ਕੇ ਐੱਸ ਪੀ ਅਤੇ ਮਗਨਰੇਗਾ ਦਾ ਤਾਲਮੇਲ ਬਿਠਾਇਆ ਗਿਆ, ਹਾਂ ਪੱਖੀ ਪ੍ਰਭਾਵ ਵੇਖਿਆ ਗਿਆ ਅਤੇ ਔਰਤਾਂ ਦੇ ਸਵੈ-ਸਹਾਇਤਾ ਸਮੂਹਾਂ ਵਲੋਂ ਕਿਰਤੀਆਂ ਦੀ ਕਠਿਨ ਮਿਹਨਤ ਤੋਂ ਬਾਹਰ ਆਉਣ ਵਿੱਚ ਮਦਦ ਕੀਤੀ ਗਈ, ਖ਼ਾਸ ਕਰਕੇ ਠੇਕੇਦਾਰਾਂ ਦੀ ਜਕੜਨ ਨੂੰ ਤੋੜਨ ਵਿੱਚ, ਜਿਥੇ ਸਮਾਜਕ ਤੌਰ ਤੇ ਤਾਕਤਵਰ ਵਿਚੋਲੇ ਅਤੇ ਦੂਸਰੇ ਲੋਕ ਮਗਨਰੇਗਾ ਦਾ ਸਖਤੀ ਨਾਲ ਅਮਲ ਦਾ ਸਰਗਰਮੀ ਨਾਲ ਵਿਰੋਧ ਕਰਦੇ ਹਨ। ਲਿੰਗਕ ਸ਼ਕਤੀਕਰਨ ਅਤੇ ਬਰਾਬਰੀ ਲਈ ਆਰਥਿਕ ਸ਼ਕਤੀਕਰਨ ਅਤੇ ਵਿੱਤੀ ਸਮਾਵੇਸ਼ ਅਹਿਮ ਹਨ। ਸਵੈ-ਸਹਾਇਤਾ ਸਮੂਹਾਂ ਵਲੋਂ ਆਰਥਿਕ ਸ਼ਕਤੀਕਰਨ ਤੋਂ ਲੈ ਕੇ ਵਿਆਪਕ ਸਮਾਜਕ ਤੇ ਰਾਜਨੀਤਕ ਖੇਤਰਾਂ ਵਿੱਚ ਦੋਵੇਂ ਨਮੂਨੇ ਦੇ ਰਾਜਾਂ ਦੇ ਪਿੰਡਾਂ ਵਿੱਚ ਆਗੂ ਵਾਲੀ ਭੂਮਿਕਾ ਅਖਤਿਆਰ ਕੀਤੀ ਗਈ ਹੈ।**

*(ਲੇਖਕ ਐੱਨ ਆਈ ਆਰ ਡੀ ਅਤੇ ਪੀ ਆਰ ਹੈਦਰਾਬਾਦ ਵਿੱਚ ਪੇਂਡੂ ਜੀਵਿਕਾ ਬਾਰੇ ਸਕੂਲ ਦੇ ਜੀਵਿਕਾ ਬਾਰੇ ਕੇਂਦਰ ਵਿੱਚ ਐਸੋਸ਼ੀਏਟ ਪ੍ਰੋਫੈਸਰ ਹਨ)*

*e-mail :hemanthakumar2010@gmail.com*

***ਸਫ਼ਾ 30 ਦੀ ਬਾਕੀ***

ਪ੍ਰਾਪਤ ਸੰਸਥਾਨਾਂ ਨੂੰ ਪੜਤਾਲ ਕਰਨ ਦੀ ਲੋੜ ਹੈ ਕਿ ਤਕਨੀਕੀ ਬਦਲਾਅ ਰੋਜ਼ਗਾਰ ਉਤੇ ਕੀ ਅਸਰ ਪਾਉਣਗੇ, ਪੂਰਤੀ ਲੜੀ ਪ੍ਰਬੰਧਨ ਵਿੱਚ ਸ਼ਾਮਲ ਖਪਤਕਾਰਾਂ, ਨਿਰਮਾਣਕਾਰਾਂ ਅਤੇ ਦੂਜੇ ਹਿਤਧਾਰਕਾਂ ਲਈ ਕੀ ਮੌਕੇ ਹਨ। ਅਰਧ-ਕੁਸ਼ਲ ਅਤੇ ਗ਼ੈਰ-ਹੁਨਰਮੰਦ ਕਾਮਾ-ਸ਼ਕਤੀ ਅਤੇ ਕਿਰਤ ਮੁਖੀ ਨਿਰਮਾਣ ਇਕਾਈਆਂ ਜਿਵੇਂ ਉਸਾਰੀ, ਖੇਤੀ ਉਤਪਾਦਾਂ ਉਤੇ ਵਿਸ਼ੇਸ਼ ਜ਼ੋਰ ਦੇਣਾ ਹੋਵੇਗਾ। ਸਵੈਚਾਲਨ ਕਿਵੇਂ ਉਤਪਾਦਨ ਵਿੱਚ ਬਦਲਾਅ ਲਿਆ ਰਿਹਾ ਹੈ, ਨੌਕਰੀਆਂ ਪੈਦਾ ਕਰ ਰਿਹਾ ਹੈ ਅਤੇ ਕਾਮਿਆਂ ਦੇ ਹਾਲਾਤ ਬਦਲ ਰਿਹਾ ਹੈ, ਅਤੇ ਸੱਨਅਤਾਂ ਕਿਵੇਂ ਸਥਿਰ ਅਧਾਰ ਉਤੇ ਸਵੈਚਾਲਨ ਦੀ ਪ੍ਰਤਿਭਾ ਤੋਂ ਲਾਭ ਉਠਾ ਰਹੀਆਂ ਹਨ, ਇਸ ਬਾਰੇ ਡੇਟਾ ਮੁਲਾਂਕਣ ਅਤੇ ਖੋਜ ਪੜਤਾਲ ਕਰਨ ਦੀ ਲੋੜ ਪਵੇਗੀ।

## ਸਿੱਟਾ

ਵਾਰ-ਵਾਰ ਹੱਥੀਂ ਕਰਨ ਵਾਲੇ ਕੰਮਾਂ ਅਤੇ ਜੋਖ਼ਮ ਭਰੇ ਕੰਮਾਂ ਨੂੰ ਜੇ ਹਾਲੇ ਤੱਕ ਸਵੈਚਾਲਿਤ ਨਹੀਂ ਕੀਤਾ ਗਿਆ ਤਾਂ ਇਨ੍ਹਾਂ ਨੂੰ ਹੁਣ ਕਰਨ ਦੀ ਲੋੜ ਹੈ। ਵਿਕਸਤ ਦੇਸ਼ਾਂ ਵਿੱਚ ਲਗਭਗ ਦੋ ਦਹਾਕੇ ਪਹਿਲਾਂ ਕਿਰਤ ਮੁਖੀ ਨੌਕਰੀਆਂ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ। ਕਿਸੇ ਸਮੇਂ ਅਮਰੀਕਾ ਅੰਦਰ ਖੇਤੀਬਾੜੀ ਅੰਦਰ 41 ਪ੍ਰਤਿਸ਼ਤ ਕਾਮਾ-ਸ਼ਕਤੀ ਕੰਮ ਉਤੇ ਲੱਗੀ ਹੋਈ ਸੀ, ਜਿਸ ਕੰਮ ਨੂੰ ਹੁਣ 2 ਪ੍ਰਤਿਸ਼ਤ ਤੋਂ ਵੀ ਘੱਟ ਕਾਮਾ-ਸ਼ਕਤੀ ਵਲੋਂ ਕੀਤਾ ਜਾਂਦਾ ਹੈ। ਬਾਕੀ ਬਚੇ ਲੋਕ ਦੂਜੀਆਂ ਨੌਕਰੀਆਂ ਵੱਲ ਚਲੇ ਗਏ। ਤਕਨਾਲੋਜੀ ਦੇ ਦਖਲ ਅਟੱਲ ਹਨ - ਸਮੂਹਿਕ ਆਰਥਿਕ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਤਕਨਾਲੋਜੀ ਦੀ ਸੰਭਾਵਨਾ ਤੋਂ ਲਾਭ ਲੈਣਾ ਅੱਗੇ ਜਾਣ ਦਾ ਮਾਰਗ ਹੈ। ਹੁਨਰ ਵਿੱਚ ਵਾਧਾ, ਮੁੜ ਤੋਂ ਹੁਨਰਮੰਦੀ ਅਤੇ ਭਿਆਲੀ ਕਿਸੇ ਵੀ ਸਥਿਰ ਕਾਰੋਬਾਰੀ ਨਮੂਨੇ ਦੇ ਮੁੱਖ ਅੰਗ ਹੋਣਗੇ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਇਕ ਨਵਾਂ ਪਾਠਕ੍ਰਮ ਅਤੇ ਸਿੱਖਿਆ ਸ਼ਾਸਤਰ ਅਤੇ ਹੋਰ ਕਿੱਤਾਮੁਖੀ ਸਿਖਲਾਈ ਕੇਂਦਰ ਸਥਾਪਤ ਕਰਨਾ ਸਮੇਂ ਦੀ ਮੰਗ ਹੈ।

*(ਲੇਖਕ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵਿੱਚ ਵਿਗਿਆਨ ਪ੍ਰਸਾਰ ਬਾਰੇ ਵਿਗਿਆਨੀ ਵਜੋਂ ਕਾਰਜਰਤ ਹਨ)*

*e-mail :Rnath@vigyanprasar.gov.in*

# ਸੁਰੱਖਿਅਤ ਬਚਪਨ ਨਾਲ ਮਜ਼ਬੂਤ ਭਾਰਤ ਦਾ ਨਿਰਮਾਣ

✍ **ਕੈਲਾਸ਼ ਸਤਿਆਰਥੀ**

ਇਹ ਫ਼ਰਵਰੀ ਦੇ ਤੀਜੇ ਹਫ਼ਤੇ ਦੀ ਘਟਨਾ ਹੈ। ਬਚਪਨ ਬਚਾਓ ਅੰਦੋਲਨ ਵਲੋਂ ਦਿੱਲੀ ਦੇ ਸੀਲਮਪੁਰ ਦੀ ਇਕ ਜੀਨਸ ਫੈਕਟਰੀ ਵਿੱਚ ਬੰਧਕ ਬਣਾ ਕੇ 26 ਬੱਚਿਆਂ ਜਿਨ੍ਹਾਂ ਤੋਂ ਕਈ ਸਾਲਾਂ ਤੋਂ ਕੰਮ ਕਰਵਾਇਆ ਜਾ ਰਿਹਾ ਸੀ, ਨੂੰ ਮੁਕਤ ਕਰਵਾ ਕੇ ਮੁਕਤੀ ਆਸ਼ਰਮ ਲਿਆਂਦਾ ਗਿਆ ਸੀ। ਮੁਕਤੀ ਆਸ਼ਰਮ ਬਚਪਨ ਬਚਾਓ ਅੰਦੋਲਨ ਰਾਹੀਂ ਸੰਚਾਲਤ ਬਾਲ ਮਜ਼ਦੂਰੀ ਤੋਂ ਮੁਕਤ ਹੋਏ ਬੱਚਿਆਂ ਦਾ ਮੁੜ-ਵਸੇਬਾ ਕੇਂਦਰ ਹੈ। ਇਨ੍ਹਾਂ ਬੱਚਿਆਂ ਦੀ ਉਮਰ 8 ਤੋਂ 13 ਸਾਲ ਦੇ ਵਿਚਕਾਰ ਸੀ। ਗੁਲਾਮੀ ਦੇ ਸ਼ਿਕਾਰ ਇਹ ਸਾਰੇ ਬੱਚੇ ਬਿਹਾਰ ਦੇ ਮੋਤੀਹਾਰੀ ਜ਼ਿਲ੍ਹੇ ਦੇ ਰਹਿਣ ਵਾਲੇ ਸਨ ਸਾਰੇ ਬੱਚੇ ਡਰੇ ਅਤੇ ਸਹਿਮੇ ਹੋਏ ਸਨ ਉਨ੍ਹਾਂ ਦੀ ਹਾਲਤ ਵੇਖ ਕੇ ਕਿਸੇ ਦੇ ਵੀ ਰੌਂਗਟੇ ਖੜੇ ਹੋ ਜਾਣ। ਉਨ੍ਹਾਂ ਦੀ ਦਰਦਮਈ ਕਹਾਣੀ ਸੁਣ ਕੇ ਮੈਨੂੰ ਲਗਿਆ ਕਿ ਕੀ ਅਸੀਂ ਕਿਸੇ ਸਭਿਆ ਅਤੇ ਸੰਵੇਦਨਸ਼ੀਲ ਸਮਾਜ ਵਿੱਚ ਰਹਿੰਦੇ ਹਾਂ? ਇਨ੍ਹਾਂ ਵਿੱਚੋਂ ਕਈ ਬੱਚਿਆਂ ਨੇ ਤਾਂ 3-4 ਸਾਲ ਤੋਂ ਸੂਰਜ ਵੀ ਨਹੀਂ ਦੇਖਿਆ ਸੀ। ਕਿਉਂਕਿ ਉਨ੍ਹਾਂ ਨੂੰ ਇਕ ਕਮਰੇ ਵਿੱਚ ਬੰਦ ਕਰਕੇ ਕੰਮ ਕਰਵਾਇਆ ਜਾਂਦਾ ਸੀ। ਇਸ ਲਈ ਇਹ ਬੱਚੇ ਸਿਰਫ ਬਲਬ ਦੀ ਰੌਸ਼ਨੀ ਨੂੰ ਹੀ ਪਛਾਣ ਸਕ ਰਹੇ ਸਨ। ਮੁਕਤ ਹੋਣ ਤੋਂ ਬਾਅਦ ਉਨ੍ਹਾਂ ਦੀਆਂ ਅੱਖਾਂ ਸੂਰਜੀ ਕਿਰਣਾਂ ਨੂੰ ਬਰਦਾਸ਼ਤ ਨਹੀਂ ਕਰ ਸਕ ਰਹੀਆਂ ਸਨ। ਇਨ੍ਹਾਂ ਬੱਚਿਆਂ ਤੋਂ ਰੋਜ਼ਾਨਾ 20-22 ਘੰਟੇ ਕੰਮ ਕਰਵਾਇਆ ਜਾਂਦਾ ਸੀ। ਤੁਹਾਨੂੰ ਸੁਣਨ ਵਿੱਚ ਇਹ ਅਤਿਕਥਨੀ ਲਗੇਗੀ ਕਿ ਥੱਕਣ ਤੋਂ ਬਾਅਦ ਕੰਮ ਨਾ ਕਰ ਸਕਣ ਦੀ ਹਾਲਤ ਵਿੱਚ ਫੈਕਟਰੀ ਮਾਲਕ ਬੱਚਿਆਂ ਨੂੰ ਬਿਜਲੀ ਦੇ ਕਰੰਟ ਦੇ ਝਟਕੇ ਦਿੰਦਾ ਅਤੇ ਉਂਗਲੀਆਂ ਅਤੇ ਛਾਤੀ ਉਤੇ ਹਥੌੜਿਆਂ ਨਾਲ ਮਾਰਦਾ। ਇਕ ਬੱਚੇ ਦੇ ਸੀਨੇ ਉਤੇ ਹਥੌੜੇ ਦੀ ਸੱਟ ਇੰਨੀ ਡੂੰਘੀ ਸੀ ਕਿ ਉਥੇ ਹਥੌੜੇ ਦਾ ਨਿਸ਼ਾਨ ਹੀ ਛਪ ਗਿਆ ਸੀ।

ਇਹ ਘਟਨਾ 21ਵੀਂ ਸਦੀ ਦੀ ਹੈ। ਤਕਨੀਕਾਂ ਨਾਲ ਲੈਸ ਉਸ ਆਧੁਨਿਕ ਯੁਗ ਦੀ ਇਹ ਘਟਨਾ ਹੈ ਜਿਥੇ ਅਸੀਂ ਹਰ 'ਨਾਮੁਮਕਿਨ' ਉਤੇ ਜਿੱਤ ਹਾਸਲ ਕਰਕੇ ਉਸ ਨੂੰ ਮੁਮਕਿਨ/ਸੰਭਵ ਵਿੱਚ ਤਬਦੀਲ ਕਰਨ ਵਿੱਚ ਜੁਟੇ ਹੋਏ ਹਾਂ, ਪਰ ਮਨੁੱਖਤਾ ਦੇ ਚਿਹਰੇ ਉਤੇ ਲੱਗੇ ਬਾਲ ਮਜ਼ਦੂਰੀ ਦੇ ਕਾਲੇ ਧੱਬੇ/ਕਲੰਕ ਨੂੰ ਅਸੀਂ ਨਹੀਂ ਮਿਟਾ ਪਾ ਰਹੇ। ਗ਼ੈਰ ਸਰਕਾਰੀ ਅੰਕੜਿਆਂ ਅਨੁਸਾਰ ਦੁਨੀਆਂ ਵਿੱਚ ਲਗਭਗ 16.8 ਕਰੋੜ ਬੱਚੇ ਅੱਜ ਵੀ ਬਾਲ ਮਜ਼ਦੂਰੀ ਵਿੱਚ ਗ੍ਰਸਤ ਹਨ। ਇਹ ਗਿਣਤੀ ਦੁਨੀਆਂ ਦੀ 5 ਤੋਂ 7 ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀ 10 ਪ੍ਰਤਿਸ਼ਤ ਆਬਾਦੀ ਦੇ ਬਰਾਬਰ ਹੈ। ਕੁੱਲ ਬਾਲ ਮਜ਼ਦੂਰੀ ਵਿੱਚੋਂ 55 ਲੱਖ ਬੱਚੇ ਅਜਿਹੇ ਹਨ ਜਿਹੜੇ ਜੀਂਸ ਦੀ ਫੈਕਟਰੀ ਵਿੱਚ ਕੰਮ ਕਰਨ ਵਾਲੇ ਬੱਚਿਆਂ ਵਾਂਗ ਹੀ ਗੁਲਾਮੀ ਦਾ ਜੀਵਨ ਜੀ ਰਹੇ ਹਨ। ਦੁਨੀਆਂ ਦਾ ਇਕ ਹਿੱਸਾ ਜੰਗ ਅਤੇ ਹਿੰਸਾ ਦੀ ਚਪੇਟ ਵਿੱਚ ਹੈ। ਅਜਿਹੇ ਜੰਗ ਪ੍ਰਭਾਵਤ ਇਲਾਕਿਆਂ ਦੇ ਲਗਭਗ 56 ਲੱਖ ਬੱਚੇ ਭਿਆਨਕ ਹਾਲਤ ਵਿੱਚ ਆਪਣਾ ਜੀਵਨ ਗੁਜਰ ਰਹੇ ਹਨ। ਭਾਰਤ ਸਰਕਾਰ ਦੀ 2011 ਦੀ ਜਨਗਣਨਾ ਰਿਪੋਰਟ ਦੇ ਅਨੁਸਾਰ ਦੇਸ਼ ਵਿੱਚ 43.5 ਲੱਖ ਬਾਲ ਮਜ਼ਦੂਰ ਹਨ ਜਦਕਿ ਗ਼ੈਰ ਸਰਕਾਰੀ ਆਂਕੜਿਆਂ ਅਨੁਸਾਰ ਭਾਰਤ ਵਿੱਚ ਲਗਭਗ 5 ਕਰੋੜ ਬੱਚਿਆਂ ਤੋਂ ਬਾਲ ਮਜ਼ਦੂਰੀ ਕਰਵਾਈ ਜਾਂਦੀ ਹੈ। ਭਾਰਤ ਇਕ ਅਜਿਹਾ ਦੇਸ਼ ਹੈ ਜਿਥੇ ਦੁਨੀਆਂ ਦੇ ਸਭ ਤੋਂ ਵੱਧ ਬਾਲ ਮਜ਼ਦੂਰ ਰਹਿੰਦੇ ਹਨ। ਯੂਨੀਸੈਫ ਦੀ ਇਕ ਤਾਜ਼ਾ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਦੁਨੀਆਂ ਦੇ ਲਗਭਗ 12 ਪ੍ਰਤਿਸ਼ਤ ਬਾਲ ਮਜ਼ਦੂਰ ਰਹਿੰਦੇ ਹਨ। ਇਹ ਚਿੰਤਾਜਨਕ ਆਂਕੜਾ ਹੈ।

**ਲੋਕਾਂ ਦੇ ਮਨ ਵਿੱਚ ਇਹ ਭਰਮ ਹੈ ਕਿ ਗਰੀਬੀ ਦੀ ਵਜਾਹ ਕਰਕੇ ਬਾਲ ਮਜ਼ਦੂਰੀ ਹੁੰਦੀ ਹੈ। ਤਰਕ ਦਿੱਤਾ ਜਾਂਦਾ ਹੈ ਕਿ ਦੇਸ਼ ਵਿੱਚ ਇੰਨੀ ਗਰੀਬੀ ਹੈ ਕਿ ਗਰੀਬ ਦਾ ਬੱਚਾ ਕੰਮ ਨਹੀਂ ਕਰੇਗਾ ਤਾਂ ਭੁੱਖਾ ਮਰ ਜਾਵੇਗਾ। ਪਰ, ਹਕੀਕਤ ਇਹ ਹੈ ਕਿ ਬਾਲ ਮਜ਼ਦੂਰੀ ਦੀ ਵਜਾਹ ਕਰਕੇ ਹੀ ਗਰੀਬੀ ਹੈ। ਦੁਨੀਆਂ ਦੇ ਸਾਰੇ ਅਧਿਐਨਾਂ ਤੋਂ ਇਹ ਸਾਬਤ ਹੋ ਚੁੱਕਾ ਹੈ ਕਿ ਬਾਲ ਮਜ਼ਦੂਰੀ ਨਾਲ ਗਰੀਬੀ ਵੱਧਦੀ ਹੈ। ਦੁਨੀਆਂ ਦੇ ਕਈ ਦੇਸ਼ਾਂ ਵਿੱਚ ਗ਼ੈਰ ਸਰਕਾਰੀ ਅਧਿਐਨਾਂ ਤੋਂ ਇਹ ਗੱਲ ਨਿਕਲ ਕੇ ਆਈ ਹੈ ਕਿ ਬਾਲ ਮਜ਼ਦੂਰੀ ਕਰਨ ਵਾਲੇ ਬੱਚੇ ਬੇਰੋਜ਼ਗਾਰ ਕਿਰਤੀਆਂ ਦੀ ਹੀ ਸੰਤਾਨ ਹੁੰਦੇ ਹਨ। ਬੇਰੋਜ਼ਗਾਰੀ ਅਤੇ ਬਾਲ ਮਜ਼ਦੂਰੀ ਵਿੱਚ ਇਕ ਗਹਿਰਾ ਰਿਸ਼ਤਾ ਹੈ।**

ਮੈਨੂੰ ਯਾਦ ਹੈ 36 ਸਾਲ ਪਹਿਲਾਂ ਜਦੋਂ ਅਸੀਂ ਇਹ ਨਾਅਰਾ ਲਗਾਉਂਦੇ ਸੀ "ਰੋਟੀ, ਖੇਡ, ਪੜ੍ਹਾਈ, ਪਿਆਰ ਹਰ ਬੱਚੇ ਦਾ ਹੈ ਅਧਿਕਾਰ" ਉਦੋਂ ਦੇਸ਼ ਵਿੱਚ ਬੱਚਿਆਂ ਦੇ ਅਧਿਕਾਰਾਂ ਉਤੇ ਕੋਈ ਚਰਚਾ ਨਹੀਂ ਹੁੰਦੀ ਸੀ। ਬਚਪਨ ਬਚਾਓ ਅੰਦੋਲਨ ਦੀ ਸਥਾਪਨਾ ਦੇ ਲਗਭਗ 6 ਸਾਲ ਬਾਅਦ ਦੇਸ਼ ਵਿੱਚ ਬਾਲ ਮਜ਼ਦੂਰਾਂ ਨੂੰ ਲੈ ਕੇ ਪਹਿਲਾ ਕਾਨੂੰਨ ਬਾਲ ਮਜ਼ਦੂਰੀ (ਰੋਕ ਅਤੇ ਨਿਯਮਨ) ਕਾਨੂੰਨ 1986 ਬਣਿਆ ਸੀ। ਇਨ੍ਹਾਂ ਸਾਡੇ ਤਿੰਨ ਦਹਾਕਿਆਂ ਵਿੱਚ ਬਾਲ ਮਜ਼ਦੂਰੀ ਖਤਮ ਕਰਨ ਅਤੇ ਬੱਚਿਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਲਈ ਕਾਨੂੰਨ ਬਣੇ ਹਨ। ਸਰਕਾਰੀ ਪੱਧਰ ਉਤੇ ਵੀ ਉਪਰਾਲੇ ਹੋਏ ਹਨ।

ਮੌਜੂਦਾ ਕੇਂਦਰ ਸਰਕਾਰ ਨੇ ਇਕ ਇਤਿਹਾਸਕ ਕਦਮ ਚੁੱਕਦਿਆਂ ਦੇਸ਼ ਵਿੱਚ ਬਾਲ ਮਜ਼ਦੂਰੀ ਉਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਹੈ। ਹਾਲਾਂਕਿ ਨਵੇਂ ਕਾਨੂੰਨ ਵਿੱਚ ਕਈ ਖਾਮੀਆਂ ਵੀ ਹਨ ਜਿਨ੍ਹਾਂ ਨੂੰ ਦੂਰ ਕਰਕੇ ਇਸ ਨੂੰ ਹੋਰ ਅਸਰਦਾਰ ਬਣਾਇਆ ਜਾ ਸਕਦਾ ਹੈ।

ਨਵਾਂ ਬਣਿਆ ਬਾਲ ਮਜ਼ਦੂਰੀ ਦੀ ਰੋਕਥਾਮ ਬਾਰੇ ਕਾਨੂੰਨ 2016 ਅਸਲ ਵਿੱਚ 1986 ਵਿੱਚ ਬਣਾਏ ਗਏ ਬਾਲ ਮਜ਼ਦੂਰੀ ਬਾਰੇ ਕਾਨੂੰਨ ਦਾ ਹੀ ਸੋਧਿਆ ਹੋਇਆ ਰੂਪ ਹੈ। ਨਵੇਂ ਕਾਨੂੰਨ ਵਿੱਚ ਸਰਕਾਰ ਨੇ ਬਾਲ ਮਜ਼ਦੂਰੀ ਦੇ ਲਈ ਪਾਬੰਦੀਸ਼ੁਦਾ ਖ਼ਤਰਨਾਕ ਸੱਨਅਤਾਂ ਦੀ ਸੂਚੀ 83 ਤੋਂ ਘਟਾ ਕੇ ਸਿਰਫ ਤਿੰਨ ਕਰ ਦਿੱਤੀ ਹੈ। ਨਾਲ ਹੀ ਬੱਚਿਆਂ ਨੂੰ ਪਰਿਵਾਰਕ ਉੱਦਮਾਂ (ਫੈਮਲੀ ਐਂਟਰਪ੍ਰਾਈਜ਼ਿਜ਼) ਵਿੱਚ ਕੰਮ ਕਰਨ ਦੀ ਇਜਾਜ਼ਤ ਵੀ ਦੇ ਦਿੱਤੀ ਹੈ। ਪਹਿਲੀ ਵਾਰ ਪਕੜ ਵਿੱਚ ਆਏ ਬਾਲ ਮਜ਼ਦੂਰੀ ਅਪਰਾਧ ਨੂੰ 'ਕੰਪਾਊਂਡੇਬਲ ਆਫੇਂਸ' ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਨਵੇਂ ਕਾਨੂੰਨ ਵਿੱਚ ਬਾਲ ਮਜ਼ਦੂਰੀ ਉਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੇ ਨਾਲ ਹੀ ਛੋਟ ਦੇ ਦਿੱਤੀ ਗਈ ਕਿ 14 ਸਾਲ ਤੱਕ ਦੇ ਬੱਚੇ ਪੜ੍ਹਾਈ ਦੇ ਨਾਲ-ਨਾਲ ਪਰਿਵਾਰਕ ਉੱਦਮਾਂ ਵਿੱਚ ਕੰਮ ਕਰ ਸਕਦੇ ਹਨ। ਨਵੇਂ ਕਾਨੂੰਨ ਦੇ ਅਨੁਸਾਰ ਬੱਚੇ ਦੇ ਮਾਤਾ-ਪਿਤਾ ਤੋਂ ਇਲਾਵਾ ਚਾਚਾ, ਤਾਇਆ, ਮਾਮਾ, ਭੂਆ, ਮਾਸੀ ਆਦਿ ਸਾਰੇ ਪਰਿਵਾਰ ਦਾ ਹਿੱਸਾ ਮੰਨੇ ਜਾਣਗੇ। ਯਾਨਿ ਕਿ ਇਨ੍ਹਾਂ ਵਿੱਚੋਂ ਕੋਈ ਵੀ ਬੱਚੇ ਤੋਂ ਮਜ਼ਦੂਰੀ ਕਰਵਾਏ ਤਾਂ ਉਹ ਗ਼ੈਰ-ਕਾਨੂੰਨੀ ਨਹੀਂ ਹੈ। ਗੜਬੜੀ ਇਥੇ ਹੀ ਹੈ। ਪਰਿਵਾਰ ਦਾ ਦਾਇਰਾ ਮਾਤਾ-ਪਿਤਾ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ।

ਸਾਡਾ ਤਜਰਬਾ ਹੈ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਰਿਸ਼ਤੇਦਾਰ ਹੀ ਬੱਚਿਆਂ ਤੋਂ ਮਜ਼ਦੂਰੀ ਕਰਵਾਉਂਦੇ ਹਨ। ਨਵੇਂ ਕਾਨੂੰਨ ਵਿੱਚ ਪਹਿਲੀ ਵਾਰ ਰੌਸ਼ਨੀ ਵਿੱਚ ਆਉਣ ਵਾਲੀ ਬਾਲ ਮਜ਼ਦੂਰੀ ਨੂੰ 'ਕੰਪਾਊਂਡੇਬਲ ਆਫੈਂਸ' ਯਾਨੀ ਮਾਫੀ ਯੋਗ ਅਪਰਾਧ ਦੀ ਸ਼੍ਰੇਣੀ ਵਿੱਚ ਵੀ ਲਿਆ ਦਿੱਤਾ ਗਿਆ ਹੈ। ਇਸ ਨਾਲ ਡਵੀਜ਼ਨਲ ਮੈਜੀਸਟ੍ਰੇਟ ਨੂੰ ਇਹ ਅਧਿਕਾਰ ਮਿਲ ਗਿਆ ਹੈ ਕਿ ਉਹ ਬਾਲ ਮਜ਼ਦੂਰੀ ਕਰਵਾਉਣ ਵਾਲੇ ਨੂੰ ਪਹਿਲੀ ਵਾਰ ਫੜੇ ਜਾਣ ਉਤੇ ਸਿਰਫ ਜੁਰਮਾਨਾ ਲਗਾ ਕੇ ਵੀ ਛੱਡ ਸਕਦਾ ਹੈ। ਹੁਣ ਅਜਿਹੇ ਵਿੱਚ ਦੋਸ਼ੀਆਂ ਨੂੰ ਸਜ਼ਾ ਕਿਵੇਂ ਮਿਲ ਸਕੇਗੀ? ਅਸੀਂ ਆਪਣੀਆਂ ਇਨ੍ਹਾਂ ਚਿੰਤਾਵਾਂ ਬਾਰੇ ਸਰਕਾਰ ਨੂੰ ਜਾਣੂ ਕਰਵਾਇਆ। ਚੰਗੀ ਗੱਲ ਇਹ ਹੈ ਕਿ ਸਰਕਾਰ ਨੇ ਸਾਡੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਕਾਨੂੰਨ ਨੂੰ ਲਾਗੂ ਕਰਨ ਦੇ ਲਈ ਬਣਾਏ ਜਾ ਰਹੇ ਨਿਯਮਾਂ ਵਿੱਚ ਸੁਧਾਰ ਕਰਕੇ ਇਸ ਨੂੰ ਠੀਕ ਕਰਨ ਦਾ ਭਰੋਸਾ ਵੀ ਦਿੱਤਾ ਗਿਆ ਹੈ।

ਇਸ ਦੇ ਬਾਵਜੂਦ ਮੌਜੂਦਾ ਸਰਕਾਰ ਨੇ ਬੱਚਿਆਂ ਦੀ ਦੇਖਭਾਲ ਅਤੇ ਰਾਖੀ ਬਾਰੇ ਕਾਨੂੰਨ 2015 ਦਾ ਨਿਰਮਾਣ ਕਰਕੇ ਬੱਚਿਆਂ ਦਾ ਬਜਟ ਵਧਾ ਕੇ ਅਤੇ ਮਗਨਰੇਗਾ ਵਰਗੀਆਂ ਯੋਜਨਾਵਾਂ ਦਾ ਪਸਾਰ ਕਰਕੇ ਬਾਲ ਮਜ਼ਦੂਰੀ ਉਤੇ ਰੋਕ ਲਗਾਉਣ ਅਤੇ ਬੱਚਿਆਂ ਦੀ ਰਾਖੀ ਅਤੇ ਸੰਭਾਲ ਦੀ ਦਿਸ਼ਾ ਵਿੱਚ ਸਾਰਥਕ ਯਤਨ ਕੀਤਾ ਹੈ। ਵੱਖ-ਵੱਖ ਮੰਤਰਾਲਿਆਂ ਵਲੋਂ ਬੱਚਿਆਂ ਉਤੇ ਖਰਚ ਹੋਣ ਵਾਲੀ ਕੁੱਲ ਰਕਮ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ 8 ਪ੍ਰਤਿਸ਼ਤ ਦਾ ਵਾਧਾ ਕੀਤਾ ਗਿਆ ਹੈ, ਪਰ ਦੇਸ਼ ਵਿੱਚ ਬੱਚਿਆਂ ਦੀ ਗਿਣਤੀ ਦੇ ਹਿਸਾਬ ਨੂੰ ਇਸ ਵਿੱਚ ਹੋਰ ਵਾਧੇ ਦੀ ਲੋੜ ਹੈ। ਭਾਰਤ ਦੀ ਜਨਗਣਨਾ 2011 ਦੇ ਮੁਤਾਬਕ ਦੇਸ਼ ਵਿੱਚ ਬੱਚਿਆਂ ਦੀ ਅਬਾਦੀ (18 ਸਾਲ ਤੋਂ ਘੱਟ ਉਮਰ) ਲਗਭਗ 39 ਪ੍ਰਤਿਸ਼ਤ ਹੈ। ਪਰ ਕੇਂਦਰੀ ਬਜਟ ਦਾ ਸਿਰਫ 3.3 ਪ੍ਰਤਿਸ਼ਤ ਹਿੱਸਾ ਹੀ ਉਨ੍ਹਾਂ ਦੀ ਸਿੱਖਿਆ, ਸਿਹਤ ਅਤੇ ਸੁਰੱਖਿਆ ਉਤੇ ਖਰਚ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਾਲੇ ਧਨ ਉਤੇ ਸ਼ਿਕੰਜਾ ਕੱਸਣ ਦੇ ਲਈ ਸਰਕਾਰ ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਨਾਲ ਬੱਚਿਆਂ ਨਾਲ ਮਾੜੇ ਵਤੀਰੇ ਉਤੇ ਅਸਥਾਈ ਤੌਰ ਤੇ ਹੀ ਕੁੱਝ ਹੱਦ ਤੱਕ ਲਗਾਮ ਲਗੀ ਹੈ ਪਰ ਇਸ ਉਤੇ ਸਥਾਈ ਤੌਰ ਤੇ ਠੱਲ੍ਹ ਉਦੋਂ ਹੀ ਪਾਈ ਜਾ ਸਕਦੀ ਹੈ ਜਦੋਂ ਅਪਰਾਧ ਦੇ ਪੂਰੇ ਤੰਤਰ ਉਤੇ ਸੱਟ ਮਾਰੀ ਜਾਵੇ। ਅਸੀਂ ਸਾਰੇ ਜਾਣਦੇ ਹਾਂ ਕਿ ਬਾਲ ਮਜ਼ਦੂਰੀ ਅਤੇ ਵੇਸਵਾਗਮਨੀ ਦੇ ਲਈ ਬੱਚਿਆਂ ਦੀ ਖਰੀਦੋਫਰੋਖ਼ਤ ਦਾ ਸਾਰਾ ਵਪਾਰ ਕਾਲੇ ਧਨ ਵਿੱਚ ਹੀ ਹੁੰਦਾ ਹੈ।

**ਇਸ ਦੇ ਬਾਵਜੂਦ ਮੌਜੂਦਾ ਸਰਕਾਰ ਨੇ ਬੱਚਿਆਂ ਦੀ ਦੇਖਭਾਲ ਅਤੇ ਰਾਖੀ ਬਾਰੇ ਕਾਨੂੰਨ 2015 ਦਾ ਨਿਰਮਾਣ ਕਰਕੇ ਬੱਚਿਆਂ ਦਾ ਬਜਟ ਵਧਾ ਕੇ ਅਤੇ ਮਗਨਰੇਗਾ ਵਰਗੀਆਂ ਯੋਜਨਾਵਾਂ ਦਾ ਪਸਾਰ ਕਰਕੇ ਬਾਲ ਮਜ਼ਦੂਰੀ ਉਤੇ ਰੋਕ ਲਗਾਉਣ ਅਤੇ ਬੱਚਿਆਂ ਦੀ ਰਾਖੀ ਅਤੇ ਸੰਭਾਲ ਦੀ ਦਿਸ਼ਾ ਵਿੱਚ ਸਾਰਥਕ ਯਤਨ ਕੀਤਾ ਹੈ। ਵੱਖ-ਵੱਖ ਮੰਤਰਾਲਿਆਂ ਵਲੋਂ ਬੱਚਿਆਂ ਉਤੇ ਖਰਚ ਹੋਣ ਵਾਲੀ ਕੁੱਲ ਰਕਮ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ 8 ਪ੍ਰਤਿਸ਼ਤ ਦਾ ਵਾਧਾ ਕੀਤਾ ਗਿਆ ਹੈ, ਪਰ ਦੇਸ਼ ਵਿੱਚ ਬੱਚਿਆਂ ਦੀ ਗਿਣਤੀ ਦੇ ਹਿਸਾਬ ਨਾਲ ਇਸ ਵਿੱਚ ਹੋਰ ਵਾਧੇ ਦੀ ਲੋੜ ਹੈ।**

ਅਖੀਰ ਬੱਚੇ ਹੀ ਤਾਂ ਦੇਸ਼ ਦਾ ਭਵਿੱਖ ਹਨ। ਮੈਂ ਬਾਰ-ਬਾਰ ਕਹਿੰਦਾ ਰਿਹਾ ਹਾਂ ਕਿ ਬੱਚਿਆਂ ਦੇ ਵਿਕਾਸ ਦੇ ਬਿਨਾਂ ਕਿਸੇ ਵੀ ਦੇਸ਼ ਦਾ ਲੰਬੇ ਸਮੇਂ ਦਾ ਅਤੇ ਟਿਕਾਊ/ਸਥਿਰ ਵਿਕਾਸ ਨਹੀਂ ਹੋ ਸਕਦਾ। ਸੁਰੱਖਿਅਤ ਬਚਪਨ ਨਾਲ ਹੀ ਮਜ਼ਬੂਤ ਭਾਰਤ ਦੀ ਉਸਾਰੀ ਹੋਵੇਗੀ। ਸੁਰੱਖਿਅਤ ਅਤੇ ਖ਼ੁਸ਼ਹਾਲ ਬਚਪਨ ਦੇ ਲਈ ਹਰ ਬੱਚੇ ਨੂੰ ਸਿੱਖਿਆ, ਸਿਹਤ ਅਤੇ ਸੁਰੱਖਿਆ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਬਾਲ ਮਜ਼ਦੂਰੀ ਦੇ ਸਰਾਪ ਤੋਂ ਕੱਢ ਕੇ ਸਾਰੇ ਬੱਚਿਆਂ ਨੂੰ ਸਿੱਖਿਅਤ ਕਰਨਾ ਹੋਵੇਗਾ। ਕੇਂਦਰ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਉਤੇ ਜ਼ੋਰ ਦੇ ਰਹੀ ਹੈ। ਵਿੱਤ ਮੰਤਰੀ ਨੇ ਪੰਜ ਸਾਲਾਂ ਵਿੱਚ ਕਿਸਾਨਾਂ ਦੀ ਆਮਦਨ ਵਿੱਚ ਦੁਗਣਾ ਵਾਧਾ ਕਰਨ ਦਾ ਐਲਾਨ ਕੀਤਾ ਹੈ। ਇਹ ਇਕ ਚੰਗਾ ਉਪਰਾਲਾ ਹੈ।

ਕਿਸਾਨਾਂ ਦੀ ਆਮਦਨ ਵਧਣ ਨਾਲ ਉਹ ਬਾਲ ਮਜ਼ਦੂਰੀ ਕਰਵਾਉਣ ਦੀ ਬਜਾਏ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਸਕਣਗੇ। ਖੇਤੀ ਖੇਤਰ ਵਿੱਚ ਹੀ ਸਭ ਤੋਂ ਵੱਧ ਬਾਲ ਮਜ਼ਦੂਰੀ ਹੈ। ਜ਼ਿਆਦਾਤਰ ਛੋਟੇ ਕਿਸਾਨ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦੀ ਬਜਾਏ ਆਪਣੇ ਜਾਂ ਕਿਸੇ ਹੋਰ ਦੇ ਖੇਤਾਂ ਵਿੱਚ ਬਾਲ ਮਜ਼ਦੂਰੀ ਕਰਵਾਉਂਦੇ ਹਨ। ਆਮਦਨ ਵਧਣ ਨਾਲ ਇਹ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾ ਸਕਣਗੇ। ਮਨਰੇਗਾ ਨਾਲ ਵੀ ਦੇਸ਼ ਵਿੱਚ ਬਾਲ ਮਜ਼ਦੂਰੀ ਘਟ ਹੋਵੇਗੀ। ਕੇਂਦਰ ਸਰਕਾਰ ਨੇ ਇਕ ਪ੍ਰਸ਼ੰਸਾਯੋਗ

ਕਦਮ ਚੁੱਕਦਿਆਂ ਮਨਰੇਗਾ ਬਜਟ ਨੂੰ 38,500 ਕਰੋੜ ਰੁਪਏ ਤੋਂ ਵਧਾ ਕੇ 48,000 ਕਰੋੜ ਰੁਪਏ ਕਰ ਦਿੱਤਾ ਹੈ। ਇਹ ਮਨਰੇਗਾ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਬਜਟ ਹੈ। ਇਸ ਨਾਲ ਗਰੀਬਾਂ ਨੂੰ ਵੱਡੀ ਪੱਧਰ ਉਤੇ ਰੋਜ਼ਗਾਰ ਮਿਲੇਗਾ। ਜ਼ਿਆਦਾਤਰ ਬੇਰੋਜ਼ਗਾਰ ਲੋਕ ਹੀ ਤਾਂ ਆਪਣੇ ਬੱਚਿਆਂ ਨੂੰ ਬਾਲ ਮਜ਼ਦੂਰ ਬਣਾਉਂਦੇ ਹਨ। ਬੇਰੋਜ਼ਗਾਰੀ ਦੀ ਹਾਲਤ ਵਿੱਚ ਉਹ ਆਪਣੇ ਬੱਚਿਆਂ ਨੂੰ ਸਕੂਲ ਦੀ ਬਜਾਏ ਕੰਮ ਉਤੇ ਭੇਜ ਦਿੰਦੇ ਹਨ। ਸਰਕਾਰ ਦੇ ਇਸ ਕਦਮ ਨਾਲ ਸਕੂਲ ਛੱਡਣ ਵਾਲੇ (ਡਰਾਪ ਆਊਟ) ਬੱਚਿਆਂ ਦੀ ਗਿਣਤੀ ਵਿੱਚ ਕਮੀ ਆ ਸਕਦੀ ਹੈ। ਭਾਰਤ ਵਿੱਚ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਹੋਣ ਦੇ ਬਾਵਜੂਦ 6 ਤੋਂ 14 ਸਾਲ ਤੱਕ ਦੇ 4.27 ਕਰੋੜ ਬੱਚੇ ਅਜੇ ਵੀ ਸਕੂਲ ਤੋਂ ਬਾਹਰ ਹਨ।

ਇਥੇ ਮੈਂ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਚਾਹਵਾਂਗਾ ਜੋ ਬਹੁਤ ਜ਼ਿਆਦਾ ਮਹੱਤਵਪੂਰਨ ਹੈ। ਲੋਕਾਂ ਦੇ ਮਨ ਵਿੱਚ ਇਹ ਭਰਮ ਹੈ ਕਿ ਗਰੀਬੀ ਦੇ ਕਾਰਨ ਬਾਲ ਮਜ਼ਦੂਰੀ ਹੁੰਦੀ ਹੈ। ਇਹ ਤਰਕ ਦਿੱਤਾ ਜਾਂਦਾ ਹੈ ਕਿ ਦੇਸ਼ ਵਿੱਚ ਇੰਨੀ ਗਰੀਬੀ ਹੈ ਕਿ ਗਰੀਬ ਦਾ ਬੱਚਾ ਜੇਕਰ ਕੰਮ ਨਹੀਂ ਕਰੇਗਾ ਤਾਂ ਭੁੱਖਾ ਮਰ ਜਾਵੇਗਾ। ਪਰ ਹਕੀਕਤ ਇਹ ਹੈ ਕਿ ਬਾਲ ਮਜ਼ਦੂਰੀ ਦੇ ਕਾਰਨ ਹੀ ਗਰੀਬੀ ਹੈ। ਦੁਨੀਆਂ ਦੇ ਸਾਰੇ ਅਧਿਐਨਾਂ ਤੋਂ ਇਹ ਸਾਬਤ ਹੋ ਚੁੱਕਿਆ ਹੈ ਕਿ ਬਾਲ ਮਜ਼ਦੂਰੀ ਕਾਰਨ ਗਰੀਬੀ ਵਧਦੀ ਹੈ। ਦੁਨੀਆਂ ਦੇ ਕਈ ਦੇਸ਼ਾਂ ਵਿੱਚ ਗ਼ੈਰ-ਸਰਕਾਰੀ ਅਧਿਐਨਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਬਾਲ ਮਜ਼ਦੂਰੀ ਕਰਨ ਵਾਲੇ ਬੱਚੇ ਬੇਰੁਜ਼ਗਾਰ ਲੋਕਾਂ ਦੀ ਹੀ ਸੰਤਾਨ ਹੁੰਦੀ ਹੈ। ਬੇਰੁਜ਼ਗਾਰੀ ਅਤੇ ਬਾਲ ਮਜ਼ਦੂਰੀ ਵਿੱਚ ਇਕ ਡੂੰਘਾ ਰਿਸ਼ਤਾ ਹੈ। ਇਸ ਦੇ ਆਪਸੀ ਸੰਬੰਧਾਂ ਨੂੰ ਸਮਝਣ ਲਈ ਜ਼ਰਾ ਬਾਲ ਮਜ਼ਦੂਰੀ ਅਤੇ ਬੇਰੋਜ਼ਗਾਰੀ ਦੇ ਆਂਕੜਿਆਂ ਉਤੇ ਗੌਰ ਕਰਦੇ ਹਾਂ। ਦੁਨੀਆਂ ਦੇ ਲਗਭਗ 16.8 ਕਰੋੜ ਬੱਚੇ ਬਾਲ ਮਜ਼ਦੂਰੀ ਕਰਦੇ ਹਨ। ਜਦ ਕਿ ਬੇਰੋਜ਼ਗਾਰਾਂ ਦੀ ਗਿਣਤੀ ਲਗਭਗ 20 ਕਰੋੜ ਹੈ। ਇਸੇ ਤਰ੍ਹਾਂ ਭਾਰਤ ਵਿੱਚ ਗ਼ੈਰ ਸਰਕਾਰੀ ਆਂਕੜਿਆਂ ਅਨੁਸਾਰ ਲਗਭਗ 5 ਕਰੋੜ ਬਾਲ ਮਜ਼ਦੂਰ ਹਨ ਅਤੇ ਲਗਭਗ ਇੰਨੀ ਹੀ ਗਿਣਤੀ ਬੇਰੋਜ਼ਗਾਰਾਂ ਦੀ ਵੀ ਹੈ। ਬ੍ਰਾਜ਼ੀਲ, ਨਾਈਜੀਰੀਆ, ਮੈਕਸੀਕੋ ਅਤੇ ਫਲੀਪੀਨਜ਼ ਵਿੱਚ ਹੋਏ ਇਕ ਅਧਿਐਨ ਤੋਂ ਪਤਾ ਚਲਦਾ ਹੈ ਕਿ ਬਾਲ ਮਜ਼ਦੂਰ ਉਨ੍ਹਾਂ ਮਾਂ-ਬਾਪ ਦੀ ਹੀ ਔਲਾਦ ਹੁੰਦੇ ਹਨ ਜਿਨ੍ਹਾਂ ਨੂੰ ਸਾਲ ਵਿੱਚ 100 ਜਾਂ 100 ਤੋਂ ਵੱਧ ਦਿਨਾਂ ਤੱਕ ਰੋਜ਼ਗਾਰ ਨਹੀਂ ਮਿਲ ਸਕਦਾ। ਅਸਲ ਵਿੱਚ ਬੱਚੇ ਸਸਤੇ ਮਜ਼ਦੂਰ ਹੁੰਦੇ ਹਨ। ਵੱਡੇ ਮਜ਼ਦੂਰਾਂ ਦੇ ਮੁਕਾਬਲੇ ਇਨ੍ਹਾਂ ਨੂੰ ਬਹੁਤ ਘੱਟ ਜਾਂ ਨਾਂ ਦੇ ਬਰਾਬਰ ਮਜ਼ਦੂਰੀ ਦੀ ਰਕਮ ਦਿੱਤੀ ਜਾਂਦੀ ਹੈ।

ਬੱਚਿਆਂ ਤੋਂ 15-20 ਘੰਟੇ ਤੱਕ ਕੰਮ ਵੀ ਕਰਵਾਇਆ ਜਾ ਸਕਦਾ ਹੈ ਜਦ ਕਿ ਇਕ ਵੱਡਾ ਮਜ਼ਦੂਰ 8 ਘੰਟੇ ਤੋਂ ਵੱਧ ਕੰਮ ਕਰਨ ਤੇ ਓਵਰਟਾਈਮ ਅਤੇ ਦੂਜੀਆਂ ਸਹੂਲਤਾਂ ਦੀ ਮੰਗ ਕਰੇਗਾ। ਇਸ ਤਰ੍ਹਾਂ ਮਾਲਕ ਲਈ ਬਾਲ ਮਜ਼ਦੂਰ ਵਧੇਰੇ ਫਾਇਦੇ ਦਾ ਰਹਿੰਦਾ ਹੈ। ਇਸੇ ਲਾਲਚ ਵਿੱਚ ਉਹ ਬਾਲ ਮਜ਼ਦੂਰੀ ਨੂੰ ਸ਼ੈਅ ਦਿੰਦੇ ਹਨ। ਇਸ ਦੇ ਦੂਜੇ ਪੱਖ ਉਤੇ ਵਿਚਾਰ ਕਰੀਏ ਤਾਂ ਸਮਝ ਵਿੱਚ ਆਉਂਦਾ ਹੈ ਕਿ ਜੇਕਰ ਬਾਲ ਮਜ਼ਦੂਰੀ ਨਾ ਕਰਵਾਈ ਜਾਵੇ ਤਾਂ ਅਜਿਹੇ ਹਾਲਾਤ ਵਿੱਚ ਉਨ੍ਹਾਂ ਬੱਚਿਆ ਦੇ ਮਾਂ-ਬਾਪ ਨੂੰ ਹੀ ਰੋਜ਼ਗਾਰ ਮਿਲੇਗਾ। ਅਜਿਹੇ ਵਿੱਚ ਨਤੀਜਾ ਇਹ ਨਿਕਲਦਾ ਹੈ ਕਿ ਜੇਕਰ ਬਾਲ ਮਜ਼ਦੂਰੀ ਉਤੇ ਪੂਰੀ ਤਰ੍ਹਾਂ ਨਾਲ ਰੋਕ ਲਗਾ ਦਿੱਤੀ ਜਾਵੇ ਤਾਂ ਜ਼ਿਆਦਾਤਰ ਬੇਰੋਜ਼ਗਾਰ ਜਵਾਨਾਂ ਨੂੰ ਰੋਜ਼ਗਾਰ ਮਿਲ ਸਕਦਾ ਹੈ। ਅਜਿਹੀ ਸਥਿਤੀ ਵਿੱਚ ਬੱਚੇ ਕੰਮ ਦੀ ਬਜਾਏ ਪੜ੍ਹਾਈ ਕਰਨਗੇ ਅਤੇ ਭਵਿੱਖ ਵਿੱਚ ਇਕ ਚੰਗੇ ਨਾਗਰਿਕ ਵਜੋਂ ਤਿਆਰ ਹੋਣਗੇ। ਕਾਬਲ ਨੌਜਵਾਨ ਜੇਕਰ ਬੇਰੋਜ਼ਗਾਰ ਰਹਿਣਗੇ ਅਤੇ ਉਨ੍ਹਾਂ ਦੀ ਥਾਂ ਉਤੇ ਸਸਤੇ ਮਜ਼ਦੂਰਾਂ ਦੇ ਲਾਲਚ ਵਿੱਚ ਬੱਚਿਆਂ ਤੋਂ ਮਜ਼ਦੂਰੀ ਕਰਵਾਈ ਜਾਵੇਗੀ ਤਾਂ ਦੇਸ਼ ਦੇ ਆਰਥਿਕ ਵਿਕਾਸ ਵਿੱਚ ਅੜਚਨ ਦਾ ਮੁੱਖ ਕਾਰਨ ਹਮੇਸ਼ਾ ਬਾਲ ਮਜ਼ਦੂਰੀ ਬਣੀ ਰਹੇਗੀ।

ਜਿਵੇਂ ਮੈਂ ਕਿਹਾ ਹੈ ਕਿ ਬਾਲ ਮਜ਼ਦੂਰੀ ਦੇਸ਼ ਦੇ ਵਿਕਾਸ ਵਿੱਚ ਇਕ ਅੜਚਨ ਹੈ। ਇਸ ਲਈ ਦੇਸ਼ ਨੂੰ ਆਰਥਿਕ ਖੁਸ਼ਹਾਲੀ ਦੀ ਪਟੜੀ ਉਤੇ ਤੇਜ਼ੀ ਨਾਲ ਦੌੜਨ ਲਈ ਬਾਲ ਮਜ਼ਦੂਰੀ ਨੂੰ ਪੂਰੀ ਤਰ੍ਹਾਂ ਸਮਾਪਤ ਕਰਨਾ ਹੋਵੇਗਾ। ਇਸ ਦੇ ਲਈ ਅਸੀਂ ਬਾਲ ਮਿੱਤਰ ਸਮਾਜ ਦੀ ਇਕ ਧਾਰਨਾ ਵਿਕਸਤ ਕੀਤੀ ਹੈ। ਬਚਪਨ ਬਚਾਓ ਅੰਦੋਲਨ ਇਸ ਵਿਚਾਰ ਨੂੰ 'ਬਾਲ ਮਿੱਤਰ ਗ੍ਰਾਮ' ਦੇ ਰੂਪ ਵਿੱਚ ਅਮਲੀ ਜਾਮਾ ਵੀ ਪਵਾ ਰਿਹਾ ਹੈ। ਹੁਣ ਤੱਕ 580 ਪਿੰਡਾਂ ਨੂੰ ਬਾਲ ਮਿੱਤਰ ਗ੍ਰਾਮ ਬਣਾਇਆ ਜਾ ਚੁੱਕਾ ਹੈ। ਵਿਦੇਸ਼ ਵਿੱਚ ਵੀ ਹੁਣ ਇਹ ਪ੍ਰਯੋਗ ਸ਼ੁਰੂ ਕੀਤਾ ਜਾ ਰਿਹਾ ਹੈ। ਬਾਲ ਮਿੱਤਰ ਗ੍ਰਾਮ ਯੋਜਨਾ ਦੇ ਅਧੀਨ ਪਿੰਡ ਦੇ ਸਾਰੇ ਬੱਚਿਆਂ ਨੂੰ ਬਾਲ ਮਜ਼ਦੂਰੀ ਤੋਂ ਮੁਕਤ ਕਰਵਾ ਕੇ ਉਨ੍ਹਾਂ ਦਾ ਸਕੂਲ ਵਿੱਚ ਦਾਖਲਾ ਕਰਵਾਇਆ ਜਾਂਦਾ ਹੈ।

ਬੱਚਿਆਂ ਵਿੱਚ ਅਗਵਾਈ ਦਾ ਗੁਣ ਵਿਕਸਤ ਕਰਨ ਦੇ ਲਈ ਪਿੰਡ ਵਿੱਚ ਬਾਲ ਪੰਚਾਇਤ ਦਾ ਗਠਨ ਵੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਬੱਚਿਆਂ ਦੀ ਚੁਣੀ ਹੋਈ ਪੰਚਾਇਤ ਅਤੇ ਸਥਾਨਕ ਗ੍ਰਾਮ ਪੰਚਾਇਤ ਦੇ ਵਿਚਕਾਰ ਤਾਲਮੇਲ ਪੈਦਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗ੍ਰਾਮ ਪੰਚਾਇਤ ਬਾਲ ਪੰਚਾਇਤ ਨੂੰ ਨਾ ਸਿਰਫ ਮਾਨਤਾ ਦਿੰਦੀ ਹੈ ਸਗੋਂ ਉਨ੍ਹਾਂ ਦੇ ਸੁਝਾਵਾਂ ਉਤੇ ਅਮਲ ਵੀ ਕਰਦੀ ਹੈ। ਨੀਤੀ ਨਿਰਧਾਰਨ ਵਿੱਚ ਉਨ੍ਹਾਂ ਨੂੰ ਹਿੱਸੇਦਾਰ ਵੀ ਬਣਾਉਂਦੀ ਹੈ। ਗ੍ਰਾਮ ਪੰਚਾਇਤਾਂ ਦੇ ਨੁਮਾਇੰਦਿਆਂ ਵਿੱਚ ਬੱਚਿਆਂ ਦੇ ਅਧਿਕਾਰਾਂ ਦੇ ਲਈ ਸੰਵੇਦਨਸ਼ੀਲ ਅਤੇ ਚੇਤਨਾ ਵੀ ਪੈਦਾ ਕੀਤੀ ਜਾਂਦੀ ਹੈ। ਨਾਲ ਹੀ ਬਾਲ ਪੰਚਾਇਤ ਦੇ ਜ਼ਰੀਏ ਬੱਚਿਆਂ ਵਿੱਚ ਅਗਵਾਈ ਨਿਰਮਾਣ, ਅਧਿਕਾਰ ਦੀ ਭਾਵਨਾ, ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੀ ਕਲਾ ਅਤੇ ਸਰੋਕਾਰਾਂ ਅਤੇ ਮੁੱਦਿਆਂ ਦੀ ਪਛਾਣ ਵਿਕਸਤ ਕਰਨਾ ਸਿਖਾਇਆ ਜਾਂਦਾ ਹੈ। ਇਸ ਪ੍ਰਯੋਗ ਨਾਲ ਹਜ਼ਾਰਾਂ ਬੱਚੇ ਬਾਲ ਮਜ਼ਦੂਰੀ ਤੋਂ ਮੁਕਤ ਹੋ ਕੇ ਸਿੱਖਿਆ ਹਾਸਲ ਕਰ ਰਹੇ ਹਨ। ਬਾਲ ਮਿੱਤਰ ਗ੍ਰਾਮ ਅਤੇ ਬਾਲ ਪੰਚਾਇਤਾਂ ਤੋਂ ਅਗਵਾਈ ਦਾ ਗੁਣ ਸਿੱਖ ਕੇ ਨਿਕਲੇ ਬੱਚੇ, ਨੌਜਵਾਨ ਅਤੇ ਮਰਦ ਔਰਤਾਂ ਦਾ ਸਮਾਜ ਬਦਲਣ ਦਾ ਜਜ਼ਬਾ ਵੇਖਣ ਯੋਗ ਹੈ। ਇਨ੍ਹਾਂ ਬੱਚਿਆਂ ਨੇ ਹਜ਼ਾਰਾਂ ਬੱਚਿਆਂ ਨੂੰ ਬਾਲ ਮਜ਼ਦੂਰੀ ਤੋਂ ਮੁਕਤ ਕਰਵਾ ਕੇ ਸਿੱਖਿਅਤ ਕਰਨ ਦੇ ਲਈ ਉਨ੍ਹਾਂ ਦਾ ਸਕੂਲਾਂ ਵਿੱਚ ਦਾਖਲਾ ਕਰਵਾਇਆ ਹੈ। ਅਣਗਿਣਤ ਲੜਕੀਆਂ ਦਾ ਬਾਲ ਵਿਆਹ ਰੁਕਵਾਇਆ ਹੈ। ਇਨ੍ਹਾਂ ਬੱਚਿਆਂ ਦੇ ਯਤਨਾਂ ਸਦਕਾ ਹਜ਼ਾਰਾ ਸਕੂਲਾਂ ਦੀ ਗੁਣਾਤਮਕਤਾ ਵਿੱਚ ਵੀ ਸੁਧਾਰ ਹੋਇਆ ਹੈ। ਪਿੰਡ ਦੇ ਵੱਡੇ ਲੋਕਾਂ ਦੀਆਂ ਕਈ ਸਮੱਸਿਆਵਾਂ ਨੂੰ ਇਨ੍ਹਾਂ ਬੱਚਿਆਂ ਨੇ ਸੁਲਝਾਇਆ ਹੈ। ਮੈਂ ਅਜਿਹੇ ਬੱਚਿਆਂ ਨੂੰ ਸਲਾਮ ਕਰਦਾ ਹਾਂ। ਇਹ ਲੇਖ ਲਿਖਦਿਆਂ ਮੈਨੂੰ ਹੇਮਲਤਾ ਦੀ ਯਾਦ ਆ ਰਹੀ ਹੈ। ਛੋਟੀ ਹੇਮਲਤਾ ਨੇ ਬਹਾਦਰੀ ਦਾ

ਵਿਖਾਵਾ ਕਰਦਿਆਂ ਆਪਣੇ ਪਿੰਡ ਦੇ 30 ਬਾਲ ਮਜ਼ਦੂਰਾਂ ਨੂੰ ਬਾਲ ਮਜ਼ਦੂਰੀ ਤੋਂ ਮੁਕਤ ਕਰਵਾ ਕੇ ਉਨ੍ਹਾਂ ਦਾ ਸਕੂਲ ਵਿੱਚ ਦਾਖਲਾ ਕਰਵਾਇਆ, ਉਨ੍ਹਾਂ ਦਾ ਗਵਾਚਿਆ ਬਚਪਨ ਵਾਪਸ ਕਰਵਾਇਆ।

ਸੰਨ 2000 ਵਿੱਚ ਬਚਪਨ ਬਚਾਓ ਅੰਦੋਲਨ ਨੇ ਬਾਲ ਮਿੱਤਰ ਗ੍ਰਾਮ ਬਣਾਉਣ ਦਾ ਇਕ ਤਜਰਬਾ ਸ਼ੁਰੂ ਕੀਤਾ ਸੀ। ਸੰਨ 2001 ਦੀ ਗੱਲ ਹੈ ਰਾਜਸਥਾਨ ਦੇ ਜੈਪੁਰ ਜ਼ਿਲ੍ਹੇ ਦੇ ਨਵਰੰਗਪੁਰ ਪਿੰਡ ਦੀ ਬਾਲ ਪੰਚਾਇਤ ਦੀ ਇਕ ਬੈਠਕ ਸੀ। ਬੈਠਕ ਦੌਰਾਨ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਬਾਲ ਮਿੱਤਰ ਪਿੰਡ ਬਣਨ ਤੋਂ ਪਹਿਲਾਂ ਅਤੇ ਹੁਣ ਵਿੱਚ ਉਨ੍ਹਾਂ ਨੂੰ ਕੀ ਫ਼ਰਕ ਨਜ਼ਰ ਆਉਂਦਾ ਹੈ। ਬਾਲ ਪੰਚਾਇਤ ਦੀ ਸਰਪੰਚ 12 ਸਾਲ ਦੀ ਬਾਲਿਕਾ ਹੇਮਲਤਾ ਬੈਠਕ ਵਿੱਚ ਮੌਜੂਦ ਸੀ। ਉਹ ਥੋੜ੍ਹਾ ਸੋਚ ਕੇ ਬੋਲੀ ਪਹਿਲਾ ਫ਼ਰਕ ਤਾਂ ਤੁਸੀਂ ਦੇਖ ਰਹੇ ਹੋ। ਇਥੇ ਇੰਨੀਆਂ ਸਾਰੀਆਂ ਔਰਤਾਂ ਬਿਨਾਂ ਘੁੰਡ ਤੋਂ ਬੈਠੀਆਂ ਹਨ ਅਤੇ ਮੇਰੇ ਵਰਗੀ ਲੜਕੀ ਮਾਈਕ ਉਤੇ ਸਭ ਦੇ ਸਾਹਮਣੇ ਬੋਲ ਰਹੀ ਹੈ। ਬਜ਼ੁਰਗ ਇਸ ਬੈਠਕ ਵਿੱਚ ਸ਼ਾਮਲ ਹਨ ਅਤੇ ਔਰਤਾਂ ਮੰਚ ਉਤੇ ਬੈਠੀਆਂ ਹਨ। ਮੈਂ ਥੋੜ੍ਹਾ ਹੋਰ ਘੋਖ ਕੇ ਪੁੱਛਿਆ, ਤੁਹਾਨੂੰ ਜ਼ਿੰਦਗੀ ਵਿੱਚ ਕੋਈ ਹੋਰ ਅੰਤਰ ਨਜ਼ਰ ਆਇਆ ਹੋਵੇ ਤਾਂ ਦੱਸੋ? ਉਸ ਨੇ ਕਿਹਾ ਅੱਜਕਲ੍ਹ ਜਦੋਂ ਮੇਰੀ ਮਾਂ ਰੋਜ਼ ਮੇਰੇ ਪਿਤਾ ਤੋਂ ਇਹ ਪੁੱਛਦੀ ਹੈ ਕਿ ਖਾਣੇ ਵਿੱਚ ਕਿਹੜੀ ਸਬਜ਼ੀ ਬਣਾਵਾਂ ਤਾਂ ਉਹ ਜਵਾਬ ਦਿੰਦੇ ਹਨ ਕਿ ਤੂੰ ਖ਼ੁਦ ਸੋਚ ਕੇ ਬਣਾ ਲੈ ਜਾਂ ਫਿਰ ਹਮੇਲਤਾ ਤੋਂ ਪੁੱਛ ਲੈ। ਬਾਲ ਮਿੱਤਰ ਗ੍ਰਾਮ ਦੇ ਰਾਹੀਂ ਸਮਾਜ ਵਿੱਚ ਇਹ ਬਦਲਾਅ ਆ ਰਿਹਾ ਹੈ। ਘਰ ਵਿੱਚ ਜਾਂ ਬਾਹਰ ਬਾਲ ਮਜ਼ਦੂਰੀ ਕਰਨ ਵਾਲੀ ਹੇਮਲਤਾ ਵਰਗੀਆਂ ਬੇਟੀਆਂ ਹੁਣ ਸਕੂਲ ਜਾ ਰਹੀਆਂ ਹਨ।ਆਪਣਾ ਭਵਿੱਖ ਸੰਵਾਰ ਰਹੀਆਂ ਹਨ ਅਤੇ ਸਭ ਤੋਂ ਵੱਡੀ ਗੱਲ ਉਹ ਉਸ ਸਨਮਾਨ ਨੂੰ ਹਾਸਲ ਕਰ ਰਹੀਆਂ ਹਨ ਜਿਸ ਦੀਆਂ ਉਹ ਹੱਕਦਾਰ ਹਨ। ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਸੰਸਦ ਆਦਰਸ਼ ਗ੍ਰਾਮ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਮੇਰਾ ਸੁਝਾਅ ਹੈ ਕਿ ਉਸੇ ਤਰਜ ਉਤੇ ਜੇਕਰ ਕੇਂਦਰ ਅਤੇ ਰਾਜ ਸਰਕਾਰਾਂ ਦੇਸ਼ ਭਰ ਵਿੱਚ ਬਾਲ ਮਿੱਤਰ ਗ੍ਰਾਮ ਯੋਜਨਾ ਦੀ ਸ਼ੁਰੂਆਤ ਕਰਨ ਤਾਂ ਇਸ ਨਾਲ ਨਾ ਸਿਰਫ ਬਾਲ ਮਜ਼ਦੂਰੀ ਉਤੇ ਰੋਕ ਲਗਾਉਣ ਵਿੱਚ ਮਦਦ ਮਿਲੇਗੀ ਸਗੋਂ ਬੱਚਿਆਂ ਦੀ ਮਦਦ ਨਾਲ ਇਕ ਬਿਹਤਰ ਸਮਾਜ ਦਾ ਨਿਰਮਾਣ ਵੀ ਕੀਤਾ ਜਾ ਸਕੇਗਾ।

ਪਿਛਲੇ ਦੋ ਦਹਾਕਿਆਂ ਵਿੱਚ ਬੱਚਿਆਂ ਦੇ ਅਧਿਕਾਰਾਂ ਦੇ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਕਈ ਕਾਨੂੰਨ ਬਣੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਤੋਂ ਲੈ ਕੇ ਲੱਖਾਂ ਜਨ ਸੰਗਠਨ ਬਾਲ ਮਜ਼ਦੂਰੀ ਨੂੰ ਖਤਮ ਕਰਕੇ ਬੱਚਿਆਂ ਨੂੰ ਸਿੱਖਿਅਤ ਕਰਨ ਦੇ ਯਤਨਸ਼ੀਲ ਹਨ। ਬਾਵਜੂਦ ਇਸ ਦੇ ਬਾਲ ਮਜ਼ਦੂਰੀ ਦਾ ਕਲੰਕ ਦੁਨੀਆਂ ਦੇ ਮੱਥੇ ਤੋਂ ਮਿਟਣ ਦਾ ਨਾਂ ਹੀ ਨਹੀਂ ਲੈ ਰਿਹਾ। ਅਸਲ ਵਿੱਚ ਇਸ ਦੀ ਵੱਡੀ ਵਜਾਹ ਬੱਚਿਆ ਪ੍ਰਤਿ ਸਮਾਜ ਦਾ ਨਾਜ਼ੁਕ ਰਵੱਈਆ ਨਾ ਹੋਣਾ ਹੈ। ਬੱਚਿਆਂ ਦੇ ਵੀ ਕੁੱਝ ਅਧਿਕਾਰ ਹਨ ਜੋ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ, ਸਮਾਜ ਵਿੱਚ ਇਸ ਸੋਚ ਦੀ ਵਿਆਪਕ ਕਮੀ ਹੈ। ਬੱਚਿਆਂ ਨੂੰ ਸਮਾਜ ਅਤੇ ਸਰਕਾਰ ਦੀ ਤਰਜੀਹ ਵਿੱਚ ਲਿਆਉਣਾ ਹੈ। ਬੱਚਿਆਂ ਦਾ ਬਚਪਨ ਖ਼ੁਸ਼ਹਾਲ ਹੋਵੇ। ਉਨ੍ਹਾਂ ਨੂੰ ਖੇਡ ਅਤੇ ਪੜ੍ਹਾਈ ਦਾ ਅਧਿਕਾਰ ਮਿਲੇ, ਇਸ ਦੇ ਲਈ ਅਜੇ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ।

ਬੱਚਿਆਂ ਦੀ ਖ਼ੁਸ਼ਹਾਲੀ ਲਈ ਸਾਨੂੰ ਬਚਪਨ ਕੇਂਦਰਿਤ ਵਿਕਾਸ ਦੀ ਧਾਰਨਾ ਅਤੇ ਸਭਿਆਚਾਰ ਨੂੰ ਜਨਮ ਦੇਣਾ ਹੋਵੇਗਾ। ਇਸ ਦੇ ਨਾਲ ਹੀ ਬੱਚਿਆਂ ਬਾਰੇ ਲੋਕਾਂ ਦੀ ਮਾਨਸਿਕਤਾ ਬਦਲਣ ਦੀ ਵੀ ਲੋੜ ਹੈ। ਇਸੇ ਕੜੀ ਵਿੱਚ ਅਸੀਂ ਦੁਨੀਆਂ ਦੇ ਪ੍ਰਭਾਵਸ਼ਾਲੀ ਅਤੇ ਸਮਾਜਕ ਰੁਤਬੇ ਵਾਲੇ ਨੇਤਾਵਾਂ ਨੂੰ ਬੱਚਿਆਂ ਦੇ ਅਧਿਕਾਰਾਂ ਲਈ ਠੋਸ ਅਵਾਜ਼ ਉਠਾਉਣ ਲਈ ਇਕਜੁਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਦੇ ਅਧੀਨ 'ਲਾਰੀਏਟਸ ਐਂਡ ਲੀਡਰਸ ਫਾਰ ਚਿਲਡਰਨ' ਦਾ ਗਠਨ ਕੀਤਾ ਗਿਆ ਹੈ। ਬੱਚਿਆਂ ਦੇ ਸਵਾਲ ਉਤੇ ਇਹ ਪਹਿਲਾ ਮੰਚ ਹੈ ਜਿਸ ਵਿੱਚ ਲਗਭਗ 2 ਦਰਜਨ ਨੋਬਲ ਪੁਰਸਕਾਰ ਜੇਤੂ ਅਤੇ ਵਿਸ਼ਵ ਪੱਧਰ ਦੇ ਨੇਤਾ ਸ਼ਾਮਲ ਹੋਏ ਹਨ। ਦੁਨੀਆਂ ਵਿੱਚੋਂ ਬਾਲ ਮਜ਼ਦੂਰੀ ਅਤੇ ਬਾਲ ਗੁਲਾਮੀ ਖਤਮ ਕਰਨ ਲਈ '100 ਮਿਲੀਅਨ ਫਾਰ 100 ਮਿਲੀਅਨ' ਨਾਮੀ ਇਕ ਵਿਸ਼ਵੀ ਅੰਦੋਲਨ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੁਹਿੰਮ ਅਧੀਨ 10 ਕਰੋੜ ਨੌਜਵਾਨਾਂ ਅਤੇ ਬੱਚਿਆਂ ਨੂੰ ਬਾਲ ਅਧਿਕਾਰਾਂ ਤੋਂ ਜਾਣੂ ਕਰਵਾਇਆ ਜਾਵੇਗਾ ਤਾਂ ਕਿ ਉਹ ਗੁਲਾਮੀ ਅਤੇ ਮਜ਼ਦੂਰੀ ਦੇ ਦਲਦਲ ਵਿੱਚ ਫਸੇ ਸਮਾਜ ਦੇ 10 ਕਰੋੜ ਵਾਂਝੇ ਬੱਚਿਆਂ ਬਾਰੇ ਜਾਣ ਕੇ ਉਨ੍ਹਾਂ ਦੇ ਲਈ ਕੁੱਝ ਕਰ ਸਕਣ। ਇਹ ਅਭਿਆਸ 5 ਸਾਲ ਤੱਕ ਚਲੇਗਾ। ਉਮੀਦ ਹੈ ਕਿ ਇਨ੍ਹਾਂ 5 ਸਾਲਾਂ ਵਿੱਚ ਦੁਨੀਆਂ ਬੱਚਿਆਂ ਲਈ ਬਦਲ ਜਾਵੇਗੀ ਪਰ ਬੱਚਿਆਂ ਲਈ ਖ਼ੁਸ਼ਹਾਲ ਅਤੇ ਸੁਰੱਖਿਅਤ ਦੁਨੀਆਂ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਇਕਜੁਟ ਹੋ ਕੇ ਯਤਨ ਕਰਨੇ ਪੈਣਗੇ।

*(ਲੇਖਕ ਨੋਬਲ ਪੁਰਸਕਾਰ ਵਿਜੇਤਾ ਅਤੇ ਪ੍ਰਸਿੱਧ ਬਾਲ ਅਧਿਕਾਰ ਕਾਰਜਕਰਤਾ ਹਨ)*

*e-mail :contact@kailashsatyarthi.net*

### 1988 ਤੋਂ ਹੁਣ ਤੱਕ 12 ਲੱਖ ਤੋਂ ਵੱਧ ਬਾਲ ਮਜ਼ਦੂਰਾਂ ਦਾ ਮੁੜ ਵਸੇਬਾ

*ਵੱਖ-ਵੱਖ ਜ਼ਿਲ੍ਹਾ ਯੋਜਨਾ ਸੋਸਾਈਟੀਆਂ ਤੋਂ ਪ੍ਰਾਪਤ ਸੂਚਨਾਵਾਂ ਅਨੁਸਾਰ ਰਾਸ਼ਟਰ ਬਾਲ ਮਜ਼ਦੂਰੀ ਖਾਤਮਾ ਯੋਜਨਾ ਦੇ ਅਧੀਨ ਹੁਣ ਤੱਕ 12,15,755 ਬੱਚਿਆਂ ਨੂੰ ਕੰਮ ਵਾਲੀਆਂ ਥਾਵਾਂ ਤੋਂ ਮੁਕਤ ਕਰਵਾ ਕੇ ਉਨ੍ਹਾਂ ਦਾ ਮੁੜ ਵਸੇਬਾ ਕੀਤਾ ਜਾ ਚੁੱਕਾ ਹੈ। ਇਹ ਆਂਕੜਾ 1988 ਵਿੱਚ ਇਸ ਯੋਜਨਾ ਦੀ ਸ਼ੁਰੂਆਤ ਤੋਂ ਲੈ ਕੇ 2016 ਦਸੰਬਰ ਤੱਕ ਦਾ ਹੈ। ਇਹ ਯੋਜਨਾ 21 ਰਾਜਾਂ ਦੇ 270 ਜ਼ਿਲ੍ਹਿਆਂ ਵਿੱਚ ਚਲ ਰਹੀ ਹੈ। ਜਿਸ ਦੇ ਅਧੀਨ ਫਿਲਹਾਲ 101 ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਸਿਖਲਾਈ ਕੇਂਦਰ ਵੀ ਚਲਾਏ ਜਾ ਰਹੇ ਹਨ।*

*ਇਸ ਯੋਜਨਾ ਦੇ ਅਧੀਨ ਬਾਲ ਮਜ਼ਦੂਰੀ ਵਿੱਚ ਲੱਗੇ ਬੱਚਿਆਂ ਦੇ ਮੁੜ ਵਸੇਬੇ ਲਈ ਯੋਜਨਾ ਸੋਸਾਇਟੀ ਨੂੰ ਰਕਮ ਮੁਹੱਈਆ ਕਰਵਾਈ ਜਾਂਦੀ ਹੈ। ਇਸ ਸੋਸਾਇਟੀ ਦਾ ਪ੍ਰਮੁੱਖ ਜ਼ਿਲ੍ਹਾ ਅਧਿਕਾਰੀ ਹੁੰਦਾ ਹੈ ਜੋ ਵਿਸ਼ੇਸ਼ ਸਿਖਲਾਈ ਕੇਂਦਰ ਨੂੰ ਰਕਮ ਵੰਡਦਾ ਹੈ। ਇਹ ਸਿਖਲਾਈ ਕੇਂਦਰ ਗ਼ੈਰ ਸਰਕਾਰੀ ਸੰਗਠਨਾਂ, ਸਰਕਾਰੀ ਸੰਸਥਾਵਾਂ ਅਤੇ ਸਥਾਨਕ ਕਾਰਪੋਰੇਸ਼ਨਾਂ ਵਲੋਂ ਚਲਾਏ ਜਾਂਦੇ ਹਨ। ਵਿਸ਼ੇਸ਼ ਸਕੂਲ ਦੇ ਲਈ ਗ਼ੈਰ ਸਰਕਾਰੀ ਸੰਗਠਨਾਂ ਲਈ ਸਵੈ-ਸੇਵਕ ਲਗਾਏ ਜਾਂਦੇ ਹਨ। ਇਸ ਦੇ ਲਈ ਉਨ੍ਹਾਂ ਨੂੰ ਇਕਮੁਸ਼ਤ ਰਕਮ ਦਿੱਤੀ ਜਾਂਦੀ ਹੈ।*

# ਕਿਰਤੀਆਂ ਦੇ ਅਧਿਕਾਰ : ਇਕ ਪੜਚੋਲ

ਅਮਿਤ ਤਿਆਗੀ

ਅਜਿਹਾ ਮੰਨਿਆ ਜਾਂਦਾ ਹੈ ਕਿ ਜਿਨ੍ਹਾਂ ਦੇਸ਼ਾਂ ਨੇ ਆਪਣੇ ਕਿਰਤੀਆਂ ਦੇ ਅਧਿਕਾਰਾਂ ਨੂੰ ਵਧੀਆ ਢੰਗ ਨਾਲ ਪ੍ਰਦਾਨ ਕੀਤਾ ਹੈ ਉਨ੍ਹਾਂ ਦੇਸ਼ਾਂ ਨੇ ਤਰੱਕੀ ਦੀ ਵੱਧ ਰਫ਼ਤਾਰ ਹਾਸਲ ਕੀਤੀ ਹੈ। ਪਰ ਹਰ ਵਿਕਸਤ ਦੇਸ਼ ਵਿੱਚ ਉਸ ਦੇ ਕਰਮਚਾਰੀਆਂ ਨੂੰ ਵਧੀਆ ਅਧਿਕਾਰ ਮਿਲ ਰਹੇ ਹੋਣ ਅਜਿਹਾ ਵੀ ਨਹੀਂ ਹੈ। ਅੰਤਰ-ਰਾਸ਼ਟਰੀ ਵਪਾਰ ਯੂਨੀਅਨ ਕਨਫੈਡਰੇਸ਼ਨ (ਆਈ ਟੀ ਯੂ ਸੀ) ਵਲੋਂ ਮਈ 2014 ਵਿੱਚ ਜਾਰੀ ਰਿਪੋਰਟ ਵਿੱਚ 139 ਦੇਸ਼ਾਂ ਦਾ 97 ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਸੂਚਕ ਅੰਕਾਂ ਦੇ ਅਧਾਰ ਉਤੇ ਵਿਸ਼ਲੇਸ਼ਣ ਕੀਤਾ ਗਿਆ। ਇਸ ਵਿਸ਼ਲੇਸ਼ਣ ਤੋਂ ਤਿਆਰ ਰਿਪੋਰਟ ਦੇ ਅਧਾਰ ਉਤੇ (1-5.5) ਵਿਸ਼ਵੀ ਅਧਿਕਾਰ ਸੂਚਕ (ਗਲੋਬਲ ਰਾਈਟਸ ਇੰਡੈਕਸ) ਤਿਆਰ ਕੀਤਾ ਗਿਆ। ਕਿਰਤੀਆਂ ਨੂੰ ਬੇਹਤਰ ਅਧਿਕਾਰ ਦੇਣ ਵਾਲੇ ਦੇਸ਼ ਅਤੇ ਕਿਰਤੀਆਂ ਦੇ ਅਧਿਕਾਰਾਂ ਨੂੰ ਮਾੜੇ ਹਾਲਾਤ ਵਿੱਚ ਰਖਣ ਵਾਲੇ ਦੇਸ਼ਾਂ ਨੂੰ 1 ਤੋਂ 5 ਤੱਕ ਅੰਕਿਤ ਕੀਤਾ ਗਿਆ ਹੈ (ਦੇਖੋ ਤਾਲਿਕਾ-1)।

ਇਸ ਸਰਵੇਖਣ ਵਿੱਚ ਹੇਠ ਲਿਖਤ ਤੱਥ ਪ੍ਰਮੁੱਖਤਾ ਨਾਲ ਸਾਹਮਣੇ ਆਏ ਹਨ :

- ਇਕ ਸਾਲ ਵਿੱਚ ਲਗਭਗ 35 ਦੇਸ਼ਾਂ ਦੀਆਂ ਸਰਕਾਰਾਂ ਵਲੋਂ ਕਿਰਤੀਆਂ ਨੂੰ ਲੋਕਤੰਤਰੀ ਅਧਿਕਾਰ, ਵਾਜਬ ਤਨਖ਼ਾਹ, ਸੁਰੱਖਿਅਤ ਕੰਮਕਾਜੀ ਹਾਲਾਤ ਜਾਂ ਸੁਰੱਖਿਅਤ ਨੌਕਰੀ ਦੀ ਮੰਗ ਕਰਨ ਉਤੇ ਜਾਂ ਤਾਂ ਗ੍ਰਿਫਤਾਰ ਕੀਤਾ ਗਿਆ ਜਾਂ ਜੇਲ੍ਹ ਭੇਜ ਦਿੱਤਾ ਗਿਆ।

- ਲਗਭਗ 9 ਦੇਸ਼ਾਂ ਵਿੱਚ ਦਬਾਅ ਬਣਾਉਣ ਲਈ ਕਿਰਤੀਆਂ ਨੂੰ ਗਾਇਬ ਕਰਵਾਉਣਾ ਜਾਂ ਮਰਵਾ ਦੇਣਾ ਆਮ ਤੌਰ ਤੇ ਵੇਖਿਆ ਗਿਆ।

- ਲਗਭਗ 53 ਦੇਸ਼ਾਂ ਵਿੱਚ ਯੋਗ ਕੰਮਕਾਜੀ ਹਾਲਾਤ ਦੀ ਮੰਗ ਕਰਨ ਦੇ ਬਦਲੇ ਕਿਰਤੀਆਂ ਨੂੰ ਕੰਮ ਤੋਂ ਕੱਢ ਦਿੱਤਾ ਗਿਆ ਜਾਂ ਬਰਖਾਸਤ ਕਰ ਦਿੱਤਾ ਗਿਆ।

- ਲਗਭਗ 87 ਦੇਸ਼ਾਂ ਵਿੱਚ ਕਿਰਤੀਆਂ ਨੂੰ ਹੜਤਾਲ ਦੇ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ।

ਸਰਵੇਖਣਾਂ ਦੇ 97 ਮਾਨਤਾ ਪ੍ਰਾਪਤ ਸੂਚਕਾਂ ਦੇ ਅਧਾਰ ਉਤੇ ਡੈਨਮਾਰਕ ਅਤੇ ਉਰੂਗਵੇ ਵਰਗੇ ਦੇਸ਼ਾਂ ਵਿੱਚ ਕਿਰਤੀਆਂ ਦੇ ਅਧਿਕਾਰ ਜ਼ਿਆਦਾ ਸੁਰੱਖਿਅਤ ਪਾਏ ਗਏ। ਭਾਰਤ ਇਸ ਸੂਚੀ ਵਿੱਚ 24 ਦੇਸ਼ਾਂ ਦੇ ਨਾਲ ਹੇਠਲੇ ਪਾਇਦਾਨ ਉਤੇ ਰਿਹਾ। ਗਰੀਸ, ਅਮਰੀਕਾ ਅਤੇ ਹਾਂਗਕਾਂਗ ਵਰਗੇ ਵਿਕਸਤ ਦਿਸਣ ਵਾਲੇ ਦੇਸ਼ ਹਾਲਾਂਕਿ ਭਾਰਤ ਤੋਂ ਤਾਂ ਉਪਰ ਹਨ ਪਰ ਸਭ ਤੋਂ ਹੇਠਲੇ ਪੱਧਰ ਤੋਂ ਇਕ ਪੱਧਰ ਹੀ ਉਪਰ ਹਨ। ਅਮਰੀਕਾ ਦਾ ਹੇਠਲੇ ਪੱਧਰ ਉਤੇ ਹੋਣਾ ਇਸ ਗੱਲ ਨੂੰ ਸਿੱਧ ਕਰਦਾ ਹੈ ਕਿ ਕਿਸੇ ਦੇਸ਼ ਦੇ ਵਿਕਾਸ ਦਾ ਪੱਧਰ ਇਸ ਗੱਲ ਦਾ ਮਾਪਦੰਡ ਨਹੀਂ ਹੈ ਕਿ ਉਸ ਦੇ ਕਿਰਤੀ ਵੀ ਖ਼ੁਸ਼ਹਾਲ ਹਨ। ਇਸ ਸਰਵੇਖਣ ਦੀ ਪੜਚੋਲ ਤੋਂ ਮਿਲੇ ਨਮੂਨੇ ਤੋਂ ਪਤਾ ਚਲਿਆ ਕਿ ਵਿਕਸਤ ਦੇਸ਼ਾਂ ਦੇ ਕਾਮਿਆਂ 'ਚ ਇਕ ਵਿਸ਼ੇਸ਼ਤਾ ਦੇਖੀ ਗਈ ਹੈ।

ਜ਼ਿਆਦਾਤਰ ਵਿਕਸਤ ਦੇਸ਼ਾਂ ਦੇ ਕਿਰਤੀ ਵਿਕਾਸਸ਼ੀਲ ਦੇਸ਼ਾਂ ਦੇ ਕਿਰਤੀਆਂ ਤੋਂ ਵੱਧ ਬਿਹਤਰ ਸਮੂਹਿਕ ਸੌਦੇਬਾਜ਼ੀ ਕਰ ਸਕਦੇ ਹਨ। ਉਹ ਕਾਰਜ ਖੇਤਰ ਵਿੱਚ ਵਧੀਆ ਵਾਤਾਵਰਨ ਅਤੇ ਹਾਲਾਤ ਦੇ ਲਈ ਹੜਤਾਲ ਅਤੇ ਅੰਦੋਲਨ ਰਾਹੀਂ ਅਧਿਕਾਰ ਹਾਸਲ ਕਰ ਹੀ ਲੈਂਦੇ ਹਨ। ਭਾਰਤ ਦੀ ਗੱਲ ਕਰੀਏ ਤਾਂ ਇਥੇ ਕਿਰਤੀ ਦੋ ਵਰਗਾਂ ਵਿੱਚ ਵੰਡੇ ਹਨ। ਇਕ ਸੰਗਠਤ ਖੇਤਰ ਅਤੇ ਦੂਜਾ ਅਸੰਗਠਤ ਖੇਤਰ। ਆਰਥਿਕ ਸਰਵੇਖਣ 2007-08 ਦੀ ਰਿਪੋਰਟ ਦੇ ਅਨੁਸਾਰ ਕਿਰਤੀਆਂ ਦਾ ਇਕ ਵੱਡਾ ਵਰਗ ਅਸੰਗਠਤ ਖੇਤਰ ਨਾਲ ਜੁੜਿਆ ਹੋਇਆ ਹੈ। ਭਾਰਤ ਦੀ ਕੁੱਲ ਆਬਾਦੀ ਵਿੱਚੋਂ ਅਸੰਗਠਤ ਖੇਤਰ ਦਾ ਪ੍ਰਤਿਸ਼ਤ ਲਗਭਗ 93 ਪ੍ਰਤਿਸ਼ਤ ਹੈ। ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਇਸ ਖੇਤਰ ਦਾ ਲਗਭਗ 60 ਪ੍ਰਤਿਸ਼ਤ ਯੋਗਦਾਨ ਹੈ। ਕਿਸੇ ਵਿਸ਼ੇਸ਼ ਖੇਤਰ ਵਿੱਚ ਮੁਹਾਰਤ ਰਖਣ ਵਾਲੇ ਕਿਰਤੀ ਵਧੇਰੇ ਸੰਗਠਤ ਖੇਤਰ ਨਾਲ ਜੁੜੇ ਹੋਏ ਹਨ। ਅਸੰਗਠਤ ਖੇਤਰ ਦੇ ਕਿਰਤੀ ਕਿਸੇ ਤਰ੍ਹਾਂ ਦੇ ਵਿਸ਼ੇਸ਼ ਹੁਨਰ ਅਤੇ ਗਿਆਨ ਤੋਂ ਜ਼ਿਆਦਾ ਸਰੀਰਕ ਸ਼ਕਤੀ ਉਤੇ ਅਧਾਰਤ ਹਨ।

ਸੱਨਅਤੀ ਵਿਕਾਸ ਦੀ ਰਾਹ ਉਤੇ ਆਰਥਿਕ ਵਿਕਾਸ ਦੀ ਮਹੱਤਵਪੂਰਨ ਸ਼ਕਤੀ ਵਜੋਂ ਵਰਣਤ

ਤਾਲਿਕਾ-1 : ਅੰਤਰਰਾਸ਼ਟਰੀ ਟਰੇਡ ਯੂਨੀਅਨ ਕਨਫੈਡਰੇਸ਼ਨ ਦਾ ਵਿਸ਼ਵੀ ਅਧਿਕਾਰ ਸੂਚਕਾਂਕ

| ਵਿਸ਼ਵੀ ਅਧਿਕਾਰ ਸੂਚਕਾਂਕ | ਦੇਸ਼ਾਂ ਦੀ ਗਿਣਤੀ | ਪ੍ਰਮੁੱਖ ਦੇਸ਼ |
|---|---|---|
| ਅਧਿਕਾਰਾਂ ਦੀ ਇਨ-ਬਿਨ ਉਲੰਘਣਾ | 18 | ਡੇਨਮਾਰਕ, ਉਰੂਗਵੇ |
| ਅਧਿਕਾਰਾਂ ਦੀ ਮੁੜ ਉਲੰਘਣਾ | 26 | ਜਪਾਨ ਸਵਿਟਜ਼ਰਲੈਂਡ |
| ਅਧਿਕਾਰਾਂ ਦੀ ਲਗਾਤਾਰ ਉਲੰਘਣਾ | 33 | ਚਿਲੀ, ਘਾਨਾ |
| ਅਧਿਕਾਰਾਂ ਦੀ ਬਾਰ-ਬਾਰ ਉਲੰਘਣਾ | 30 | ਕੀਨੀਆ, ਯੂ ਐੱਸ ਏ |
| ਅਧਿਕਾਰ ਪ੍ਰਾਪਤੀ ਦੀ ਗਰੰਟੀ ਨਹੀਂ | 24 | ਭਾਰਤ, ਬੰਗਲਾਦੇਸ਼, ਕਤਰ, ਬੇਲਾਰੂਸ |
| ਮਾੜੇ ਨਿਯਮ ਪ੍ਰਬੰਧਾਂ ਦੇ ਕਾਰਨ ਅਧਿਕਾਰ ਪ੍ਰਾਪਤੀ ਦੀ ਗਰੰਟੀ ਨਹੀਂ | 08 | ਸੋਮਾਲੀਆ, ਮੱਧ ਅਫ਼ਰੀਕੀ ਦੇਸ਼ |

ਕਿਰਤੀਆਂ ਦੇ ਅਧਿਕਾਰਾਂ ਨੂੰ ਤਿੰਨ ਤਰ੍ਹਾਂ ਨਾਲ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਸੰਵਿਧਾਨਕ ਅਧਿਕਾਰ, ਕਾਨੂੰਨੀ ਅਧਿਕਾਰ ਅਤੇ ਮਨੁੱਖੀ ਅਧਿਕਾਰ। ਕਿਉਂਕਿ ਕਿਰਤੀਆਂ ਦੇ ਸੰਵਿਧਾਨਕ ਅਤੇ ਵਿਧਾਨਕ ਅਧਿਕਾਰਾਂ ਰਾਹੀਂ ਕਿਰਤੀਆਂ ਦੇ ਅਧਿਕਾਰ ਜ਼ਮੀਨੀ ਪੱਧਰ ਤੱਕ ਨਹੀਂ ਪਹੁੰਚ ਸਕੇ। ਇਸ ਲਈ ਸਮੇਂ-ਸਮੇਂ ਤੇ ਵੱਖ-ਵੱਖ ਵਿਸ਼ਿਆਂ ਉਤੇ ਅਦਾਲਤਾਂ ਦੇ ਕੋਲ ਜਨਹਿਤ ਅਰਜ਼ੀਆਂ ਆਉਂਦੀਆਂ ਗਈਆਂ। ਉਨ੍ਹਾਂ ਉਤੇ ਅਦਾਲਤਾਂ ਦੇ ਫੈਸਲੇ ਕਿਰਤੀਆਂ ਦੇ ਅਧਿਕਾਰ ਬਣਦੇ ਗਏ। ਵਿਸ਼ੇ ਦੇ ਸੰਦਰਭ ਵਿੱਚ ਕਿਰਤੀਆਂ ਦੇ ਮਨੁੱਖੀ ਅਧਿਕਾਰ ਦਾ ਵਿਸ਼ਾ ਵੀ ਮਹੱਤਵਪੂਰਨ ਅਤੇ ਸਮੇਂ ਦੇ ਅਨੁਸਾਰ ਹੈ। ਹੁਣ ਸੰਵਿਧਾਨਕ ਅਤੇ ਵਿਧਾਨਕ ਅਧਿਕਾਰਾਂ ਦੇ ਸੰਦਰਭ ਵਿੱਚ ਕਿਰਤੀਆਂ ਦੇ ਅਧਿਕਾਰਾਂ ਉਤੇ ਚਰਚਾ ਕਰਦੇ ਹਾਂ।

## ਕਿਰਤੀਆਂ ਦੇ ਸੰਵਿਧਾਨਕ ਅਧਿਕਾਰ

ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਅਤੇ ਰਾਜਾਂ ਦੇ ਨੀਤੀ ਨਿਰਦੇਸ਼ਕ ਸਿਧਾਂਤਾਂ ਦੇ ਅਧੀਨ ਹੇਠਲੀਆਂ ਧਾਰਾਵਾਂ ਵਿੱਚ ਕੁੱਝ ਮਹੱਤਵਪੂਰਨ ਪ੍ਰਬੰਧ ਮੌਜੂਦ ਹਨ ਧਾਰਾ-23 ਸ਼ੋਸ਼ਣ ਦੇ ਵਿਰੁੱਧ ਅਧਿਕਾਰ ਪ੍ਰਦਾਨ ਕਰਦੀ ਹੈ। ਧਾਰਾ 23(1) ਬੰਦੂਆ ਮਜ਼ਦੂਰੀ, ਬਾਲ ਮਜ਼ਦੂਰੀ ਅਤੇ ਗ਼ੈਰ-ਕਾਨੂੰਨੀ ਮਨੁੱਖੀ ਵਪਾਰ ਉਤੇ ਪਾਬੰਦੀ ਲਗਾਉਂਦੀ ਹੈ। ਧਾਰਾ-24 ਦੇ ਅਨੁਸਾਰ 14 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਬੱਚਾ ਕਿਸੇ ਫੈਕਟਰੀ ਜਾਂ ਖਾਣ ਵਿੱਚ ਕੰਮ ਕਰਨ ਲਈ ਨਿਯੁਕਤ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਹੋਰ ਕਿਸੇ ਖ਼ਤਰਨਾਕ ਕੰਮ ਲਈ ਨਿਯੁਕਤ ਕੀਤਾ ਜਾਵੇਗਾ।

ਧਾਰਾ-39-(ਙ) ਰਾਜ ਆਪਣੀਆਂ ਨੀਤੀਆਂ ਵਿੱਚ ਇਸ ਤਰ੍ਹਾਂ ਨਿਰਧਾਰਤ ਕਰਨਗੇ ਕਿ ਕਿਰਤੀਆਂ ਦੀ ਸਿਹਤ ਅਤੇ ਉਨ੍ਹਾਂ ਦੀ ਸਮਰੱਥਾ ਸੁਰੱਖਿਅਤ ਰਹਿ ਸਕੇ। ਛੋਟੀ ਉਮਰ ਦੇ ਬੱਚਿਆਂ ਦਾ ਸ਼ੋਸ਼ਣ ਨਾ ਹੋਵੇ ਅਤੇ ਇਹ ਆਪਣੀ ਉਮਰ ਦੇ ਮੁਤਾਬਕ ਕੰਮ ਵਿੱਚ ਸਿਰਫ ਆਰਥਿਕ ਲੋੜਾਂ ਦੀ ਪੂਰਤੀ ਲਈ ਹੀ ਦਾਖਲ ਹੋਣ। ਧਾਰਾ-39(ਚ) ਦੇ ਅਨੁਸਾਰ ਬੱਚਿਆਂ ਨੂੰ ਤੰਦਰੁਸਤ ਢੰਗ ਨਾਲ ਸੁਤੰਤਰ ਅਤੇ ਸਨਮਾਨਜਨਕ ਹਾਲਾਤ ਵਿੱਚ ਵਿਕਾਸ ਦੇ ਮੌਕੇ ਅਤੇ ਸਹੂਲਤਾਂ ਦਿੱਤੀਆਂ ਜਾਣ। ਬੱਚਿਆਂ ਦੇ ਬਚਪਨ/ਜਵਾਨੀ ਨੂੰ ਨੈਤਿਕ ਅਤੇ ਭੌਤਿਕ ਦੁਰਉਪਯੋਗ ਤੋਂ ਬਚਾਇਆ ਜਾਵੇ।

ਧਾਰਾ 41 ਦੇ ਅਨੁਸਾਰ ਰਾਜ ਵਲੋਂ ਆਪਣੀ ਆਰਥਿਕ ਸਮਰੱਥਾ ਅਤੇ ਵਿਕਾਸ ਨੂੰ ਸੀਮਾਵਾਂ ਦੇ ਅਧੀਨ ਕੰਮ ਅਤੇ ਸਿੱਖਿਆ ਹਾਸਲ ਕਰਨ ਅਤੇ ਬੇਰੋਜ਼ਗਾਰੀ, ਬੁਢਾਪਾ, ਬਿਮਾਰੀ ਅਤੇ ਅਪਾਹਜਤਾ ਤੋਂ ਇਲਾਵਾ ਹੋਰ ਘਾਟਾਂ ਦੀ ਦਿਸ਼ਾ ਵਿੱਚ ਲੋਕ ਸਹਾਇਤਾ ਪਾਉਣ ਦੇ ਅਧਿਕਾਰਾਂ ਨੂੰ ਪ੍ਰਾਪਤ ਕਰਵਾਉਣ ਦਾ ਅਸਰਦਾਰ ਪ੍ਰਬੰਧ ਕੀਤਾ ਜਾਵੇਗਾ। ਧਾਰਾ 42 ਦੇ ਅਨੁਸਾਰ ਕੰਮ ਦੀ ਨਿਆਂਸੰਗਤ ਅਤੇ ਮਨੁੱਖ ਲਈ ਸਹੀ ਦਿਸ਼ਾ ਦਾ ਅਤੇ ਜਣੇਪਾ ਸਹਾਇਤਾ ਦੇ ਲਈ ਪ੍ਰਬੰਧ ਮੁਹੱਈਆ ਕਰਦੀ ਹੈ।

ਧਾਰਾ 43 ਦੇ ਅਨੁਸਾਰ ਰਾਜ, ਸਹੀ ਵਿਧਾਨ ਜਾਂ ਆਰਥਿਕ ਸੰਗਠਨ ਰਾਹੀਂ ਜਾਂ ਕਿਸੇ ਹੋਰ ਰੀਤ ਨਾਲ ਖੇਤੀਬਾੜੀ, ਸੱਨਅਤ ਜਾਂ ਹੋਰ ਤਰ੍ਹਾਂ ਦੇ ਸਾਰੇ ਕਿਰਤੀਆਂ ਨੂੰ ਕੰਮ, ਗੁਜ਼ਾਰਾ ਮਜ਼ਦੂਰੀ, ਸ਼ਿਸ਼ਟ ਜੀਵਨ ਪੱਧਰ ਅਤੇ ਛੁੱਟੀ ਦਾ ਸਮੁੱਚਾ ਉਪਭੋਗ ਯਕੀਨੀ ਕਰਵਾਉਣ ਵਾਲੇ ਕੰਮ ਦੇ ਹਾਲਾਤ ਅਤੇ ਸਮਾਜਕ ਅਤੇ ਸਭਿਆਚਾਰਕ ਮੌਕੇ ਹਾਸਲ ਕਰਨ ਦੇ ਮੌਕੇ ਮੁਹੱਈਆ ਕਰਵਾਉਂਦੀ ਹੈ। ਧਾਰਾ-43(ਏ) ਸੱਨਅਤਾਂ ਦੇ ਪ੍ਰਬੰਧਨ ਵਿੱਚ ਕਰਮਚਾਰੀਆਂ ਦੇ ਹਿੱਸਾ ਲੈਣ ਅਤੇ ਰਾਜ ਨੂੰ ਸੱਨਅਤਾਂ ਵਿੱਚ ਲੱਗੀਆਂ ਹੋਈਆਂ ਇਕਾਈਆਂ, ਉੱਦਮਾਂ ਜਾਂ ਹੋਰਨਾਂ ਸੰਗਠਨਾਂ ਦੇ ਪ੍ਰਬੰਧਨ ਵਿੱਚ ਕਰਮਚਾਰੀਆਂ ਦੀ ਹਿੱਸੇਦਾਰੀ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਕਾਨੂੰਨ ਰਾਹੀਂ ਜਾਂ ਕਿਸੇ ਹੋਰ ਰੀਤ ਨਾਲ ਕਦਮ ਉਠਾਉਣ ਦਾ ਹੁਕਮ ਦਿੰਦੀ ਹੈ।

ਧਾਰਾ 45 ਦੇ ਅਨੁਸਾਰ ਸੰਵਿਧਾਨ ਲਾਗੂ ਹੋਣ ਦੇ 10 ਸਾਲਾਂ ਦੇ ਵਿੱਚ ਰਾਜ 14 ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਮੁਫਤ ਅਤੇ ਜ਼ਰੂਰੀ/ਲਾਜ਼ਮੀ ਸਿੱਖਿਆ ਦੇਣ ਦਾ ਯਤਨ ਕਰਨਗੇ। 2002 ਤੋਂ ਪਹਿਲਾਂ 14 ਸਾਲ ਤੱਕ ਦੀ ਉਮਰ ਤੱਕ ਮੁਫ਼ਤ ਸਿੱਖਿਆ ਰਾਜ ਦਾ ਫਰਜ਼ ਸੀ। 2002 ਵਿੱਚ ਸੰਵਿਧਾਨਕ ਸੋਧ ਰਾਹੀਂ ਧਾਰਾ-21 (ਏ) ਵਿੱਚ ਇਸ ਨੂੰ ਬੁਨਿਆਦੀ ਅਧਿਕਾਰ ਬਣਾ ਦਿੱਤਾ ਗਿਆ।

## ਕਿਰਤੀਆਂ ਦੇ ਕਾਨੂੰਨੀ ਅਧਿਕਾਰ

ਭਾਰਤੀ ਸੰਵਿਧਾਨ ਵਿੱਚ ਕਿਰਤ ਨੂੰ ਸਮਵਰਤੀ ਸੂਚੀ ਵਿੱਚ ਰੱਖਿਆ ਗਿਆ ਹੈ। ਇਹ ਵਿਸ਼ਾ ਕੇਂਦਰ ਅਤੇ ਰਾਜ ਦੋਹਾਂ ਨਾਲ ਸੰਬੰਧਿਤ ਵਿਸ਼ਾ ਹੈ। ਸੰਵਿਧਾਨ ਦੇ ਅਨੁਸਾਰ ਇਸ ਦੇ ਲਈ ਨਵਾਂ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ। ਇਸ ਕਾਨੂੰਨ ਦੀ ਪਾਲਣਾ ਕਰਵਾਉਣ ਦਾ ਅਧਿਕਾਰ ਸੰਵਿਧਾਨ ਨੇ ਰਾਜ ਸਰਕਾਰਾਂ ਨੂੰ ਦਿੱਤਾ ਹੈ। ਸੰਗਠਤ ਅਤੇ ਅਸੰਗਠਤ ਖੇਤਰ ਦੇ ਕਿਰਤੀਆਂ ਦੀ ਜੇ ਗੱਲ ਕਰੀਏ ਤਾਂ ਕੁੱਲ 45 ਅਧਿਨੀਅਮ ਅਜਿਹੇ ਹਨ ਜੋ ਕਿਰਤੀਆਂ ਨਾਲ ਸੰਬੰਧਿਤ ਹਨ। ਇਨ੍ਹਾਂ ਵਿੱਚੋਂ 44 ਸੰਗਠਤ ਅਤੇ ਅਸੰਗਠਤ ਦੋਹਾਂ ਹੀ ਖੇਤਰਾਂ ਦੇ ਲੋਕਾਂ ਲਈ ਇਕੋਸਮਾਨ ਰੂਪ ਨਾਲ ਲਾਗੂ ਹਨ।

**ਕਿਉਂਕਿ ਇਹ ਕਾਨੂੰਨ ਵਧੇਰੇ ਕਰਕੇ ਸੰਗਠਤ ਖੇਤਰ ਦੇ ਕਿਰਤੀਆਂ ਨੂੰ ਫਾਇਦਾ ਪਹੁੰਚਾਉਂਦੇ ਹੋਏ ਦਿਸਦੇ ਹਨ, ਇਸ ਲਈ ਇਸ ਉਤੇ ਧਿਆਨ ਦਿੰਦੇ ਹੋਏ 93 ਪ੍ਰਤਿਸ਼ਤ ਦਾ ਹਿੱਸਾ ਰੱਖਣ ਵਾਲੇ ਅਸੰਗਠਤ ਖੇਤਰ ਦੇ ਕਿਰਤੀਆਂ ਦੇ ਲਈ 2008 ਵਿੱਚ ਅਸੰਗਠਤ ਕਿਰਤੀ ਸਮਾਜਕ ਸੁਰੱਖਿਆ ਕਾਨੂੰਨ-2008 ਬਣਾਇਆ ਗਿਆ।**

ਕਿਰਤੀਆਂ ਦੇ ਕਾਨੂੰਨੀ ਅਧਿਕਾਰਾਂ ਦੇ ਬਾਰੇ ਵਿੱਚ ਜੇਕਰ ਸੰਖੇਪ ਵਿੱਚ ਚਰਚਾ ਕਰੀਏ ਤਾਂ ਕਾਨੂੰਨਾਂ ਦਾ ਨਿਰਮਾਣ ਇਕ ਖ਼ਾਸ ਪ੍ਰਕਿਰਿਆ ਤੋਂ ਬਾਅਦ ਹੋਇਆ ਹੈ। ਜਿਵੇਂ ਕਿਰਤੀਆਂ ਵਿੱਚ ਬਾਲ ਮਜ਼ਦੂਰਾਂ ਦਾ ਇਕ ਵੱਡਾ ਵਰਗ ਹੈ। ਸਾਲ 1979 ਵਿੱਚ ਭਾਰਤ ਸਰਕਾਰ ਵਲੋਂ ਬਾਲ ਮਜ਼ਦੂਰੀ ਦੀ ਸਮੱਸਿਆ ਅਤੇ ਹੱਲ ਲਈ ਗੁਰੂਪਦ ਸਵਾਮੀ ਸਮਿਤੀ ਦਾ ਗਠਨ ਕੀਤਾ ਗਿਆ ਸੀ। ਇਸ ਸਮਿਤੀ ਨੇ ਆਪਣੀਆਂ ਸਿਫਾਰਸ਼ਾਂ ਪੇਸ਼ ਕਰਦਿਆਂ ਸੁਝਾਅ ਦਿੱਤਾ ਸੀ ਕਿ ਜਦੋਂ ਤੱਕ ਗਰੀਬੀ ਜਾਰੀ ਰਹੇਗੀ ਉਦੋਂ ਤੱਕ ਬਾਲ ਮਜ਼ਦੂਰੀ ਨੂੰ ਖਤਮ ਕਰਨਾ ਸੰਭਵ ਨਹੀਂ ਹੋਵੇਗਾ। ਸਿਰਫ ਵਿਗਿਆਨਕ ਜਾਮਾ ਪਾ ਕੇ ਇਸ ਮੁੱਦੇ ਉਤੇ ਪਾਬੰਦੀ ਲਗਾਉਣਾ ਇਕ ਵਿਹਾਰਕ ਹੱਲ ਨਹੀਂ ਹੋਵੇਗਾ। ਇਸ ਤੋਂ ਬਾਅਦ ਇਕ ਵਿਹਾਰਕ ਰਾਹ ਲੱਭਿਆ ਗਿਆ ਜਿਸ ਰਾਹੀਂ ਖ਼ਤਰਨਾਕ ਖੇਤਰਾਂ ਵਿੱਚ ਬਾਲ ਮਜ਼ਦੂਰੀ ਉਤੇ ਪਾਬੰਦੀ ਲਗਾ ਦਿੱਤੀ ਗਈ। ਜਿਸ ਦੇ ਅਧੀਨ ਜੋਖਮ ਭਰੇ ਧੰਦਿਆਂ ਅਤੇ ਕੰਮਾਂ ਵਿੱਚ ਲੱਗੇ ਬੱਚਿਆਂ ਦੇ ਮੁੜਵਸੇਬੇ ਉਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

## ਕਿਰਤੀ ਅਤੇ ਮਨੁੱਖੀ ਅਧਿਕਾਰ

ਦੂਜੀ ਵਿਸ਼ਵ ਜੰਗ ਤੋਂ ਬਾਅਦ ਪਹਿਲੇ

ਅਤੇ ਦੂਜੀ ਦੁਨੀਆਂ ਦੇ ਦੇਸ਼ਾਂ ਨੂੰ ਜਨ ਅਤੇ ਧਨ ਦਾ ਇੰਨਾ ਨੁਕਸਾਨ ਹੋਇਆ ਕਿ ਉਨ੍ਹਾਂ ਨੇ ਇਸ ਦੀ ਪੂਰਤੀ ਲਈ ਆਪਣਾ ਸਾਰਾ ਧਿਆਨ ਤੀਜੀ ਦੁਨੀਆਂ ਦੇ ਕੁਦਰਤੀ ਸੋਮਿਆਂ ਉਤੇ ਕੇਂਦਰਿਤ ਕਰ ਦਿੱਤਾ। ਤੀਜੀ ਦੁਨੀਆ ਦੇ ਕੁਦਰਤੀ ਸੋਮਿਆਂ ਨੂੰ ਹਾਸਲ ਕਰਨ ਦੇ ਲਈ ਇਨ੍ਹਾਂ ਨੂੰ ਉਨ੍ਹਾਂ ਦੇਸ਼ਾਂ ਦੇ ਮਜ਼ਦੂਰਾਂ ਦੀ ਹੀ ਲੋੜ ਸੀ। ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਪੈਠ ਬਣਾਉਣ ਲਈ ਵੱਡੇ ਦੇਸ਼ਾਂ ਦੇ ਸਮੂਹਾਂ ਨੇ ਮਨੁੱਖੀ ਅਧਿਕਾਰ ਨਾਂ ਦੇ ਸ਼ਬਦ ਦਾ ਇਸਤੇਮਾਲ ਕੀਤਾ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਨਾਂ ਉਤੇ ਛੋਟੇ ਦੇਸ਼ਾਂ ਵਿੱਚ ਆਪਣੀਆਂ ਜੜ੍ਹਾਂ ਮਜ਼ਬੂਤ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮਨੁੱਖੀ ਅਧਿਕਾਰ ਦਿਵਸ ਦੀ ਸ਼ੁਰੂਆਤ 10 ਦਸੰਬਰ, 1950 ਨੂੰ ਕੀਤੀ ਗਈ। ਇਸ ਤਰ੍ਹਾਂ ਮਨੁੱਖੀ ਅਧਿਕਾਰ ਇਕ ਅੰਤਰਰਾਸ਼ਟਰੀ ਵਿਸ਼ਾ ਹੈ।

**ਹੁਣ ਭਾਰਤ ਦੇ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਦੇ ਸੰਦਰਭ ਵਿੱਚ ਇਕ ਮਹੱਤਵਪੂਰਨ ਗੱਲ ਨੂੰ ਸਮਝਣਾ ਜ਼ਰੂਰੀ ਹੈ। ਜਦੋਂ ਅੰਤਰਰਾਸ਼ਟਰੀ ਪੱਧਰ ਉਤੇ ਮਨੁੱਖੀ ਅਧਿਕਾਰਾਂ ਬਾਰੇ ਚਰਚਾ ਅਤੇ ਬਹਿਸ ਚਲ ਰਹੀ ਸੀ ਉਸ ਸਮੇਂ ਭਾਰਤ ਵਿੱਚ ਅਜ਼ਾਦੀ ਤੋਂ ਬਾਅਦ ਸੰਵਿਧਾਨ ਨਿਰਮਾਣ ਦੀ ਕਾਰਵਾਈ ਵੀ ਚਲ ਰਹੀ ਸੀ। ਜਿਨ੍ਹਾਂ ਅਧਿਕਾਰਾਂ ਨੂੰ ਅੰਤਰਰਾਸ਼ਟਰੀ ਪੱਧਰ ਉਤੇ ਮਨੁੱਖੀ ਅਧਿਕਾਰ ਦੱਸਿਆ ਜਾ ਰਿਹਾ ਸੀ ਉਨ੍ਹਾਂ ਅਧਿਕਾਰਾਂ ਨੂੰ ਭਾਰਤੀ ਸੰਵਿਧਾਨ ਵਿੱਚ ਬੁਨਿਆਦੀ ਅਧਿਕਾਰਾਂ ਦੇ ਰੂਪ ਵਿੱਚ ਸ਼ਾਮਲ ਕਰ ਲਿਆ ਗਿਆ।**

ਭਾਰਤ ਵਿੱਚ ਬੁਨਿਆਦੀ ਅਧਿਕਾਰਾਂ ਰਾਹੀਂ ਭਾਰਤੀ ਨਾਗਰਿਕਾਂ ਨੂੰ ਸਾਰੇ ਮਨੁੱਖੀ ਅਧਿਕਾਰ ਪ੍ਰਦਾਨ ਕਰ ਦਿੱਤੇ ਗਏ। ਇਸ ਤਰ੍ਹਾਂ ਵੱਖ ਤੌਰ ਤੇ ਮਨੁੱਖੀ ਅਧਿਕਾਰਾਂ ਦੀ ਲੋੜ ਨਹੀਂ ਰਹਿ ਗਈ। ਇਸ ਤੋਂ ਬਾਅਦ ਲੋਕਤੰਤਰ ਦੀ ਲੋੜ ਅਨੁਸਾਰ ਅਤੇ ਸੰਵਿਧਾਨਕ ਸੋਧ ਦੀ ਨਿਯਮਤ ਪ੍ਰਕਿਰਿਆ ਰਾਹੀਂ ਇਹ ਮਹਿਸੂਸ ਕੀਤਾ ਗਿਆ ਕਿ ਬੁਨਿਆਦੀ ਅਧਿਕਾਰਾਂ ਨੂੰ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਇਕ ਵੱਖ ਕਾਨੂੰਨ ਦੀ ਲੋੜ ਹੈ। ਇਸ ਤਰ੍ਹਾਂ ਮਨੁੱਖੀ ਅਧਿਕਾਰ ਸੰਭਾਲ ਕਾਨੂੰਨ 1993 ਦੀ ਨੀਂਹ ਰੱਖੀ ਗਈ। ਭਾਰਤ ਵਿੱਚ ਕਿਰਤੀਆਂ ਦੇ ਸੰਦਰਭ ਵਿੱਚ ਇਸ ਦੇ ਮਹੱਤਵ ਦੇ ਚਲਦਿਆਂ ਮਨੁੱਖੀ ਅਧਿਕਾਰ ਸੰਭਾਲ ਕਾਨੂੰਨ ਦੇ ਅਧੀਨ ਉਪਚਾਰ ਮੁਹੱਈਆ ਕੀਤਾ ਗਿਆ।

## ਅਦਾਲਤਾਂ ਵਲੋਂ ਦਿੱਤੇ ਅਧਿਕਾਰ

ਸੰਵਿਧਾਨ ਦੀ ਧਾਰਾ 32 ਵਿੱਚ ਬੁਨਿਆਦੀ ਅਧਿਕਾਰਾਂ ਨੂੰ ਪ੍ਰਾਪਤ ਕਰਨਾ ਵੀ ਇਕ ਅਧਿਕਾਰ ਹੈ, ਕਹਿ ਕੇ ਅਧਿਕਾਰਾਂ ਦੇ ਪ੍ਰਾਪਤ ਨਾ ਹੋਣ ਦੀ ਸਥਿਤੀ ਵਿੱਚ ਅਦਾਲਤ ਦੀ ਸ਼ਰਨ ਲੈਣ ਨੂੰ ਇਕ ਅਧਿਕਾਰ ਬਣਾ ਦਿੱਤਾ। ਦੇਸ਼ ਦੇ ਨਾਗਰਿਕਾਂ ਅਤੇ ਕਿਰਤੀਆਂ ਦੇ ਹਿੱਤਾਂ ਦੀ ਰਾਖੀ ਦੇ ਲਈ ਕੀਤੀਆਂ ਜਾਣ ਵਾਲੀਆਂ ਜਨਹਿਤ ਅਪੀਲਾਂ ਇਸੇ ਨਿਯਮ-32 ਦੇ ਅਧੀਨ ਅਧਿਕਾਰਾਂ ਦਾ ਹੱਲ ਮੁਹੱਈਆ ਕਰਵਾਉਂਦੀਆਂ ਹਨ। ਕਿਰਤੀਆਂ ਦੇ ਅਧਿਕਾਰ ਅਤੇ ਮਨੁੱਖੀ ਅਧਿਕਾਰ ਪ੍ਰਦਾਨ ਕਰਨ ਦੇ ਸੰਦਰਭ ਵਿੱਚ ਜਨਹਿਤ ਅਪੀਲਾਂ ਭਾਰਤੀ ਕਾਨੂੰਨ ਤੰਤਰ ਦੇ ਅਧੀਨ ਇਕ ਮਹੱਤਵਪੂਰਨ ਬਦਲ ਸਾਬਤ ਹੋਈਆਂ ਹਨ। ਜਨਹਿਤ ਅਪੀਲਾਂ ਦੋ ਅਧਾਰ ਉਤੇ ਕੀਤੀਆਂ ਜਾਂਦੀਆਂ ਹਨ। ਪਹਿਲਾ ਜਦੋਂ ਕਾਨੂੰਨੀ ਪ੍ਰਕਿਰਿਆ ਰਾਹੀਂ ਹੱਲ ਪ੍ਰਾਪਤ ਕਰਨਾ ਹੋਵੇ ਅਤੇ ਸੰਵਿਧਾਨ ਦੀ ਕਿਸੇ ਧਾਰਾ ਦੀ ਵਿਆਖਿਆ ਕਰਨੀ ਹੋਵੇ। ਦੂਜਾ ਜਨਹਿਤ ਦੇ ਕਿਸੇ ਵਿਸ਼ੇ ਨੂੰ ਅਦਾਲਤ ਦੇ ਸਾਹਮਣੇ ਲਿਆ ਕੇ ਉਸ ਉਤੇ ਅਦਾਲਤ ਦੀ ਕੋਈ ਰਾਏ ਲੈਣੀ ਹੋਵੇ। ਕਿਰਤੀਆਂ ਨੂੰ ਅਧਿਕਾਰ ਦਵਾਉਣ ਵਾਲੀਆਂ ਜਨਹਿਤ ਅਪੀਲਾਂ ਇਸੇ ਸਹੂਲਤ ਦੇ ਅਧੀਨ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਵਿੱਚ ਧਾਰਾ-32 ਅਤੇ ਉੱਚ ਅਦਾਲਤ ਯਾਨੀ ਹਾਈ ਕੋਰਟ ਵਿੱਚ ਧਾਰਾ-226 ਦੇ ਅਧੀਨ ਦਾਇਰ ਅਪੀਲਾਂ ਉਤੇ ਸੰਵਿਧਾਨ ਨਿਰਮਾਣ ਦੇ ਬਾਅਦ ਤੋਂ ਅੱਜ ਤੱਕ ਅਦਾਲਤ ਵਲੋਂ ਦਿੱਤੇ ਗਏ ਕਿਰਤੀ ਅਧਿਕਾਰਾਂ ਵਿੱਚ ਕੁੱਝ ਮਹੱਤਵਪੂਰਨ ਫੈਸਲੇ ਇਸ ਤਰ੍ਹਾਂ ਹਨ।

ਮਿਨਰਵਾ ਮਿਲਜ਼ ਬਨਾਮ ਭਾਰਤ ਸੰਘ 1980 ਦਾ ਫੈਸਲਾ ਇਸ ਦਾ ਸ਼ੁਰੂਆਤੀ ਅਧਾਰ ਮੰਨਿਆ ਗਿਆ ਹੈ। ਇਸ ਫੈਸਲੇ ਵਿੱਚ ਇਹ ਨਿਰਧਾਰਤ ਕੀਤਾ ਗਿਆ ਕਿ ਸੰਵਿਧਾਨ ਦੇ ਬੁਨਿਆਦੀ ਲੱਛਣਾ ਦੀ ਰਾਖੀ ਕਰਨ ਦਾ ਅਧਿਕਾਰ ਅਦਾਲਤ ਕੋਲ ਹੈ। ਅਦਾਲਤ ਇਸ ਅਧਾਰ ਉਤੇ ਕਿਸੇ ਵੀ ਸੋਧ ਦਾ ਮੁੜ ਨਰੀਖਣ ਕਰ ਸਕਦੀ ਹੈ। ਇਸ ਦੇ ਰਾਹੀਂ 42ਵੀਂ ਸੰਵਿਧਾਨਕ ਸੋਧ ਰਾਹੀਂ ਕੀਤੀ ਗਈ ਵਿਵਸਥਾ ਨੂੰ ਵੀ ਸਮਾਪਤ ਕਰ ਦਿੱਤਾ ਗਿਆ। ਪੀਪਲਸ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ ਬਨਾਮ ਭਾਰਤ ਸੰਘ (ਏ ਆਈ ਆਰ 1982; ਐਸ ਸੀ 1943) ਦੇ ਬਾਅਦ ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਧਾਰਾ 23 ਦਾ ਵਿਸਤਾਰੀਕਰਨ ਕਰਦਿਆਂ ਮਜ਼ਦੂਰਾਂ ਨੂੰ ਘੱਟੋ-ਘੱਟ ਮਜ਼ਦੂਰੀ ਨਾ ਦਿੱਤੇ ਜਾਣ ਨੂੰ ਵਗਾਰ ਦਾ ਨਾਂ ਦਿੱਤਾ ਅਤੇ ਇਸ ਨੂੰ ਸੰਵਿਧਾਨ ਦੀ ਧਾਰਾ 23 ਦੀ ਉਲੰਘਣਾ ਦੱਸਿਆ। ਬੰਧੂਆ ਮੁਕਤੀ ਮੋਰਚਾ (ਏ ਆਈ ਆਰ 1984, ਐਸ ਸੀ 802) ਦੇ ਝਗੜੇ ਦੇ ਮਾਮਲੇ ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਇਹ ਫੈਸਲਾ ਦਿੱਤਾ ਕਿ ਸਰਕਾਰ ਦੀ ਇਹ ਸੰਵਿਧਾਨਕ ਜ਼ਿੰਮੇਵਾਰੀ ਹੈ ਕਿ ਉਹ ਸੰਵਿਧਾਨ ਦੀ ਧਾਰਾ-23 ਦੇ ਅਧੀਨ ਕਿਸੇ ਵੀ ਤਰ੍ਹਾਂ ਦੀ ਜਬਰੀ ਮਜ਼ਦੂਰੀ ਉਤੇ ਰੋਕ ਲਗਾਵੇ ਪਰ ਸਰਕਾਰ ਵਲੋਂ ਬੰਧੂਆ ਮਜ਼ਦੂਰ ਪ੍ਰਬੰਧ (ਲਾਗੂ ਕਰਨ) ਨਿਯਮ 1976 ਨੂੰ ਬਣਾਉਣ ਤੋਂ ਇਲਾਵਾ ਉਨੀ ਗੰਭੀਰਤਾ ਨਾਲ ਯਤਨ ਨਹੀਂ ਕੀਤੇ ਗਏ ਜਿੰਨੇ ਹੋਣੇ ਚਾਹੀਦੇ ਸਨ। ਇਸ ਤੋਂ ਅੱਗੇ ਸੁਪਰੀਮ ਕੋਰਟ ਨੇ ਕਿਰਤ ਅਧਿਕਾਰਾਂ ਦੀ ਵਿਆਖਿਆ ਕਰਦਿਆਂ ਕਿਹਾ ਕਿ ਜੇਕਰ ਕਿਸੇ ਜਨਹਿਤ ਅਪੀਲ ਰਾਹੀਂ ਇਹ ਵੇਖਣ ਵਿੱਚ ਆਉਂਦਾ ਹੈ ਕਿ ਬੰਦੂਆ ਮਜ਼ਦੂਰੀ ਅਜੇ ਵੀ ਜਾਰੀ ਹੈ ਤਾਂ ਸਰਕਾਰ ਨੂੰ ਅਜਿਹੀ ਅਪੀਲ ਦਾ ਸਵਾਗਤ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਦੂਰ ਕਰਨ ਲਈ ਲੋੜੀਂਦੇ ਕਦਮ ਵੀ ਚੁੱਕਣੇ ਚਾਹੀਦੇ ਹਨ।

ਸੁਭਾਸ਼ ਕੁਮਾਰ ਬਨਾਮ ਬਿਹਾਰ ਰਾਜ (ਏ ਆਈ ਆਰ 1991, ਐਸ ਸੀ 420) ਦੇ ਝਗੜੇ ਵਿੱਚ ਇਕ ਮਹੱਤਵਪੂਰਨ ਫੈਸਲਾ ਦਿੰਦਿਆਂ ਮਾਣਯੋਗ ਸੁਪਰੀਮ ਕੋਰਟ ਨੇ ਕਿਹਾ ਕਿ ਦੇਸ਼ ਦੇ ਨਾਗਰਿਕਾਂ ਨੂੰ ਸਾਫ ਹਵਾ ਅਤੇ ਪਾਣੀ ਪਾਉਣ ਦਾ ਅਧਿਕਾਰ ਧਾਰਾ-21 ਦੇ ਬੁਨਿਆਦੀ ਅਧਿਕਾਰਾਂ ਦਾ ਹੀ ਇਕ ਹਿੱਸਾ ਹੈ ਅਤੇ ਉਨ੍ਹਾਂ ਨੂੰ ਇਸ ਤੋਂ ਵਾਂਝਿਆ ਨਹੀ ਕੀਤਾ ਜਾ ਸਕਦਾ। ਇਹ ਫੈਸਲਾ ਰਸਾਇਣਕ ਸੱਨਅਤਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਸੰਦਰਭ ਵਿੱਚ ਇਕ ਮਹੱਤਵਪੂਰਨ ਅਧਿਕਾਰ ਪ੍ਰਦਾਨ ਕਰਦਾ ਹੈ। ਵਰਤਮਾਨ ਵਿੱਚ ਇਸ ਫੈਸਲੇ ਦੀ ਵਿਆਖਿਆ ਵਧੇਰੇ ਕਿਰਨਾਂ ਛੱਡਣ ਵਾਲੇ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ

ਅਧਿਕਾਰਾਂ ਦੇ ਸੰਦਰਭ ਵਿੱਚ ਵੀ ਕੀਤੀ ਜਾ ਸਕਦੀ ਹੈ। ਐੱਸ ਸੀ ਮਹਿਤਾ ਬਨਾਮ ਤਾਮਿਲਨਾਡੂ ਰਾਜ (ਈ ਆਈ ਆਰ 1997, ਐੱਸ ਸੀ 699) ਵਿੱਚ ਇਥੇ ਮਾਣਯੋਗ ਸੁਪਰੀਮ ਕੋਰਟ ਵਲੋਂ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਖ਼ਤਰਨਾਕ ਫੈਕਟਰੀਆਂ, ਖਾਣਾਂ ਆਦਿ ਵਿੱਚ ਕੰਮ ਕਰਨ ਉਤੇ ਰੋਕ ਲਗਾਈ ਗਈ। ਹਾਲਾਂਕਿ ਬਾਲ ਮਜ਼ਦੂਰੀ ਹੋਰ ਕਾਨੂੰਨ ਦੇ ਅਧੀਨ ਪਹਿਲਾਂ ਤੋਂ ਹੀ ਵਰਜਿਤ ਸੀ। ਇਸ ਝਗੜੇ ਦੇ ਫੈਸਲੇ ਰਾਹੀਂ ਕਿਰਤੀਆਂ ਨੂੰ ਧਾਰਾ-24 ਦੇ ਅਧੀਨ ਮਿਲੇ ਅਧਿਕਾਰਾਂ ਦੀ ਵਿਆਖਿਆ ਹੋਈ। ਇਹ ਝਗੜਾ ਕਿਰਤੀਆਂ ਦੀ ਸਿਹਤ ਅਤੇ ਬੱਚਿਆਂ ਦੇ ਜੀਵਨ ਦੀ ਰਾਖੀ ਨਾਲ ਸੰਬੰਧਿਤ ਬਹੁਤ ਮਹੱਤਵਪੂਰਨ ਅਧਿਕਾਰ ਪ੍ਰਦਾਨ ਕਰਦਾ ਹੈ।

## ਦਿਵਿਆਂਗ ਜਨ ਅਧਿਕਾਰ ਕਾਨੂੰਨ 2016

ਅੰਤਰਰਾਸ਼ਟਰੀ ਕਿਰਤ ਸੰਗਠਨ ਦੀ 2011 ਦੀ ਰਿਪੋਰਟ ਦੇ ਅਨੁਸਾਰ ਭਾਰਤ ਵਿੱਚ 73 ਪ੍ਰਤਿਸ਼ਤ ਦਿਵਿਆਂਗ ਕਿਰਤ-ਸ਼ਕਤੀ ਤੋਂ ਬਾਹਰੀ ਹਨ। ਇਸੇ ਰਿਪੋਰਟ ਦੇ ਅਨੁਸਾਰ ਮਾਨਸਿਕ ਤੌਰ ਤੇ ਅਪਹਾਜ, ਦਿਵਿਆਂਗ ਔਰਤਾਂ ਅਤੇ ਪੇਂਡੂ ਖੇਤਰ ਦੇ ਦਿਵਿਆਂਗ ਸਭ ਤੋਂ ਵੱਧ ਸਹੂਲਤਾਂ ਤੋਂ ਵਾਂਝੇ ਹਨ। ਅੱਧੇ ਤੋਂ ਵੱਧ ਦਿਵਿਆਂਗ ਬੱਚੇ ਸਕੂਲ ਨਹੀਂ ਆਉਂਦੇ। 2011 ਦੀ ਜਨਗਣਨਾ ਦੇ ਅਨੁਸਾਰ ਭਾਰਤ ਵਿੱਚ 2.21 ਪ੍ਰਤਿਸ਼ਤ (ਲਗਭਗ 2.68 ਕਰੋੜ) ਦਿਵਿਆਂਗ ਹਨ। ਸਰਕਾਰੀ ਆਂਕੜਿਆਂ ਤੋਂ ਵੱਖ ਜਿਹੜੀ ਰਿਪੋਰਟ ਪੜ੍ਹਨ ਨੂੰ ਮਿਲਦੀ ਹੈ ਉਸ ਦੇ ਅਨੁਸਾਰ ਇਹ ਆਂਕੜਾ 5 ਪ੍ਰਤਿਸ਼ਤ ਤੱਕ ਹੋ ਸਕਦਾ ਹੈ। ਇਸ ਤਰ੍ਹਾਂ ਦੇਸ਼ ਦੀ ਆਬਾਦੀ ਵਿੱਚ ਇਕ ਵੱਡਾ ਹਿੱਸਾ ਰੱਖਣ ਵਾਲੇ ਦਿਵਿਆਂਗਾਂ ਦੇ ਅਧਿਕਾਰਾਂ ਲਈ 'ਦਿਵਿਆਂਗ ਜਨ ਦੇ ਅਧਿਕਾਰ ਕਾਨੂੰਨ-2016' ਇਕ ਮਹੱਤਵਪੂਰਨ ਸ਼ੁਰੂਆਤ ਹੈ। ਹਾਲਾਂਕਿ ਭਾਰਤ ਨੇ ਦਿਵਿਆਗ ਅਧਿਕਾਰਾਂ ਦੀ ਪੁਸ਼ਟੀ 2007 ਦੀ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਕਰ ਦਿੱਤੀ ਸੀ ਪਰ ਉਸ ਉਤੇ ਅਮਲ ਹੁਣ ਹੋ ਸਕਦਾ ਹੈ। ਇਸ ਦੇ ਨਾਲ ਹੀ 2011 ਵਿੱਚ ਦਿਵਿਆਂਗ ਹੁਨਰ ਸਿਖਲਾਈ ਦੀ ਯੋਜਨਾ ਦੀ ਵੀ ਸ਼ੁਰੂਆਤ ਹੋਈ ਹੈ। ਐੱਨ ਐੱਸ ਡੀ ਸੀ ਅਤੇ ਦਿਵਿਆਂਗ ਸਸ਼ਕਤੀਕਰਨ ਵਿਭਾਗ ਦੇ ਸਾਂਝੇ ਉੱਦਮਾਂ ਨਾਲ ਤਿੰਨ ਸਾਲ ਵਿੱਚ ਪੰਜ ਲੱਖ ਦਿਵਿਆਂਗ ਵਿਅਕਤੀਆਂ ਨੂੰ ਹੁਨਰ ਵਿਕਾਸ ਦੇ ਅਧੀਨ ਸਿਖਲਾਈ ਦੇਣ ਦੀ ਯੋਜਨਾ ਹੈ। ਇਸ ਉਤਸ਼ਾਹੀ ਯੋਜਨਾ ਵਿੱਚ 2022 ਤੱਕ 25 ਲੱਖ ਦਿਵਿਆਂਗਾਂ ਨੂੰ ਕੁਸ਼ਲ ਵਿਕਾਸ ਦੇ ਅਧੀਨ ਸਿਖਲਾਈ ਦੇਣ ਦਾ ਟੀਚਾ ਮਿਥਿਆ ਗਿਆ ਹੈ।

## ਕਿਰਤੀਆਂ ਦੇ ਅਧਿਕਾਰ ਜ਼ਮੀਨੀ ਪੱਧਰ ਤੱਕ ਨਾ ਪਹੁੰਚਣ ਦੇ ਪ੍ਰਮੁੱਖ ਕਾਰਨ

ਭਾਰਤ ਵਿੱਚ ਸੰਵਿਧਾਨਕ, ਕਾਨੂੰਨੀ ਅਤੇ ਅਦਾਲਤਾਂ ਵਲੋਂ ਦਿੱਤੇ ਜਾਂਦੇ ਅਧਿਕਾਰਾਂ ਦੇ ਬਾਵਜੂਦ ਭਾਰਤ ਦਾ ਆਈ ਟੀ ਯੂ ਸੀ ਦੇ ਵਿਸ਼ਵੀ ਅਧਿਕਾਰ ਸੂਚਕ ਵਿੱਚ ਬਹੁਤ ਹੇਠਲੇ ਪੱਧਰ ਉਤੇ ਰਹਿਣ ਦੇ ਕਈ ਕਾਰਨ ਹਨ। ਇਨ੍ਹਾਂ ਵਿੱਚੋਂ ਚਾਰ ਕਾਰਕ ਪ੍ਰਮੁੱਖ ਹਨ। ਘਟੀਆ ਸਿਹਤ ਸੇਵਾਵਾਂ, ਅਦਾਲਤਾਂ ਵਿੱਚ ਝਗੜਿਆਂ ਦਾ ਲੋੜ ਨਾਲੋਂ ਵੱਧ ਲੰਬੇ ਖਿਚਣਾ, ਬਦਤਰ ਸਿੱਖਿਆ ਸੇਵਾਵਾਂ ਅਤੇ ਪੁਲੀਸ ਪ੍ਰਸ਼ਾਸਨ ਦਾ ਡਰ।

**ਇਕ ਪਾਸੇ ਭਾਰਤ ਆਪਣੀਆਂ ਸਿਹਤ ਸੇਵਾਵਾਂ ਤੇ ਸਿਰਫ 4.2 ਪ੍ਰਤਿਸ਼ਤ ਖਰਚ ਕਰਦਾ ਹੈ ਉਥੇ ਹੀ ਅਮਰੀਕਾ 18.6 ਪ੍ਰਤਿਸ਼ਤ ਅਤੇ ਜਰਮਨੀ 20.1 ਪ੍ਰਤਿਸ਼ਤ ਆਪਣੀਆਂ ਸਿਹਤ ਸੇਵਾਵਾਂ ਉਤੇ ਖਰਚ ਕਰਦਾ ਹੈ। ਇਹ ਆਂਕੜੇ ਇਸ ਗੱਲ ਦੇ ਗਵਾਹ ਹਨ ਕਿ ਸਿਹਤ ਭਾਰਤ ਵਿੱਚ ਤਰਜੀਹ ਦਾ ਖੇਤਰ ਨਹੀਂ ਰਿਹਾ ਹੈ। ਭਾਰਤ ਦੇ ਸੰਦਰਭ ਵਿੱਚ ਇਹ ਇਸ ਲਈ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਭਾਰਤ ਦਾ ਇਕ ਵੱਡਾ ਕਿਰਤੀ ਵਰਗ ਅੱਜ ਵੀ ਸਰਕਾਰੀ ਸਿਹਤ ਸੇਵਾਵਾਂ ਉਤੇ ਨਿਰਭਰ ਹੈ। ਉੱਚ ਵਰਗ ਅਤੇ ਮੱਧ ਵਰਗ ਦੇ ਲੋਕ ਨਿੱਜੀ ਹਸਪਤਾਲਾਂ ਰਾਹੀਂ ਸਿਹਤ ਲਾਭ ਲੈ ਲੈਂਦੇ ਹਨ ਪਰ ਕਿਰਤੀ ਵਰਗ ਘਟੀਆ ਜਨਤਕ ਸਿਹਤ ਸੇਵਾਵਾਂ ਦੇ ਕਾਰਨ ਆਪਣੇ ਅਧਿਕਾਰਾਂ ਤੋਂ ਵਾਂਝੇ ਰਹਿ ਜਾਂਦੇ ਹਨ।**

## ਅਦਾਲਤੀ ਫੈਸਲਿਆਂ ਵਿੱਚ ਦੇਰੀ – ਅਧਿਕਾਰਾਂ ਦੀ ਰਾਹ 'ਚ ਵੱਡੀ ਅੜਚਨ

ਕਿਰਤੀ ਵਰਗ ਦੇ ਅਧਿਕਾਰਾਂ ਦੀ ਪੂਰੀ ਤੌਰ ਤੇ ਪ੍ਰਾਪਤੀ ਵਿੱਚ ਅਦਾਲਤੀ ਦੇਰੀ ਇਕ ਵੱਡੀ ਅੜਚਨ ਹੈ। ਇਕ ਆਂਕੜੇ ਦੇ ਅਨੁਸਾਰ ਭਾਰਤ ਦੀਆਂ ਅਦਾਲਤਾਂ ਵਿੱਚ ਤਕਰੀਬਨ 3 ਕਰੋੜ ਅਪੀਲ ਕਰਤਾਵਾਂ ਦੇ 3.15 ਕਰੋੜ ਮੁਕਦਮੇ ਲਟਕ ਰਹੇ ਹਨ। ਹਰ ਚੌਥਾ ਵਿਅਕਤੀ ਭਾਰਤ ਵਿੱਚ ਮੁਕੱਦਮੇਬਾਜ਼ੀ ਦੇ ਝਮੇਲਿਆਂ ਵਿੱਚ ਫਸਿਆ ਹੋਇਆ ਹੈ। ਜੇਕਰ ਗਿਣਤੀ ਇਸੇ ਤਰ੍ਹਾਂ ਵਧਦੀ ਚਲੀ ਜਾਂਦੀ ਹੈ ਤਾਂ ਆਉਣ ਵਾਲੇ ਵੀਹ ਸਾਲਾਂ ਵਿੱਚ ਹਰ ਦੂਜਾ ਵਿਅਕਤੀ ਭਾਰਤ ਵਿੱਚ ਕੋਈ ਨਾ ਕੋਈ ਮੁਕੱਦਮਾ ਲੜ ਰਿਹਾ ਹੋਵੇਗਾ। ਭਾਰਤ ਦੀ ਸੁਪਰੀਮ ਕੋਰਟ ਨੇ ਹੁਣ ਤੱਕ ਲਗਭਗ 40,000 ਮਾਮਲਿਆਂ ਵਿੱਚ ਫੈਸਲਾ ਦਿੱਤਾ ਹੈ। ਮਾਮਲਿਆਂ ਨੂੰ ਨਿਪਟਾਉਣ ਦੀ ਔਸਤ ਦੇ ਸੰਦਰਭ ਵਿੱਚ ਇਹ 600 ਮਾਮਲੇ ਸਾਲਾਨਾ ਬਣਦਾ ਹੈ। ਹੁਣ ਜੇਕਰ ਅਦਾਲਤਾਂ ਆਪਣੀ ਰਫ਼ਤਾਰ ਨੂੰ ਲਗਭਗ ਦੁੱਗਣੀ ਕਰਦਿਆਂ 1000 ਮਾਮਲੇ ਹਰ ਸਾਲ ਨਿਪਟਾਉਣ ਲਗਣ ਤਾਂ ਵੀ ਮੌਜੂਦਾ ਮਾਮਲਿਆਂ ਨੂੰ ਨਿਪਟਾਉਣ ਵਿੱਚ ਅਜੇ 60 ਸਾਲ ਹੋਰ ਲਗ ਜਾਣਗੇ। ਜੇਕਰ ਉੱਚ ਅਦਾਲਤਾਂ ਦੀ ਗੱਲ ਕਰੀਏ ਤਾਂ ਜੇਕਰ ਜੱਜ 500 ਫੈਸਲੇ ਹਰ ਸਾਲ ਸੁਣਾਉਂਦਾ ਹੈ ਤਾਂ ਮੁਕੱਦਮਿਆਂ ਦੇ ਨਿਪਟਾਰੇ ਵਿੱਚ 15 ਸਾਲ ਦਾ ਸਮਾਂ ਅਜੇ ਹੋਰ ਲਗੇਗਾ। ਜੇਕਰ ਹੇਠਲੀਆਂ ਅਦਾਲਤਾਂ ਦੀ ਗੱਲ ਕਰੀਏ ਤਾਂ ਲਗਭਗ 15000 ਜੱਜਾਂ ਵਲੋਂ 2.7 ਕਰੋੜ ਮਾਮਲਿਆਂ ਦੇ ਨਿਪਟਾਰੇ ਵਿੱਚ ਘੱਟੋ-ਘੱਟ ਦਸ ਸਾਲ ਦਾ ਸਮਾਂ ਲਗੇਗਾ। ਕਿਉਂਕਿ ਇਨ੍ਹਾਂ ਮੁਕੱਦਮਿਆਂ ਵਿੱਚ ਦੀਵਾਨੀ ਮਾਮਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ ਤਾਂ ਇਨ੍ਹਾਂ ਮੁਕੱਦਮਿਆਂ ਦੇ ਫੈਸਲਿਆਂ ਵਿੱਚ ਦੇਰੀ ਪਰਤੱਖ ਜਾਂ ਅਪ੍ਰਤੱਖ ਤੌਰ ਤੇ ਕਿਰਤੀ ਵਰਗ ਨੂੰ ਪ੍ਰਭਾਵਤ ਕਰਦੀ ਹੈ। ਹੁਣ ਇਹ ਗੱਲ ਵੀ ਕਿਸੇ ਤੋਂ ਛੁਪੀ ਨਹੀਂ ਕਿ ਅਮੀਰ ਲੋਕ ਮਹਿੰਗੇ ਵਕੀਲਾਂ ਅਤੇ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਦੇ ਰਾਹੀਂ ਕਾਫੀ ਕੁੱਝ ਆਪਣੇ ਪੱਖ ਵਿੱਚ ਕਰਵਾਉਣ ਦੇ ਸਮਰੱਥ ਹੁੰਦੇ ਹਨ। ਭਾਰਤ ਦਾ ਗਰੀਬ ਅਤੇ ਕਿਰਤੀ ਵਰਗ ਨਿਆਂਪਾਲਿਕਾ ਵਿੱਚ ਸਿਰਫ ਆਪਣੇ ਅਧਿਕਾਰਾਂ ਦੇ ਲਈ ਪਿਸਦਾ ਰਹਿੰਦਾ ਹੈ। ਕਿਰਤੀਆਂ ਦੇ ਅਧਿਕਾਰਾਂ ਦੀ ਗੱਲ

| ਤਾਲਿਕਾ-2 : ਭਾਰਤ ਦੀ ਸ਼ਹਿਰੀ ਤੇ ਪੇਂਡੂ ਅਬਾਦੀ (ਜਨਗਣਤਾ ਦਾ ਅਧਾਰ) | | |
|---|---|---|
| ਸਾਲ | ਪੇਂਡੂ | ਸ਼ਹਿਰੀ |
| 1951 | 82.7 ਪ੍ਰਤਿਸ਼ਤ | 17.3 ਪ੍ਰਤਿਸ਼ਤ |
| 2001 | 72.19 ਪ੍ਰਤਿਸ਼ਤ | 27.81 ਪ੍ਰਤਿਸ਼ਤ |
| 2011 | 68.84 ਪ੍ਰਤਿਸ਼ਤ | 31.16 ਪ੍ਰਤਿਸ਼ਤ |

ਕਰਦੇ ਸਮੇਂ ਸਾਨੂੰ ਅਧਿਕਾਰ ਪ੍ਰਦਾਨ ਕਰਨ ਵਾਲੇ ਪ੍ਰਮੁੱਖ ਧੁਰੇ ਜੱਜਾਂ ਵੱਲ ਵੀ ਵੇਖਣਾ ਪਵੇਗਾ।

**ਭਾਰਤ ਦੇ ਪ੍ਰਤਿ 10 ਲੱਖ ਦੀ ਆਬਾਦੀ ਉਤੇ 14 ਜੱਜ ਕੰਮ ਕਰ ਰਹੇ ਹਨ ਬਰਤਾਨੀਆ ਵਿੱਚ ਇੰਨੀ ਹੀ ਆਬਾਦੀ ਉਤੇ 50 ਜੱਜ ਅਤੇ ਅਮਰੀਕਾ ਵਿੱਚ 100 ਜੱਜ ਕੰਮ ਕਰਦੇ ਹਨ। ਭਾਰਤ ਵਿੱਚ ਜੱਜ ਸਾਲ ਵਿੱਚ 81 ਮਾਮਲੇ ਹੀ ਨਿਪਟਾਉਂਦੇ ਹਨ। ਆਪਣੇ ਅਧਿਕਾਰਾਂ ਨੂੰ ਹਾਸਲ ਕਰਨ ਲਈ ਅੰਤ ਵਿੱਚ ਅਦਾਲਤ ਦੀ ਸ਼ਰਣ ਵਿੱਚ ਜਾਣ ਉਤੇ ਉਥੇ ਨਿਆਂ ਵਿੱਚ ਦੇਰੀ ਅਧਿਕਾਰਾਂ ਦੀ ਉਲੰਘਣਾ ਦਾ ਮਹੱਤਵਪੂਰਨ ਕਾਰਨ ਹੈ।**

## ਕਿਰਤੀਆਂ ਨੂੰ ਅਧਿਕਾਰ ਨਾ ਮਿਲਣ ਦੇ ਮਾੜੇ ਨਤੀਜੇ

ਸਾਡੀਆਂ ਸਰਕਾਰਾਂ ਪੇਂਡੂਆਂ ਨੂੰ ਬਿਜਲੀ, ਸੜਕ, ਪਾਣੀ, ਸਿੱਖਿਆ ਅਤੇ ਰੋਜ਼ਗਾਰ ਵਰਗੇ ਬੁਨਿਆਦੀ ਅਧਿਕਾਰ ਅਜੇ ਤੱਕ ਮੁਹੱਈਆ ਨਹੀਂ ਕਰਵਾ ਸਕੀ ਹੈ। ਭਾਰਤ ਵਿੱਚ ਅੱਜ ਵੀ ਇਕ ਵੱਡਾ ਕਿਰਤੀ ਵਰਗ ਖੇਤੀ ਖੇਤਰ ਨਾਲ ਜੁੜਿਆ ਹੋਇਆ ਹੈ। ਭਾਰਤ ਨੂੰ ਖੇਤੀ ਪ੍ਰਧਾਨ ਤਾਂ ਕਿਹਾ ਗਿਆ ਪਰ ਕਿਸਾਨ ਦਾ ਹਾਲ ਮਾੜਾ ਰਿਹਾ। ਉਸ ਦੇ ਬੁਨਿਆਦੀ ਅਧਿਕਾਰਾਂ ਤੋਂ ਦੂਰ ਰਹਿਣ ਦੇ ਕਾਰਨ ਇਸ ਵਰਗ ਦਾ ਧਿਆਨ ਖੇਤੀ ਖੇਤਰ ਤੋਂ ਹਟ ਗਿਆ। ਉਹ ਸ਼ਹਿਰਾਂ ਵੱਲ ਰੋਜ਼ਗਾਰ ਦੀ ਤਲਾਸ਼ ਵਿੱਚ ਹਿਜਰਤ ਕਰਨ ਲਗੇ। ਉਨ੍ਹਾਂ ਨੂੰ ਸ਼ਹਿਰ ਵਿੱਚ ਰੋਜ਼ਗਾਰ ਤਾਂ ਮਿਲ ਗਿਆ ਪਰ ਅਧਿਕਾਰ ਨਹੀਂ ਮਿਲ ਸਕੇ। ਹੌਲੀ-ਹੌਲੀ ਪੇਂਡੂ ਅਤੇ ਸ਼ਹਿਰੀ ਖੇਤਰਾਂ ਦਾ ਸੰਤੁਲਨ ਵਿਗੜਨ ਲਗਿਆ।

ਜਾਗਰੂਕਤਾ ਦੀ ਕਮੀ ਅਤੇ ਸੰਗਠਨ ਦਾ ਉਪਲਬਧ ਨਾ ਹੋਣਾ ਉਨ੍ਹਾਂ ਦੇ ਅਧਿਕਾਰ ਪ੍ਰਾਪਤੀ ਵਿੱਚ ਇਕ ਵੱਡੀ ਅੜਚਨ ਬਣ ਕੇ ਉਭਰਿਆ। ਆਂਕੜੇ ਦੱਸਦੇ ਹਨ ਕਿ ਜਿਨ੍ਹਾਂ ਦੇਸ਼ਾਂ ਵਿੱਚ ਕਿਰਤੀਆਂ ਨੂੰ ਵਧੀਆ ਅਧਿਕਾਰ ਮਿਲੇ ਉਨ੍ਹਾਂ ਦੇਸ਼ਾਂ ਵਿੱਚ ਸ਼ਹਿਰੀ ਜਨਸੰਖਿਆ ਦਾ ਔਸਤ ਘਟ ਰਿਹਾ ਹੈ ਅਤੇ ਪੇਂਡੂ ਜਨਸੰਖਿਆ ਦਾ ਔਸਤ ਵਧ ਰਿਹਾ ਹੈ। ਇਸ ਤਰ੍ਹਾਂ ਹਿਜਰਤ ਦੀ ਸਮੱਸਿਆ ਨੂੰ ਠੱਲ ਪਈ ਹੈ।

ਅਮਰੀਕਾ ਅਤੇ ਪੱਛਮੀ ਯੂਰੋਪ ਦੇ ਦੇਸ਼ਾਂ ਵਿੱਚ ਸ਼ਹਿਰੀ ਅਬਾਦੀ ਹੁਣ ਪਿੰਡਾਂ ਦਾ ਰੁਖ ਕਰ ਰਹੀ ਹੈ। ਗਲੋਬਲ ਮੈਨੇਜਮੈਂਟ ਕੰਸਲਟੈਂਸੀ ਫਰਮ ਮੇਕੰਜੀ ਦੀ ਰਿਪੋਰਟ ਦੇ ਅਨੁਸਾਰ 2015 ਤੋਂ 2025 ਦੇ ਵਿਚਕਾਰ ਦੇ ਦਹਾਕੇ ਵਿੱਚ ਵਿਕਸਤ ਦੇਸ਼ਾਂ ਦੇ 18 ਪ੍ਰਤਿਸ਼ਤ ਵੱਡੇ ਸ਼ਹਿਰਾਂ ਵਿੱਚ ਆਬਾਦੀ ਸਾਲਾਨਾ 0.5 ਪ੍ਰਤਿਸ਼ਤ ਦੀ ਦਰ ਨਾਲ ਘੱਟ ਹੁੰਦੀ ਜਾ ਰਹੀ ਹੈ। ਪੂਰੀ ਦੁਨੀਆਂ ਵਿੱਚ 8 ਪ੍ਰਤਿਸ਼ਤ ਸ਼ਹਿਰਾਂ ਵਿੱਚ ਸਾਲਾਨਾ 1-1.5 ਪ੍ਰਤਿਸ਼ਤ ਸ਼ਹਿਰੀ ਆਬਾਦੀ ਘੱਟ ਹੋਣ ਦਾ ਰੁਝਾਨ ਹੋਣਾ ਸੰਭਾਵਤ ਹੈ। ਭਾਰਤ ਦੀ ਜ਼ਿਆਦਾਤਰ ਆਬਾਦੀ ਪੇਂਡੂ ਖੇਤਰਾਂ ਵਿੱਚ ਵਸਦੀ ਹੈ। ਕਿਰਤੀਆਂ ਨੂੰ ਪ੍ਰਾਪਤ ਅਧਿਕਾਰ ਪੂਰੀ ਤਰ੍ਹਾਂ ਨਾ ਮਿਲਣ ਕਾਰਨ ਭਾਰਤ ਦੀ ਪੇਂਡੂ ਆਬਾਦੀ ਦੀ ਸ਼ਹਿਰਾਂ ਵੱਲ ਹਿਜਰਤ ਹੋਈ। ਸ਼ਹਿਰੀ ਖੇਤਰਾਂ ਦੇ ਕਿਰਤੀਆਂ ਨੂੰ ਮੁਕਾਬਲਤਨ ਜ਼ਿਆਦਾ ਅਧਿਕਾਰ ਮਿਲ ਗਏ। ਇਸ ਦੀ ਵਜਾਹ ਰਹੀ ਕਿ ਸ਼ਹਿਰੀ ਖੇਤਰਾਂ ਦੇ ਕਿਰਤੀਆਂ ਵਿੱਚ ਇਕ ਵੱਡਾ ਵਰਗ ਸੰਗਠਤ ਖੇਤਰ ਤੋਂ ਆਉਂਦਾ ਹੈ। ਇਹ ਯੂਨੀਅਨ ਬਣਾ ਕੇ ਜਾਂ ਜਾਗਰੂਕਤਾ ਰਾਹੀਂ ਲੋੜੀਂਦੇ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ। ਦੂਜੇ ਪਾਸੇ ਪੇਂਡੂ ਖੇਤਰਾਂ ਦੇ ਕਿਰਤੀ ਜ਼ਿਆਦਾ ਅਸੰਗਠਤ ਖੇਤਰ (ਕੁੱਲ ਆਬਾਦੀ ਦਾ 93 ਪ੍ਰਤਿਸ਼ਤ) ਤੋਂ ਆਉਂਦੇ ਹਨ।

ਭਾਰਤ ਵਿੱਚ ਪਿੰਡਾਂ ਤੋਂ ਸ਼ਹਿਰਾਂ ਵੱਲ ਹਿਜਰਤ ਨਿਰੰਤਰ ਵੱਧਦੀ ਹੋਈ ਦਿਖਦੀ ਹੈ। ਜੇ ਕਰ ਪਿਛਲੇ 70 ਸਾਲਾਂ ਦੀ ਆਬਾਦੀ ਔਸਤ ਦੀ ਤੁਲਨਾ ਕਰੀਏ ਤਾਂ 1951 ਵਿੱਚ ਸ਼ਹਿਰਾਂ ਵਿੱਚ ਰਹਿਣ ਵਾਲੀ ਆਬਾਦੀ 17.3 ਪ੍ਰਤਿਸ਼ਤ ਸੀ। 2011 ਵਿੱਚ ਇਹ ਔਸਤ 31.16 ਪ੍ਰਤਿਸ਼ਤ ਤੱਕ ਪਹੁੰਚ ਗਈ। ਇਹ ਸਾਡੀਆਂ ਨੀਤੀਆਂ, ਉਨ੍ਹਾਂ ਦੀ ਪਾਲਣਾ ਵਿੱਚ ਕੁਤਾਹੀ ਅਤੇ ਅਧਿਕਾਰਾਂ ਦੇ ਜ਼ਮੀਨੀ ਪੱਧਰ ਤੱਕ ਨਾ ਪਹੁੰਚਣ ਦਾ ਮਾੜਾ ਨਤੀਜਾ ਹੈ ਕਿ ਪਿਛਲੇ ਸੱਤ ਦਹਾਕਿਆਂ ਵਿੱਚ ਪੇਂਡੂ ਕਿਰਤੀ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਸ਼ਹਿਰਾਂ ਵੱਲ ਖਿੱਚੇ ਗਏ ਹਨ। ਪੇਂਡੂ ਖੇਤਰਾਂ ਤੋਂ ਸ਼ਹਿਰੀ ਖੇਤਰਾਂ ਵਿੱਚ ਹਿਜਰਤ ਰਾਹੀਂ ਇਹ ਔਸਤ ਲਗਭਗ ਦੁੱਗਣਾ ਹੋਣ ਦੀ ਕਗਾਰ ਉਤੇ ਹੈ। ਵੇਖੋ ਤਾਲਿਕਾ-2

## ਸਿੱਟਾ

ਕਿਰਤੀਆਂ ਨੂੰ ਪ੍ਰਦਾਨ ਅਧਿਕਾਰ ਅਤੇ ਕਿਰਤੀਆਂ ਨੂੰ ਪ੍ਰਾਪਤ ਅਧਿਕਾਰ ਵੱਖ-ਵੱਖ ਵਿਸ਼ੇ ਬਣ ਕੇ ਉੱਭਰੇ ਹਨ। ਕਿਰਤੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੀ ਪ੍ਰਾਪਤੀ ਨਾ ਹੋਣ ਦੇ ਲਈ ਕੋਈ ਇਕ ਕਾਰਨ ਦੋਸ਼ੀ ਨਹੀਂ ਹੈ। ਵਿਵਸਥਾ ਦੇ ਕਈ ਪੱਧਰਾਂ ਉਤੇ ਗੈਰ-ਨਿਯਮੀਆਂ ਅਤੇ ਸੰਵੇਦਨਸ਼ੀਲਤਾ ਇਸ ਦਾ ਪ੍ਰਮੁੱਖ ਕਾਰਨ ਹੈ। ਨੀਤੀਆਂ ਦੇ ਨਿਰਮਾਣ ਤੋਂ ਵੱਧ ਉਨ੍ਹਾਂ ਦੇ ਅਮਲ ਉਤੇ ਵਧੇਰੇ ਧਿਆਨ ਕੇਂਦਰਿਤ ਕਰਨਾ ਇਸ ਦਾ ਹੱਲ ਹੈ। ਕਿਰਤੀਆਂ ਅਤੇ ਕਿਰਤੀ ਅਧਿਕਾਰਾਂ ਨੂੰ ਤਰਜੀਹੀ ਅਧਾਰ ਉਤੇ ਰੱਖਣ ਦੇ ਲਈ ਭਵਿੱਖ ਵਿੱਚ ਇਕਜੁੱਟ ਯਤਨਾਂ ਦੀ ਲੋੜ ਹੈ।

*(ਲੇਖਕ ਪ੍ਰਬੰਧਨ ਅਤੇ ਨੀਤੀ ਮਾਹਰ, ਵਿਸ਼ਲੇਸ਼ਕ ਅਤੇ ਸਤੰਭਕਾਰ ਹੈ। ਨੀਤੀਆਂ ਅਤੇ ਸਮਾਜਕ ਵਿਸ਼ਿਆਂ ਉਤੇ ਨਿਯਮਤ ਰੂਪ ਵਿੱਚ ਅਤੇ ਪ੍ਰਮੁੱਖ ਰਾਸ਼ਟਰੀ ਪੱਤਰ-ਪੱਤਰਕਾਵਾਂ ਵਿੱਚ ਲਿਖ ਰਹੇ ਹਨ। ਸਵੱਛ ਭਾਰਤ ਅਭਿਆਨ ਦੇ ਰਾਸ਼ਟਰੀ ਨੀਤੀ ਸਲਾਹਕਾਰ ਦੇ ਨਾਲ ਹੀ ਕੁੱਝ ਪ੍ਰਮੁੱਖ ਪੱਤਰਕਾਵਾਂ ਦੇ ਸੰਪਾਦਕ ਮੰਡਲ ਵਿੱਚ ਸ਼ਾਮਲ ਹਨ)*

*e-mail :amittyagi219@rediffmail.com*

**ਵਿਚਾਰ**

- ਆਦਰ ਸੱਚੀ ਮਿਹਨਤ ਵਿੱਚ ਹੈ।

  – ਗਰੋਵਰ ਕਲੀਵਲੈਂਡ
- ਮਿਹਨਤ ਤੋਂ ਦੇਹ ਅਰੋਗਤਾ ਅਤੇ ਦੇਹ ਅਰੋਗਤਾ ਤੋਂ ਸੰਤੋਖ ਉਤਪੰਨ ਹੁੰਦਾ ਹੈ।

  – ਬੇਟਵੀ
- ਸੱਚੀ ਮਿਹਨਤ ਕਰਨ ਵਾਲੇ ਦਾ ਚਿਹਰਾ ਮਨੋਹਰ ਹੁੰਦਾ ਹੈ।

  – ਡੇਕਰ
- ਮਿਹਨਤ ਮਨੁੱਖ ਦੀ ਆਪਣੀ ਤਾਕਤ ਤੋਂ ਉਤਪੰਨ ਹੁੰਦੀ ਹੈ।

  – ਅਨਾਮੀ

## ਕੀ ਤੁਸੀਂ ਜਾਣਦੇ ਹੋ?

### ਕਿਰਤੀ ਪਛਾਣ ਸੰਖਿਆ ਦਾ ਐੱਲ ਆਈ ਐੱਨ

ਕੇਂਦਰ ਅਤੇ ਰਾਜ ਸਰਕਾਰਾਂ ਦੇ ਨਿਯੰਤ੍ਰਣ ਵਿੱਚ ਕਿਰਤ ਕਾਨੂੰਨ ਦੀ ਪਾਲਣਾ ਲਈ ਵਨ-ਸਟਾਪ-ਸ਼ਾਪ ਬਣਾਉਣ ਲਈ ਅਤੇ ਸਾਰੀਆਂ ਕਿਰਤ ਪਰਵਰਤਨ ਏਜੰਸੀਆਂ ਰਾਹੀਂ ਸਾਂਝੇ ਕੀਤੇ ਜਾ ਸਕਣ ਵਾਲੇ ਇਕ ਮੰਚ ਨੂੰ ਤਿਆਰ ਕਰਨ ਦੇ ਮਦੇਨਜ਼ਰ ਕਿਰਤ ਸਹੂਲਤ ਪੋਰਟਲ ਬਣਾਇਆ ਗਿਆ ਹੈ। ਇਸ ਨੂੰ 16 ਅਕਤੂਬਰ 2014 ਨੂੰ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਜਾਰੀ ਕੀਤਾ ਗਿਆ ਸੀ। ਇਸ ਪੋਰਟਲ ਨੂੰ ਸ਼ੁਰੂ ਕਰਨ ਦਾ ਮਕਸਦ ਵੱਖ-ਵੱਖ ਕਿਰਤ ਏਜੰਸੀਆਂ ਜਿਵੇਂ ਈ ਐੱਸ ਆਈ ਸੀ, ਈ ਪੀ ਐੱਫ ਓ, ਸੀ ਐੱਲ ਸੀ (ਸੀ) ਅਤੇ ਡੀ ਜੀ ਐੱਮ ਐੱਸ ਆਦਿ ਵਲੋਂ ਜਾਰੀ ਕੀਤੇ ਜਾਣ ਵਾਲੇ ਨਿਯੁਕਤੀ ਕੋਡ ਨੂੰ ਸਮਾਪਤ ਕਰਨਾ ਅਤੇ ਉਸ ਦੀ ਥਾਂ ਉਤੇ ਉਨ੍ਹਾਂ ਨੂੰ ਨਵੇਂ ਐੱਲ ਆਈ ਐੱਨ (ਕਿਰਤੀ ਪਛਾਣ ਸੰਖਿਆ) ਜਾਰੀ ਕਰਨਾ ਹੈ। ਨਿਯੁਕਤੀ ਕਰਤਾ ਯਾਨੀ ਮਾਲਕ, ਕਰਮਚਾਰੀ ਅਤੇ ਪਰਿਵਰਤਨ ਏਜੰਸੀਆਂ ਵਿਚਲੇ ਸੰਪਰਕ ਦੇ ਇਕ ਧੁਰੇ ਦੇ ਤੌਰ ਤੇ, ਇਹ ਉਨ੍ਹਾਂ ਦੀ ਰੋਜ਼ਾਨਾ ਦੀ ਗੱਲਬਾਤ ਵਿੱਚ ਪਾਰਦਰਸ਼ਤਾ ਵੀ ਲਿਆ ਰਹੀ ਹੈ।

ਵੱਖ-ਵੱਖ ਪਰਵਰਤਨ ਏਜੰਸੀਆਂ ਦੇ ਵਿੱਚ ਡਾਟਾ ਦੇ ਏਕੀਕਰਨ ਦੇ ਲਈ ਕਿਸੇ ਵੀ ਕਿਰਤ ਕਾਨੂੰਨ ਦੇ ਤਹਿਤ ਹਰੇਕ ਨਰੀਖਕ ਇਕਾਈ ਨੂੰ ਇਕ ਕਿਰਤੀ ਪਛਾਣ ਨੰਬਰ (ਐੱਲ ਆਈ ਐੱਨ) ਸੌਂਪ ਦਿੱਤਾ ਗਿਆ ਹੈ। ਇਹ ਪੋਰਟਲ ਨਰੀਖਣ ਦੀ ਰਿਪੋਰਟਿੰਗ ਅਤੇ ਰਿਟਰਨ ਜਮ੍ਹਾਂ ਕਰਨ ਦੀ ਸਹੂਲਤ ਵੀ ਦਿੰਦਾ ਹੈ। ਉਪਰੋਕਤ ਸਾਰੀਆਂ ਸੇਵਾਵਾਂ ਨੂੰ ਪ੍ਰਦਾਨ ਕਰਨ ਦੇ ਲਈ ਕਿਰਤ ਸਹੂਲਤ ਪੋਰਟਲ https://shramsuvidha.gov.in ਉਤੇ ਪਹੁੰਚਿਆ ਜਾ ਸਕਦਾ ਹੈ। ਵੱਖ-ਵੱਖ ਕਿਰਤੀ ਪਰਵਰਤਨ ਏਜੰਸੀਆਂ ਨਾਲ ਪੰਜੀਕ੍ਰਿਤ ਇਕ ਇਕਾਈ ਨੂੰ ਵਿਸ਼ੇਸ਼ ਤੌਰ ਤੇ ਚੁਣਿਆ ਜਾਂਦਾ ਹੈ ਅਤੇ ਇਕ ਵੱਖਰਾ ਐੱਲ ਆਈ ਐੱਨ ਜਾਰੀ ਕੀਤਾ ਜਾਂਦਾ ਹੈ।

ਐੱਲ ਆਈ ਐੱਨ ਇਕ ਧੁਰਾ ਹੈ ਜਿਸ ਦੇ ਚਾਰੇ ਪਾਸੇ ਹੋਰ ਸਾਰੀਆਂ ਸੇਵਾਵਾਂ ਕੰਮ ਕਰਦੀਆਂ ਹਨ। ਐੱਲ ਆਈ ਐੱਨ ਹੌਲੀ-ਹੌਲੀ ਕਈ ਪੰਜੀਕਰਨ ਸੰਖਿਆ ਜਿਵੇਂ ਮੌਜੂਦਾ ਕਿਰਤ ਪਰਿਵਰਤਨ ਏਜੰਸੀਆਂ ਯਾਨਿ ਕਿ ਈ ਐੱਸ ਆਈ ਸੀ ਪੰਜੀਕਰਨ ਸੰਖਿਆ, ਈ ਪੀ ਐੱਫ ਓ ਨੰਬਰ, ਸੰਵਿਦਾ ਕਿਰਤ (ਨਿਯਮ ਅਤੇ ਲਾਗੂ ਕਰਨ) ਕਾਨੂੰਨ 1970 ਆਦਿ ਦੇ ਅਧੀਨ ਜਾਰੀ ਕੀਤੇ ਗਏ ਪੰਜੀਕਰਨ ਜਾਂ ਲਾਈਸੰਸ ਨੰਬਰ ਆਦਿ ਵਲੋਂ ਵੱਖ-ਵੱਖ ਜਾਰੀ ਕੀਤੇ ਜਾਂਦੇ ਹਨ, ਦਾ ਆਪਣੇ ਵਿੱਚ ਮੇਲ ਕਰੇਗਾ। ਇਹ ਅਸਲ ਵਿੱਚ ਵਪਾਰ ਨੂੰ ਅਸਾਨ ਕਰਨ ਦੇ ਮਕਸਦ ਨੂੰ ਪੂਰਾ ਕਰੇਗਾ ਕਿਉਂਕਿ ਵਪਾਰੀਆਂ ਲਈ ਵੱਖ-ਵੱਖ ਪੰਜੀਕਰਨ ਨੰਬਰਾਂ ਦਾ ਰੱਖ-ਰਖਾਅ ਕਰਨਾ ਬਹੁਤ ਮੁਸ਼ਕਿਲ ਹੈ।

ਜਾਰੀ ਕੀਤੇ ਗਏ ਐੱਲ ਆਈ ਐੱਨ ਨੰਬਰ ਨੂੰ ਈ-ਮੇਲ ਪਤੇ ਅਤੇ ਡਾਟਾਬੇਸ ਵਿੱਚ ਮੌਜੂਦ ਯੂਨਿਟ ਨੁਮਾਇੰਦਿਆਂ ਦੇ ਮੋਬਾਈਲ ਨੰਬਰਾਂ ਦਾ ਇਸਤੇਮਾਲ ਕਰਕੇ ਸੂਚਿਤ ਕੀਤਾ ਗਿਆ ਹੈ।

ਕਿਰਤ ਸਹੂਲਤ ਪੋਰਟਲ ਵਪਾਰੀਆਂ ਨੂੰ ਹਰ ਤਰ੍ਹਾਂ ਦੇ ਪੰਜੀਕਰਨ ਕਰਨ ਅਤੇ ਇਕੋ ਆਨਲਾਈਨ ਖਿੜਕੀ ਵਿੱਚ ਕਿਰਤ ਕਾਨੂੰਨਾਂ ਦੇ ਹੇਠ ਲੋੜੀਂਦੀਆਂ ਰਿਟਰਨਾ ਜਮ੍ਹਾਂ ਕਰਨ ਦੀ ਸਹੂਲਤ ਮੁਹੱਈਆ ਕਰਦਾ ਹੈ। ਇਹ ਉਨ੍ਹਾਂ ਨੂੰ ਆਨਲਾਈਨ ਪਰਵਰਤਨ ਏਜੰਸੀਆਂ ਦੇ ਨਰੀਖਕਾਂ ਵਲੋਂ ਤਿਆਰ ਕੀਤੀ ਗਈ ਨਰੀਖਣ ਰਿਪੋਰਟ ਮੁਹੱਈਆ ਕਰਵਾਉਣ ਦੀ ਸਹੂਲਤ ਵੀ ਦਿੰਦਾ ਹੈ। ਪ੍ਰਕਿਰਿਆਵਾਂ ਨੂੰ ਅਸਾਨ ਕੀਤਾ ਗਿਆ ਹੈ। ਇਕ ਕਾਰੋਬਾਰੀ ਮਾਹੌਲ ਮੁਹੱਈਆ ਕਰਵਾਉਣ ਲਈ ਰਿਟਰਨ ਅਤੇ ਪੰਜੀਕਰਨ ਫਾਰਮ ਨੂੰ ਇਕਜੁਟ ਕੀਤਾ ਗਿਆ ਹੈ ਜੋ ਕਿ ਲੈਣ-ਦੇਣ ਦੀ ਲਾਗਤ ਨੂੰ ਘੱਟ ਕਰਨ ਅਤੇ ਵਪਾਰ ਨੂੰ ਅਸਾਨ ਕਰਨ ਨੂੰ ਹੱਲਾਸ਼ੇਰੀ ਦੇ ਕੇ ਪਾਲਣਾ ਨੂੰ ਉਤਸ਼ਾਹਤ ਕਰਦਾ ਹੈ।

ਅਜਿਹੇ ਨਿਯੁਕਤੀਕਰਤਾ ਜੋ ਕਿ ਜਾਰੀ ਕੀਤੇ ਗਏ ਐੱਲ ਆਈ ਐੱਨ ਤੋਂ ਅਣਜਾਣ ਹਨ ਕਿਰਤ ਸਹੂਲਤ ਪੋਰਟਲ ਦੇ ਮੁੱਖ ਪੰਨੇ ਤੋਂ "ਨੋ ਯੂਅਰ ਐੱਲ ਆਈ ਐੱਨ" ਟੈਬ ਉਤੇ ਮੁਹੱਈਆ ਸਹੂਲਤ ਦਾ ਇਸਤੇਮਾਲ ਕਰਕੇ ਐੱਲ ਆਈ ਐੱਨ ਬਾਰੇ ਜਾਣ ਸਕਦੇ ਹਨ।

ਐੱਲ ਆਈ ਐੱਨ ਨੂੰ ਜਾਂ ਤਾਂ ਈ ਪੀ ਐੱਫ ਓ ਕੋਡ/ਈ ਐੱਸ ਆਈ ਸੀ ਕੋਡ/ ਪੈਨ ਜਾਂ ਸੰਸਥਾਨ ਦੇ ਨਾਮ ਦੇ ਇਕ ਹਿੱਸੇ ਆਦਿ ਵਰਗੇ ਪਛਾਣ ਕਰਤਾਵਾਂ ਦਾ ਇਸਤੇਮਾਲ ਕਰਕੇ ਵੀ ਲੱਭਿਆ ਜਾ ਸਕਦਾ ਹੈ।

ਪੋਰਟਲ ਹੇਠਾਂ ਦਰਸਾਏ ਕਿਰਤ ਕਾਨੂੰਨ ਦੇ ਅਧੀਨ ਰਿਟਰਨ ਦਾਖਲ ਕਰਨ ਦੀ ਸਹੂਲਤ ਮੁਹੱਈਆ ਕਰਦਾ ਹੈ :

1. ਤਨਖ਼ਾਹ ਭੁਗਤਾਨ ਕਾਨੂੰਨ, 1936

(ੳ) ਤਨਖ਼ਾਹ ਭੁਵਤਾਨ (ਖਾਣਾ) ਨਿਯਮ 1956 (ਫ਼ਾਰਮ ਪੰਜ ਨਿਯਮ 18 ਵੇਖੋ)

(ਅ) ਤਨਖ਼ਾਹ ਭੁਗਤਾਨ (ਰੇਲਵੇ) ਨਿਯਮ, 1938 (ਫ਼ਾਰਮ ਤਿੰਨ ਨਿਯਮ 17 ਵੇਖੋ)

(ੲ) ਤਨਖ਼ਾਹ ਭੁਗਤਾਨ (ਹਵਾਈ ਸੇਵਾ) ਨਿਯਮ 1968 (ਫ਼ਾਰਮ ਅੱਠ ਨਿਯਮ 16 ਵੇਖੋ)

2. ਘੱਟੋ-ਘੱਟ ਮਜ਼ਦੂਰੀ ਕਾਨੂੰਨ 1948

(ੳ) ਘੱਟੋ-ਘੱਟ ਮਜ਼ਦੂਰੀ (ਕੇਂਦਰੀ) ਨਿਯਮ, 1950 (ਫਾਰਮ 3, ਨਿਯਮ 21, 4 ਏ ਵੇਖੋ,

3. ਠੇਕੇ ਉਤੇ ਮਜ਼ਦੂਰੀ (ਨਿਯੰਤ੍ਰਣ ਅਤੇ ਉਨਮੂਲਨ) ਕਾਨੂੰਨ, 1970

(ੳ) ਠੇਕੇ ਉਤੇ ਮਜ਼ਦੂਰੀ (ਨਿਯੰਤ੍ਰਣ ਅਤੇ ਉਨਮੂਲਨ) (ਕੇਂਦਰੀ) ਕਾਨੂੰਨ, 1971, ਫਾਰਮ (24 ਨਿਯਮ 82(1) ਅਤੇ (2) ਵੇਖੋ

4. ਜਣੇਪਾ ਲਾਭ ਕਾਨੂੰਨ, 1961

(ੳ) ਜਣੇਪਾ ਲਾਭ (ਖਾਣਾਂ ਅਤੇ ਸਰਕਸ) ਨਿਯਮ 1963 [(ਨਿਯਮ 16 (1)]

5. ਇਮਾਰਤਾਂ ਅਤੇ ਹੋਰ ਉਸਾਰੀ ਮਜ਼ਦੂਰ (ਰੋਜ਼ਗਾਰ ਨਿਯੰਤ੍ਰਣ ਅਤੇ ਸੇਵਾ ਦੇ ਹਾਲਾਤ) ਕਾਨੂੰਨ 1996 :

(ੳ) ਇਮਾਰਤਾਂ ਅਤੇ ਹੋਰ ਉਸਾਰੀ ਕਰਮਚਾਰੀ (ਰੋਜ਼ਗਾਰ ਨਿਯੰਤ੍ਰਣ ਅਤੇ ਸੇਵਾ ਦੇ ਹਾਲਾਤ) ਕੇਂਦਰੀ ਨਿਯਮ 1998

6. ਬੋਨਸ ਭੁਗਤਾਨ ਕਾਨੂੰਨ 1965

(ੳ) ਬੋਨਸ ਭੁਗਤਾਨ ਨਿਯਮ 1975 (ਫਾਰਮ ਡੀ, ਨਿਯਮ 5 ਵੇਖੋ)

7. ਅੰਤਰਰਾਜੀ ਪ੍ਰਵਾਸੀ ਕਾਮੇ (ਰੋਜ਼ਗਾਰ ਨਿਯੰਤਰਣ ਤੇ ਸੇਵਾ ਦੀਆਂ ਸ਼ਰਤਾਂ) ਕਾਨੂੰਨ 1979

*ਬਾਕੀ ਸਫ਼ਾ 50 ਉੱਤੇ*

# ਪੰਜਾਬ ਦੇ ਪੇਂਡੂ ਕਿਰਤੀਆਂ ਦੇ ਜੀਵਨ ਵਿੱਚ ਮਗਨਰੇਗਾ ਦੀ ਭੂਮਿਕਾ

ਸੁਮੀਤ ਸ਼ੰਮੀ

ਭਾਰਤ ਇਕ ਵਿਕਾਸਸ਼ੀਲ ਦੇਸ਼ ਹੈ। ਭਾਰਤ ਦੇ ਵਿਕਾਸ ਲਈ ਪਿੰਡਾਂ ਦਾ ਵਿਕਾਸ ਹੋਣਾ ਬਹੁਤ ਜ਼ਰੂਰੀ ਹੈ। ਮਹਾਤਮਾ ਗਾਂਧੀ ਨੇ ਪਿੰਡਾਂ ਦੇ ਵਿਕਾਸ ਬਾਰੇ 1936 ਵਿੱਚ ਲਿਖਿਆ ਸੀ, "ਮੈਂ ਕਹਿਣਾ ਚਾਹਾਂਗਾ ਕਿ ਜੇਕਰ ਪਿੰਡਾਂ ਦਾ ਖਾਤਮਾ ਹੋ ਗਿਆ ਤਾਂ ਭਾਰਤ ਦਾ ਵੀ ਖਾਤਮਾ ਹੋ ਜਾਵੇਗਾ। ਇਸ ਤੋਂ ਵੱਧ ਭਾਰਤ ਲਈ ਹੋਰ ਕੁੱਝ ਨਹੀਂ ਹੋਵੇਗਾ ਅਤੇ ਭਾਰਤ ਦਾ ਜੋ ਵੀ ਉਦੇਸ਼ ਹੈ, ਉਹ ਵੀ ਖਤਮ ਹੋ ਜਾਵੇਗਾ।" ਸ਼ਹਿਰਾਂ ਦੇ ਮੁਕਾਬਲੇ ਵੱਡੀ ਗਿਣਤੀ ਵਿੱਚ ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਪਿੰਡਾਂ ਵਿੱਚ ਰਹਿ ਰਹੇ ਲੋਕਾਂ ਦਾ 1/3 ਭਾਗ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਤੀਤ ਕਰ ਰਹੇ ਹਨ। ਗਰੀਬੀ ਦਾ ਇਸ ਪੱਧਰ ਉਤੇ ਹੋਣਾ ਸਿਰਫ ਸਰੀਰਕ ਬੀਮਾਰੀਆਂ ਨੂੰ ਹੀ ਜਨਮ ਨਹੀਂ ਦਿੰਦਾ ਸਗੋਂ ਮਨੁੱਖ ਦੀਆਂ ਭਾਵਨਾਵਾਂ ਅਤੇ ਮਨੋਦਸ਼ਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸ ਤਰ੍ਹਾਂ ਇਹ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ ਹੈ।

ਭਾਰਤ ਪਿੰਡਾਂ ਦਾ ਦੇਸ਼ ਹੈ ਭਾਰਤ ਦੀ ਕੁੱਲ ਵਸੋਂ ਦੀ 72 ਪ੍ਰਤਿਸ਼ਤ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਪਿੰਡਾਂ ਵਿੱਚ ਰਹਿੰਦੇ ਜ਼ਿਆਦਾਤਰ ਲੋਕ ਹੱਥੀਂ ਕੰਮ ਕਰਕੇ ਗੁਜ਼ਾਰਾ ਕਰਦੇ ਹਨ। ਜਿਨ੍ਹਾਂ ਵਿੱਚੋਂ ਕੁੱਝ ਕਿਸਾਨ ਹਨ ਅਤੇ ਬਾਕੀ ਮਜ਼ਦੂਰੀ ਕਰਕੇ ਆਪਣਾ ਜੀਵਨ ਬਸਰ ਕਰਦੇ ਹਨ। ਇਸੇ ਲਈ ਜੇਕਰ ਦੇਸ਼ ਦਾ ਵਿਕਾਸ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਪਿੰਡਾਂ ਦਾ ਵਿਕਾਸ ਕਰਨਾ ਜ਼ਰੂਰੀ ਹੈ। ਸਰਕਾਰ ਵੀ ਇਸ ਗੱਲ ਨੂੰ ਮੰਨਦੀ ਹੈ ਇਸੇ ਲਈ ਇਸ ਸਾਲ ਦੇ ਬਜਟ ਵਿੱਚ ਪੇਂਡੂ ਖੇਤਰ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਪਿੰਡਾਂ ਦਾ ਵਿਕਾਸ ਪਿੰਡਾਂ ਦੇ ਲੋਕਾਂ ਨਾਲ ਹੈ। ਵਿਕਾਸ ਕਦੇ ਵੀ ਵਸਤੂਆਂ, ਸੜਕਾਂ ਜਾਂ ਇਮਾਰਤਾਂ ਨਾਲ ਨਹੀਂ ਹੁੰਦਾ, ਸਗੋਂ ਲੋਕਾਂ ਦੇ ਸਮਾਜਕ, ਆਰਥਿਕ ਅਤੇ ਸਭਿਆਚਾਰਕ ਤੌਰ ਤੇ ਪ੍ਰਫੁੱਲਤ ਹੋਣ ਨਾਲ ਹੁੰਦਾ ਹੈ।

ਪੰਜਾਬ ਇਕ ਖੇਤੀ ਪ੍ਰਧਾਨ ਰਾਜ ਹੈ। 2011 ਦੀ ਜਨਗਣਨਾ ਦੇ ਅਨੁਸਾਰ ਪੰਜਾਬ ਦੀ ਕੁੱਲ ਵਸੋਂ 2,77,43,338 ਹੈ, ਜਿਸ ਵਿੱਚੋਂ 1,73,44,192 ਲੋਕ ਭਾਵ 62.52 ਪ੍ਰਤਿਸ਼ਤ ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਪੰਜਾਬ ਦਾ ਕੁੱਲ ਰਕਬਾ 50,362 ਕਿ.ਮੀ. ਹੈ ਜੋ ਭਾਰਤ ਦਾ 1.53 ਪ੍ਰਤਿਸ਼ਤ ਹੈ। ਪੰਜਾਬ ਦੇ 82 ਪ੍ਰਤਿਸ਼ਤ ਹਿੱਸੇ ਵਿੱਚ ਖੇਤੀ ਹੁੰਦੀ ਹੈ। ਇਹ ਕਿਹਾ ਜਾਂਦਾ ਹੈ ਕਿ ਇਕੱਲਾ ਪੰਜਾਬ ਸਾਰੇ ਦੇਸ਼ ਨੂੰ ਰੋਟੀ ਖਵਾ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਵੀ ਨਹੀਂ ਕਿ ਪੰਜਾਬ ਵਿੱਚ ਪੈਦਾ ਹੁੰਦੀ ਕਣਕ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਅਤੇ ਕਈ ਹੋਰ ਦੇਸ਼ਾਂ ਵਿੱਚ ਵੀ ਭੇਜੀ ਜਾਂਦੀ ਹੈ। ਪੰਜਾਬ ਬਾਕੀ ਰਾਜਾਂ ਦੇ ਮੁਕਾਬਲੇ ਕਾਫੀ ਖ਼ੁਸ਼ਹਾਲ ਰਾਜ ਮੰਨਿਆ ਜਾਂਦਾ ਹੈ।

ਪਰ ਪਿੰਡਾਂ ਦੇ ਲੋਕਾਂ ਦੀ ਹਾਲਤ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਜੇ ਕਰ ਕਿਸਾਨੀ ਦੀ ਗੱਲ ਕਰੀਏ ਤਾਂ ਜਿਵੇਂ-ਜਿਵੇਂ ਮਸ਼ੀਨ ਨੇ ਤਰੱਕੀ ਕੀਤੀ ਹੈ ਇਸ ਨਾਲ ਖੇਤਾਂ ਵਿੱਚ ਕਿਸਾਨ ਵੀਰਾਂ ਦੇ ਹੱਥੀ ਕੰਮ ਕਰਨ ਦਾ ਰੁਝਾਨ ਦਿਨੋਂ-ਦਿਨ ਘਟਦਾ ਜਾ ਰਿਹਾ ਹੈ। ਸਾਰਾ ਕੰਮ ਮਸ਼ੀਨਾਂ ਵਲੋਂ ਹੀ ਕੀਤਾ ਜਾਂਦਾ ਹੈ ਜਿਸ ਦਾ ਸਿੱਟਾ ਇਹ ਬਣਿਆ ਕਿ ਹੁਣ ਕਿਸਾਨਾਂ ਅਤੇ ਮਜ਼ਦੂਰਾਂ ਵਲੋਂ ਗਿਣਤੀ ਦੇ ਦਿਨ ਹੀ ਖੇਤਾਂ ਵਿੱਚ ਜਾ ਕੇ ਕੰਮ ਕੀਤਾ ਜਾਂਦਾ ਹੈ। ਚੰਗੀ ਗੱਲ ਹੈ ਮਸ਼ੀਨ ਨੇ ਤਰੱਕੀ ਕੀਤੀ ਹੈ। ਜਿਵੇਂ-ਜਿਵੇਂ ਮਸ਼ੀਨ ਤਰੱਕੀ ਕਰਦੀ ਹੈ ਉਸ ਨਾਲ ਉਤਪਾਦਨ ਵੀ ਵੱਧ ਹੁੰਦਾ ਹੈ। ਪਰ ਮਸ਼ੀਨ ਦੇ ਆਉਣ ਨਾਲ ਇਕ ਨੁਕਸਾਨ ਇਹ ਵੀ ਹੋਇਆ ਹੈ ਕਿ ਛੋਟਾ ਕਿਸਾਨ (ਘੱਟ ਜ਼ਮੀਨ ਵਾਲਾ ਕਿਸਾਨ) ਅਤੇ ਮਜ਼ਦੂਰ ਕੰਮ ਤੋਂ ਬਾਹਰ ਹੋ ਗਏ ਹਨ। ਜਿਸ ਕਿਸਾਨ ਕੋਲ ਜ਼ਮੀਨ ਦੀ ਢੇਰੀ ਛੋਟੀ ਹੈ ਉਹ ਮਸ਼ੀਨ ਦੀ ਵਰਤੋਂ ਨਹੀਂ ਕਰ ਸਕਦਾ, ਉਸ ਦੀ ਹਾਲਤ ਵੀ ਪੇਂਡੂ ਮਜ਼ਦੂਰ ਜਿਹੀ ਹੋਈ ਪਏ ਹੈ, ਇਸੇ ਕਰਕੇ ਉਸ ਨੂੰ ਵੀ ਅਸੀਂ ਮਜ਼ਦੂਰਾਂ ਦੀ ਸ਼੍ਰੇਣੀ ਵਿੱਚ ਹੀ ਰੱਖਦੇ ਹਾਂ।

### ਪੰਜਾਬ ਵਿੱਚ ਮਜ਼ਦੂਰਾਂ ਦੀ ਸਥਿਤੀ

ਜੇਕਰ ਪਿੰਡਾਂ ਵਿਚਲੇ ਉਨ੍ਹਾਂ ਮਜ਼ਦੂਰਾਂ ਦੀ ਗੱਲ ਕੀਤੀ ਜਾਵੇ ਜੋ ਅਨਪੜ੍ਹ ਹਨ ਅਤੇ ਖੇਤਾਂ ਵਿੱਚ ਕੰਮ ਨਹੀਂ ਕਰਦੇ ਨਾ ਹੀ ਇਨ੍ਹਾਂ ਕੋਲ ਜ਼ਮੀਨ ਅਤੇ ਕਾਰੋਬਾਰ ਦੇ ਹੋਰ ਵਸੀਲੇ ਹੀ ਹਨ। ਪਿੰਡਾਂ ਵਿੱਚ ਇਨ੍ਹਾਂ ਦੀ ਗਿਣਤੀ ਹੋਰ ਵੀ ਵਧ ਜਾਂਦੀ ਹੈ। ਪਹਿਲਾਂ ਇਨ੍ਹਾਂ ਮਜ਼ਦੂਰਾਂ ਦਾ ਵੱਡਾ ਹਿੱਸਾ ਜ਼ਿੰਮੀਦਾਰਾਂ ਨਾਲ ਖੇਤਾਂ ਵਿੱਚ ਕੰਮ ਕਰਦਾ ਸੀ ਪਰ ਜਿਵੇਂ ਉਪਰ ਦੱਸਿਆ ਹੈ ਕਿ ਮਸ਼ੀਨ ਦੇ ਵਧਣ ਨਾਲ ਇਨ੍ਹਾਂ ਨੂੰ ਖੇਤਾਂ ਵਿਚਲੇ ਕੰਮ ਤੋਂ ਬਾਹਰ ਕਰ ਦਿੱਤਾ ਗਿਆ ਹੈ। ਪਿੰਡਾਂ ਵਿਚਲੇ ਮਜ਼ਦੂਰ ਰੋਜ਼ਾਨਾ ਉਸਾਰੀ ਦੇ ਕੰਮ ਵਿੱਚ ਜਾਂ ਭੱਠਿਆਂ ਉਤੇ ਇੱਟਾਂ ਬਣਾਉਣ ਦਾ ਕੰਮ ਜਾਂ ਪੱਲੇਦਾਰੀ ਦਾ ਜਾਂ ਕਿਸੇ ਕੋਈ ਹੋਰ ਛੋਟਾ-ਮੋਟਾ ਕੰਮ ਕਰਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਜ਼ਦੂਰ ਆਪਣੇ ਪਿੰਡਾਂ ਤੋਂ ਸ਼ਹਿਰ ਵਿੱਚ ਜਾ ਕੇ ਦਿਹਾੜੀ ਕਰਦੇ ਹਨ ਜਾਂ ਦੂਜੇ ਪਿੰਡਾਂ ਵਿੱਚ ਜਾ ਕੇ ਕੰਮ ਕਰਦੇ ਹਨ। ਪਰ ਇਨ੍ਹਾਂ ਕੋਲ ਕੋਈ ਪੱਕਾ ਰੋਜ਼ਗਾਰ ਨਹੀਂ ਹੈ। ਉਨ੍ਹਾਂ ਨੂੰ ਮਹੀਨੇ ਵਿੱਚ 20 ਕੁ ਦਿਨ ਹੀ ਰੋਜ਼ਗਾਰ ਮਿਲਦਾ ਹੈ। ਜਿਹੜੀ ਜਗ੍ਹਾ ਰੋਜ਼ਗਾਰ ਮਿਲਦਾ ਹੈ ਉਥੇ ਵੀ ਇਨ੍ਹਾਂ ਦਾ ਬਹੁਤ ਜ਼ਿਆਦਾ ਸ਼ੋਸ਼ਣ ਹੁੰਦਾ ਹੈ। ਬਹੁਤ ਜਗ੍ਹਾ ਉਤੇ ਕਿਰਤ ਦੇ ਪੂਰੇ ਪੈਸੇ ਨਹੀਂ ਦਿੱਤੇ ਜਾਂਦੇ। ਜੇ ਮਿਲਦੇ ਹਨ ਤਾਂ ਬਹੁਤ ਦੇਰ ਕੀਤੀ ਜਾਂਦੀ ਹੈ। ਕਈ ਵਾਰ ਕੰਮ ਕਰਨ ਲਈ ਬੇ-ਇਜ਼ਤ ਕੀਤਾ ਜਾਂਦਾ ਹੈ। 8 ਘੰਟੇ ਦੀ ਜਗ੍ਹਾ 14-14 ਘੰਟੇ ਕੰਮ ਕਰਵਾ ਕੇ ਕਿਰਤ ਕਾਨੂੰਨ ਦੀਆਂ ਧੱਜੀਆਂ

ਸ਼ਰੇਆਮ ਉਡਾਈਆਂ ਜਾਂਦੀਆਂ ਹਨ। ਦੂਜੇ ਪਾਸੇ ਇਨ੍ਹਾਂ ਦੀਆਂ ਔਰਤਾਂ ਕੰਮ ਕਰਨ ਲਈ ਲੋਕਾਂ ਦੇ ਘਰਾਂ ਵਿੱਚ ਜਾ ਕੇ ਕੰਮ ਕਰਦੀਆਂ ਹਨ। ਇਹ ਮਜ਼ਦੂਰ (ਮਰਦ ਅਤੇ ਔਰਤਾਂ) ਬਹੁਤ ਸਾਰੀਆਂ ਸਹੂਲਤਾਂ ਤੋਂ ਸੱਖਣੇ ਹਨ। ਉਹ ਆਪਣੇ ਪਰਿਵਾਰ ਨੂੰ ਦੋ ਵਕਤ ਦੀ ਰੋਟੀ ਵੀ ਬੜੀ ਮੁਸ਼ਕਿਲ ਨਾਲ ਹੀ ਦੇ ਰਹੇ ਹਨ। ਚੰਗੀ ਸਿਹਤ ਸਹੂਲਤ ਅਤੇ ਬੱਚਿਆਂ ਲਈ ਚੰਗੀ ਵਿੱਦਿਆ ਦੇਣਾ ਤਾਂ ਬਹੁਤ ਦੂਰ ਦੀ ਗੱਲ ਹੈ। ਅਸੀਂ ਰੋਟੀ, ਕੱਪੜਾ, ਮਕਾਨ ਦੇ ਨਾਲ ਸਿਹਤ ਅਤੇ ਸਿੱਖਿਆ ਨੂੰ ਮਨੁੱਖ ਦੀਆਂ ਪੰਜ ਬੁਨਿਆਦੀ ਲੋੜਾਂ ਦੱਸਦੇ ਹਾਂ ਪਰ ਇਹ ਪੰਜ ਜ਼ਰੂਰਤਾਂ ਪੇਂਡੂ ਮਜ਼ਦੂਰਾਂ ਦੀ ਪਹੁੰਚ ਤੋਂ ਦੂਰ ਹੋ ਚੁੱਕੀਆਂ ਹਨ।

ਮਨੁੱਖ ਦੀਆਂ ਇਹ ਆਰਥਿਕ ਲੋੜਾਂ ਕਿਵੇਂ ਪੂਰੀਆਂ ਹੋਣਗੀਆਂ? ਪੂਰੇ ਭਾਰਤ ਦੀ ਜੇਕਰ ਗੱਲ ਕਰੀਏ ਤਾਂ 20ਵੀਂ ਸਦੀ ਦੇ ਅੰਤਲੇ ਦਹਾਕੇ ਭਾਵ 1993–94 ਵਿੱਚ 18–58 ਸਾਲ ਦੇ ਪੇਂਡੂ ਲੋਕਾਂ ਵਿੱਚ ਬੇਰੋਜ਼ਗਾਰੀ 5.63 ਪ੍ਰਤਿਸ਼ਤ ਸੀ ਅਤੇ 1999–2000 ਵਿੱਚ ਇਹ ਦਰ ਵਧ ਕੇ 7.21 ਪ੍ਰਤਿਸ਼ਤ ਹੋ ਗਈ। 21ਵੀਂ ਸਦੀ ਦੇ ਸ਼ੁਰੂ ਵਿੱਚ ਬੇਰੋਜ਼ਗਾਰੀ ਦੀ ਦਰ ਤੇਜ਼ ਰਫ਼ਤਾਰ ਨਾਲ ਲਗਾਤਾਰ ਵਧ ਰਹੀ ਸੀ। ਅਸੀਂ ਜਾਣਦੇ ਹਾਂ ਕਿ ਇਹ ਲੋੜਾਂ ਰੁਜ਼ਗਾਰ ਹਾਸਲ ਕੀਤੇ ਬਿਨਾਂ ਪੂਰੀਆਂ ਨਹੀਂ ਹੁੰਦੀਆਂ। ਇਸ ਲਈ ਜੇਕਰ ਦੇਖਿਆ ਜਾਵੇ ਤਾਂ ਮੁੱਖ ਸਮੱਸਿਆ ਰੋਜ਼ਗਾਰ ਦੀ ਹੀ ਹੈ। ਜੇਕਰ ਰੋਜ਼ਗਾਰ ਹੋਵੇਗਾ ਤਾਂ ਇਹ ਲੋਕ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਕਰਵਾ ਸਕਦੇ ਹਨ ਉਨ੍ਹਾਂ ਨੂੰ ਚੰਗੀ ਸਿਹਤ ਸਹੂਲਤ ਦੇ ਸਕਦੇ ਹਨ, ਚੰਗੀ ਖੁਰਾਕ ਲੈ ਸਕਦੇ ਹਨ, ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਸਮਾਜ ਵਿੱਚ ਵੀ ਚੰਗੀ ਮਾਨਤਾ ਮਿਲਦੀ ਹੈ। ਪੇਂਡੂ ਲੋਕਾਂ ਦੇ ਵਿਕਾਸ ਲਈ ਕੇਂਦਰ ਸਰਕਾਰ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਯਤਨਸ਼ੀਲ ਰਹੀ ਹੈ। ਆਜ਼ਾਦੀ ਤੋਂ ਲੈ ਕੇ ਹੁਣ ਤੱਕ ਭਾਰਤ ਵਿੱਚ ਬਹੁਤ ਸਾਰੀਆਂ ਰੋਜ਼ਗਾਰ ਸਕੀਮਾਂ, ਯੋਜਨਾਵਾਂ, ਪ੍ਰੋਗਰਾਮ ਚਲਾਏ ਗਏ ਹਨ। ਜਿਨ੍ਹਾਂ ਵਿੱਚੋਂ ਪੇਂਡੂ ਰੋਜ਼ਗਾਰ ਲਈ ਫੌਰੀ ਯੋਜਨਾ (ਅਪ੍ਰੈਲ 1971), 20 ਨੁਕਾਤੀ ਪ੍ਰੋਗਰਾਮ (1975), ਰਾਸ਼ਟਰੀ ਪੇਂਡੂ ਰੋਜ਼ਗਾਰ ਜ਼ਾਮਨੀ ਪ੍ਰੋਗਰਾਮ (ਅਕਤੂਬਰ, 1980, ਪੇਂਡੂ ਬੇਜ਼ਮੀਨੇ ਗਰੰਟੀ ਪ੍ਰੋਗਰਾਮ (ਅਪ੍ਰੈਲ, 1983), ਸਵਾਹਰ ਰੋਜ਼ਗਾਰ ਯੋਜਨਾ (ਅਪ੍ਰੈਲ, 1989), ਨੈਸ਼ਨਲ ਸੋਸ਼ਲ ਅਸਿਸਟੈਂਸ ਪ੍ਰੋਗਰਾਮ (ਅਗਸਤ, 1995), ਸਵਰਨ ਜੈਯੰਤੀ ਰੋਜ਼ਗਾਰ ਯੋਜਨਾ (ਅਗਸਤ, 1997), ਸਵਰਨ ਜੈਯੰਤੀ ਗਰਾਮ ਸਵੈ-ਰੋਜ਼ਗਾਰ ਯੋਜਨਾ (ਅਪ੍ਰੈਲ, 1999), ਜਵਾਹਰ ਗਰਾਮ ਸਮਰਿਧੀ ਯੋਜਨਾ (ਅਪ੍ਰੈਲ, 1999), ਸੰਪੂਰਨ ਗਰਾਮੀਣ ਰੋਜ਼ਗਾਰ ਯੋਜਨਾ (ਸਤੰਬਰ, 2001), ਨੈਸ਼ਨਲ ਫੂਡ ਫਾਰ ਵਰਕ ਪ੍ਰੋਗਰਾਮ (ਨਵੰਬਰ, 2004) ਪ੍ਰਮੁੱਖ ਹਨ।

ਉਪਰੋਕਤ ਬਹੁਤ ਸਾਰੀਆਂ ਯੋਜਨਾਵਾਂ, ਸਕੀਮਾਂ ਕਾਫੀ ਹੱਦ ਤੱਕ ਇਸ ਟੀਚੇ ਨਾਲ ਸ਼ੁਰੂ ਕੀਤੀਆਂ ਗਈਆਂ ਸੀ ਕਿ ਇਨ੍ਹਾਂ ਨਾਲ ਪਿੰਡਾਂ ਵਿੱਚ ਰਹਿ ਰਹੇ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ। ਪਰ ਇਹ ਸਾਰੀਆਂ ਯੋਜਨਾਵਾਂ ਜਾਂ ਸਕੀਮਾਂ ਹੀ ਸਨ, ਹੁਣ ਤੱਕ ਕੋਈ ਵੀ 'ਕਾਨੂੰਨ' ਨਹੀਂ ਸੀ ਬਣਾਇਆ ਗਿਆ। ਕਾਨੂੰਨ ਅਤੇ ਯੋਜਨਾ/ਸਕੀਮ ਵਿੱਚ ਇਹ ਫਰਕ ਹੁੰਦਾ ਹੈ, ਕਾਨੂੰਨ ਨੂੰ ਕੋਰਟ ਵਿੱਚ ਚੁਨੌਤੀ ਦਿਤੀ ਜਾ ਸਕਦੀ ਹੈ, ਜਦ ਕਿ ਯੋਜਨਾ ਜਾਂ ਸਕੀਮ ਨੂੰ ਕਿਸੇ ਵੀ ਕੋਰਟ ਵਿੱਚ ਚੁਨੌਤੀ ਨਹੀਂ ਦਿੱਤੀ ਜਾ ਸਕਦੀ। ਇਸੇ ਤਰ੍ਹਾਂ ਕਾਨੂੰਨ ਨੂੰ ਕੋਰਟ ਰਾਹੀਂ ਲਾਗੂ ਕਰਵਾਇਆ ਜਾ ਸਕਦਾ ਹੈ ਜਦ ਕਿ ਯੋਜਨਾ ਜਾਂ ਸਕੀਮ ਨੂੰ ਨਹੀਂ। 2005 ਤੋਂ ਪਹਿਲਾਂ ਭਾਰਤ ਵਿੱਚ ਕੋਈ ਵੀ ਅਜਿਹਾ ਕਾਨੂੰਨ ਨਹੀਂ ਸੀ ਬਣਿਆ ਜੋ ਪਿੰਡਾਂ ਵਿਚਲੇ ਕਾਮਿਆਂ ਨੂੰ ਕੰਮ ਦੀ ਗਰੰਟੀ ਦਿੰਦਾ ਹੋਵੇ।

ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਜ਼ਾਮਨੀ ਕਾਨੂੰਨ ਇਕ ਕਾਨੂੰਨ ਹੈ। ਇਹ ਕਾਨੂੰਨ ਇਕ ਗੁੰਜਾਇਸ਼ ਦਿੰਦਾ ਹੈ ਕਿ ਜੋ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗੇਰਟੀ ਕਾਨੂੰਨ ਹੈ ਉਹ ਲਾਗੂ ਹੋਵੇਗਾ। ਪਰ ਇਹ ਕਿਸੇ ਵੀ ਰਾਜ ਨੂੰ ਰੋਕਦਾ ਨਹੀਂ ਕਿ ਉਹ ਇਸ ਤਰਜ਼ ਉਤੇ ਕੋਈ ਸਕੀਮ ਨਹੀਂ ਬਣਾਵੇਗਾ। ਮਨਰੇਗਾ ਕਾਨੂੰਨ ਵਿੱਚ ਇਹ ਪ੍ਰਬੰਧ ਹੈ ਕਿ 6 ਮਹੀਨੇ ਦੇ ਅੰਦਰ-ਅੰਦਰ ਇਸ ਕਾਨੂੰਨ ਦੇ ਤਹਿਤ ਹਰੇਕ ਰਾਜ ਇਕ ਸਕੀਮ ਤਿਆਰ ਕਰੇਗਾ। ਇਸ ਕਰਕੇ ਇਸ ਨੂੰ ਨਰੇਗਾ ਸਕੀਮ ਵੀ ਕਿਹਾ ਜਾਂਦਾ ਹੈ। ਪਰ ਇਸ ਵਿੱਚ ਸ਼ਰਤ ਇਹ ਹੈ ਕਿ ਉਹ ਸਰਕਾਰ ਆਪਣੇ ਰਾਜ ਵਿੱਚ ਐਕਟ ਤੋਂ ਵਧੇਰੇ ਕੁਝ ਦੇ ਸਕਦੀ ਹੈ ਪਰ ਐਕਟ ਤੋਂ ਘੱਟ ਨਹੀਂ। ਜੇਕਰ ਕਿਸੇ ਨੇ ਕਾਨੂੰਨ ਰਾਹੀਂ ਅਧਿਕਾਰ ਲੈਣਾ ਹੈ ਉਹ ਮਨਰੇਗਾ (ਕਾਨੂੰਨ) ਵਾਲਾ ਲੈ ਸਕਦਾ ਹੈ।

## ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਜ਼ਾਮਨੀ ਕਾਨੂੰਨ

ਰੋਜ਼ਗਾਰ ਦੀ ਜ਼ਾਮਨੀ ਦੇ ਇਰਾਦੇ ਨਾਲ ਹੀ ਕੇਂਦਰ ਸਰਕਾਰ ਨੇ ਰਾਸ਼ਟਰੀ ਪੇਂਡੂ ਰੋਜ਼ਗਾਰ ਜ਼ਾਮਨੀ ਕਾਨੂੰਨ (ਨਰੇਗਾ) 2005) ਅਮਲ ਵਿੱਚ ਲਿਆਂਦਾ। ਸ਼ੁਰੂ ਵਿੱਚ ਇਹ ਸਿਰਫ 100 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ। ਬਾਅਦ ਵਿੱਚ ਇਸ ਦੀ ਸਫਲਤਾ ਨੂੰ ਦੇਖਦੇ ਹੋਏ ਅਤੇ ਲੋਕਾਂ ਵਿੱਚ ਇਸ ਦੀ ਰੁਚੀ ਨੂੰ ਧਿਆਨ ਵਿੱਚ ਰੱਖਦੇ ਹੋਏ ਨਰੇਗਾ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰ ਦਿੱਤਾ ਗਿਆ। 2009 ਵਿੱਚ ਇਸ ਦਾ ਨਾਮ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਜ਼ਾਮਨੀ (ਮਨਰੇਗਾ) ਰੱਖ ਦਿੱਤਾ ਗਿਆ। ਮਨਰੇਗਾ ਤਹਿਤ ਪਿੰਡਾਂ ਵਿੱਚ ਰਹਿੰਦੇ ਹਰੇਕ ਪਰਿਵਾਰ ਨੂੰ ਸਾਲ ਵਿੱਚ 100 ਦਿਨ ਕੰਮ ਦੇਣਾ ਹੈ। ਪਿੰਡਾਂ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਮਨਰੇਗਾ ਤਹਿਤ ਅਰਜ਼ੀ ਦੇ ਕੇ ਜਾਬ ਕਾਰਡ ਬਣਵਾ ਸਕਦਾ ਹੈ ਅਤੇ ਕੰਮ ਦੀ ਮੰਗ ਕਰ ਸਕਦਾ ਹੈ। ਕੰਮ ਦੀ ਮੰਗ ਕਰਨ ਦੇ 15 ਦਿਨਾਂ ਅੰਦਰ ਕੰਮ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਜੇਕਰ ਕੰਮ ਨਹੀਂ ਮਿਲਦਾ ਤਾਂ 16ਵੇਂ ਦਿਨ ਦਿਹਾੜੀ ਦਾ 1/4 ਹਿੱਸਾ ਬੇਰੁਜ਼ਗਾਰੀ ਭੱਤਾ ਦੇਣਾ ਹੁੰਦਾ ਹੈ। ਕੰਮ ਪਿੰਡ ਵਿੱਚ ਜਾਂ 5 ਕਿਲੋਮੀਟਰ ਦੇ ਘੇਰੇ ਅੰਦਰ ਦੇਣਾ ਲਾਜ਼ਮੀ ਹੈ ਜੇਕਰ ਕੰਮ ਪਿੰਡ ਤੋਂ 5 ਕਿਲੋਮੀਟਰ ਦੂਰ ਮਿਲਦਾ ਹੈ ਤਾਂ ਮਜ਼ਦੂਰਾਂ ਨੂੰ ਆਉਣ ਜਾਣ ਦੇ ਕਿਰਾਏ ਦੇ ਰੂਪ ਵਿੱਚ ਦਿਹਾੜੀ ਦਾ 10 ਪ੍ਰਤਿਸ਼ਤ ਵੱਧ ਦੇਣਾ ਕਾਨੂੰਨ ਵਿੱਚ ਸ਼ਾਮਲ ਹੈ। ਕੰਮ ਦੀ ਜਗ੍ਹਾ ਉਤੇ ਸਿਹਤ ਸਹੂਲਤਾਂ ਦਾ ਇੰਤਜ਼ਾਮ ਕਰਨਾ, ਬੱਚਿਆਂ ਦੀ ਸੰਭਾਲ ਦਾ ਇੰਤਜ਼ਾਮ ਕਰਨਾ ਇਹ ਸਭ ਸ਼ਰਤਾਂ ਕਾਨੂੰਨ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਨਵੀਂ ਸੋਧ ਅਨੁਸਾਰ ਇਹ ਵੀ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ 5 ਏਕੜ ਤੋਂ ਘੱਟ ਹੈ ਉਹ ਕੰਮ ਆਪਣੇ ਖੇਤ ਵਿੱਚ ਕਰਨਗੇ ਅਤੇ ਉਨ੍ਹਾਂ ਨੂੰ ਦਿਹਾੜੀ ਮਨਰੇਗਾ ਤਹਿਤ ਦਿੱਤੀ ਜਾਵੇਗੀ।

## ਮਗਨਰੇਗਾ ਤਹਿਤ ਉਲੀਕੇ ਗਏ ਕੰਮ

ਪਾਣੀ ਦੇ ਸੋਮਿਆਂ ਦੀ ਸੰਭਾਲ ਅਤੇ ਪਾਣੀ ਇਕੱਠਾ ਕਰਨਾ। ਸੋਕੇ ਨੂੰ ਖਤਮ ਕਰਨਾ, ਜਿਸ ਦੇ ਅਧੀਨ ਦਰਖ਼ਤ ਲਗਾਉਣੇ ਸ਼ਾਮਲ ਹਨ। ਸਿੰਜਾਈ ਦੀਆਂ ਨਹਿਰਾਂ, ਜਿਸ ਦੇ ਅਧੀਨ ਛੋਟੀਆਂ ਅਤੇ ਵੱਡੀਆਂ ਸਿੰਜਾਈ ਸਕੀਮਾਂ ਸ਼ਾਮਲ ਹਨ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ ਦੇ ਪਰਿਵਾਰਾਂ ਦੀ ਮਾਲਕੀ ਵਾਲੀ ਜ਼ਮੀਨ ਦੇ

ਲਈ ਜਾਂ ਜ਼ਮੀਨ ਸੁਧਾਰ ਦੇ ਲਾਭ ਪਾਤਰੀਆਂ ਦੀ ਜ਼ਮੀਨ ਦੇ ਲਈ ਜਾਂ ਭਾਰਤ ਸਰਕਾਰ ਦੀ ਇੰਦਰਾ ਆਵਾਸ ਯੋਜਨਾ ਦੇ ਅਧੀਨ ਲਾਭਪਾਤਰੀਆਂ ਦੀ ਜ਼ਮੀਨ ਦੇ ਲਈ ਸਿੰਜਾਈ ਸਹੂਲਤਾਂ ਦਾ ਉਪਬੰਧ। ਪਰੰਪਰਾਗਤ ਪਾਣੀ ਦੇ ਸਰੋਤਾਂ ਦਾ ਨਵੀਨੀਕਰਨ ਜਿਸ ਦੇ ਅਧੀਨ ਛੱਪੜਾਂ, ਪਾਣੀ ਦੇ ਸਾਧਨਾਂ ਦੀ ਮੁਰੰਮਤ ਅਤੇ ਸਫਾਈ ਆਦਿ ਸ਼ਾਮਲ ਹਨ। ਭੂਮੀ ਦਾ ਵਿਕਾਸ ਕਰਨਾ। ਹੜ੍ਹ ਨਿਯੰਤ੍ਰਣ, ਜਿਸ ਦੇ ਅਧੀਨ ਪਾਣੀ ਵਾਲੇ ਖੇਤਰਾਂ ਵਿੱਚੋਂ ਪਾਣੀ ਬਾਹਰ ਕੱਢਣਾ ਸ਼ਾਮਲ ਹੈ। ਸਾਰੇ ਮੌਸਮਾਂ ਵਿੱਚ ਪੇਂਡੂ ਲੋਕਾਂ ਦੀ ਪਹੁੰਚ ਲਈ ਆਪਸ ਵਿੱਚ ਜੋੜਣ ਦਾ ਉਪਬੰਧ। ਕਈ ਹੋਰ ਕੰਮ ਜਿਸ ਨੂੰ ਰਾਜ ਸਰਕਾਰ ਦੀ ਸਲਾਹ ਨਾਲ ਕੇਂਦਰੀ ਸਰਕਾਰ ਦੁਆਰਾ ਨਿਰਧਾਰਿਤ ਕੀਤਾ ਜਾਵੇ। ਤਲਾਬਾਂ ਦਾ ਖੁਦਵਾਉਣਾ। ਦਿਹਾਤੀ ਲਿੰਕ ਸੜਕਾਂ ਬਣਵਾਉਣਾ।

ਮਗਨਰੇਗਾ ਦੇ ਆਉਣ ਨਾਲ ਪਿੰਡਾਂ ਵਿੱਚ ਰਹਿ ਰਹੇ ਮਜ਼ਦੂਰਾਂ ਦੇ ਠੰਢੇ ਪਏ ਚੁੱਲ੍ਹਿਆਂ ਵਿੱਚ ਅੱਗ ਆ ਗਈ ਹੈ। 218 ਰੁਪਏ ਦੇ ਹਿਸਾਬ ਨਾਲ ਉਨ੍ਹਾਂ ਨੂੰ ਸਾਲ ਵਿੱਚ 21800 ਰੁਪਏ ਮਿਲਦੇ ਹਨ। ਭਾਵੇਂ ਇਹ ਪੈਸੇ ਉਨ੍ਹਾਂ ਲਈ ਕਾਫੀ ਨਹੀਂ ਹਨ ਪਰ ਇਕ ਬੱਝਵੀਂ ਤਨਖ਼ਾਹ ਦੀ ਜ਼ਾਮਨੀ ਤਾਂ ਹੋਈ ਹੈ। ਮਨਰੇਗਾ ਵਿੱਚ ਕੰਮ ਕਰਦੇ ਮਜ਼ਦੂਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਮਨਰੇਗਾ ਵਿੱਚ ਹੀ 100 ਤੋਂ ਵੱਧ ਦਿਨ ਕੰਮ ਕਰਵਾਇਆ ਜਾਵੇ। ਹਰੇਕ ਪਿੰਡ ਵਿੱਚ ਲਗਭਗ ਮਨਰੇਗਾ ਨਾਲ ਇਕ ਸਾਲ ਵਿੱਚ 15-20 ਲੱਖ ਰੁਪਏ ਆ ਰਹੇ ਹਨ। ਇਸ ਪੈਸੇ ਨਾਲ ਉਹ ਆਪਣੀਆਂ ਜ਼ਰੂਰੀ ਚੀਜ਼ਾਂ ਦੀ ਪੂਰਤੀ ਕਰਨਗੇ ਭਾਵ ਇਹ ਪੈਸਾ ਬਜ਼ਾਰ ਵਿੱਚ ਜਾਵੇਗਾ, ਜਿਸ ਨਾਲ ਦੇਸ਼ ਦੀ ਆਰਥਿਕਤਾ 'ਚ ਵਾਧਾ ਹੋਵੇਗਾ। ਇਕ ਉਦਾਹਰਣ ਲੈ ਲਓ ਜੇਕਰ ਮਨਰੇਗਾ ਮਜ਼ਦੂਰਾਂ ਨੇ ਪਿੰਡਾਂ ਵਿੱਚ ਇਕ ਛੱਪੜ ਸਾਫ ਕੀਤਾ। ਸਾਫ ਛੱਪੜ ਵਿੱਚ ਪਸ਼ੂ ਸਾਫ ਪਾਣੀ ਪੀਣਗੇ, ਜਿਸ ਨਾਲ ਉਨ੍ਹਾਂ ਦਾ ਦੁੱਧ ਵਧੀਆ ਹੋਵੇਗਾ ਅਤੇ ਇਹ ਦੁੱਧ ਪਿੰਡ ਦੇ ਲੋਕ ਹੀ ਪੀਣਗੇ। ਜਿਸ ਨਾਲ ਉਨ੍ਹਾਂ ਲੋਕਾਂ ਦੀ ਸਿਹਤ ਵਧੀਆ ਹੋਵੇਗੀ। ਭਾਵ ਇਸ ਨਾਲ ਸਾਰੇ ਪਿੰਡ ਦਾ ਹੀ ਭਲਾ ਹੈ।

ਤਾਲਿਕਾ-1 ਤੋਂ ਪਤਾ ਚਲਦਾ ਹੈ ਕਿ ਭਾਰਤ ਦੇ ਬਾਕੀ ਰਾਜਾਂ ਨਾਲੋਂ ਆਂਧਰਾ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼

**ਤਾਲਿਕਾ-1 ਵੱਖ-ਵੱਖ ਰਾਜਾਂ ਦੀ ਮਨਰੇਗਾ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਗਿਣਤੀ**

| ਸੰ. | ਰਾਜ | ਕੁੱਲ ਜ਼ਿਲ੍ਹੇ | ਕੁੱਲ ਬਲਾਕ | ਕੁੱਲ ਗ੍ਰਾਮ ਪੰਚਾਇਤਾਂ | ਜਾਬ ਕਾਰਡਾਂ ਦੀ ਗਿਣਤੀ (ਲੱਖਾਂ 'ਚ) | ਮਜ਼ਦੂਰਾਂ ਦੀ ਗਿਣਤੀ (ਲੱਖਾਂ 'ਚ) |
|---|---|---|---|---|---|---|
| 1 | ਆਂਧਰਾ ਪ੍ਰਦੇਸ਼ | 13 | 661 | 13083 | 94.09 | 209.91 |
| 2 | ਅਰੁਨਾਚਲ ਪ੍ਰਦੇਸ਼ | 20 | 111 | 1810 | 2.08 | 4.68 |
| 3 | ਆਸਾਮ | 27 | 238 | 2640 | 47.29 | 74.99 |
| 4 | ਬਿਹਾਰ | 38 | 534 | 8497 | 137.55 | 212.47 |
| 5 | ਛੱਤੀਸਗੜ੍ਹ | 27 | 146 | 10963 | 39.71 | 108.34 |
| 6 | ਗੁਜਰਾਤ | 33 | 246 | 14246 | 35.52 | 89.3 |
| 7 | ਹਰਿਆਣਾ | 21 | 126 | 6309 | 7.71 | 14.57 |
| 8 | ਹਿਮਾਚਲ ਪ੍ਰਦੇਸ਼ | 12 | 78 | 3248 | 11.84 | 22.22 |
| 9 | ਜੰਮੂ-ਕਸ਼ਮੀਰ | 22 | 318 | 4202 | 13.17 | 23.26 |
| 10 | ਝਾਰਖੰਡ | 24 | 263 | 4417 | 37.29 | 76.91 |
| 11 | ਕਰਨਾਟਕ | 30 | 176 | 6019 | 55.53 | 151.45 |
| 12 | ਕੇਰਲ | 14 | 152 | 941 | 31.15 | 48.42 |
| 13 | ਮੱਧ ਪ੍ਰਦੇਸ਼ | 51 | 313 | 22824 | 82.29 | 245.6 |
| 14 | ਮਹਾਰਾਸ਼ਟਰ | 34 | 351 | 28540 | 79.86 | 195.99 |
| 15 | ਮਨੀਪੁਰ | 9 | 42 | 3100 | 5.42 | 10.41 |
| 16 | ਮੇਘਾਲਿਆ | 11 | 39 | 6216 | 4.9 | 10.02 |
| 17 | ਮੀਜ਼ੋਰਮ | 8 | 26 | 875 | 1.87 | 3.95 |
| 18 | ਨਾਗਾਲੈਂਡ | 11 | 74 | 1200 | 4.25 | 7.11 |
| 19 | ਓਡੀਸ਼ਾ | 30 | 314 | 6211 | 66.65 | 179.02 |
| 20 | ਪੰਜਾਬ | 22 | 147 | 13081 | 12.04 | 19.92 |
| 21 | ਰਾਜਸਥਾਨ | 33 | 295 | 9894 | 100.41 | 242.73 |
| 22 | ਸਿੱਕਮ | 4 | 31 | 178 | 0.85 | 1.5 |
| 23 | ਤਮਿਲਨਾਡੂ | 31 | 385 | 12524 | 85.35 | 131.42 |
| 24 | ਤ੍ਰਿਪੁਰਾ | 8 | 58 | 1175 | 6.1 | 11.67 |
| 25 | ਉੱਤਰ ਪ੍ਰਦੇਸ਼ | 75 | 823 | 58,976 | 165.1 | 242.94 |
| 26 | ਉੱਤਰਾਖੰਡ | 13 | 95 | 7959 | 11.72 | 20.68 |
| 27 | ਪੱਛਮੀ ਬੰਗਾਲ | 20 | 341 | 3347 | 0.08 | 0.012 |
| 28 | ਅੰਡੇਮਾਨ ਨਿਕੋਬਾਰ | 3 | 9 | 77 | 0.5 | 0.76 |
| 29 | ਦਾਦਰ ਅਤੇ ਨਗਰ ਹਵੇਲੀ | 1 | 1 | 11 | 0.08 | 0.012 |
| 30 | ਦਮਨ ਅਤੇ ਦਿਓ | 0 | 0 | 0 | 0 | 0 |
| 31 | ਗੋਆ | 2 | 12 | 190 | 0.36 | 0.46 |
| 32 | ਲਕਸ਼ਦੀਪ | 1 | 10 | 10 | 0.08 | 0.17 |
| 33 | ਪੁੱਡੂਚੇਰੀ | 2 | 3 | 10 | 0.07 | 1.56 |
| 34 | ਚੰਡੀਗੜ੍ਹ | 1 | 1 | 1 | 0 | 0 |
| 35 | ਤੇਲੰਗਾਨਾ | 9 | 438 | 8831 | 63.41 | 156.73 |
| | ਭਾਰਤ | 660 | 6857 | 261599 | 1328.2 | 2795.57 |

*ਸਰੋਤ :* http://nrega.nic.in/Netnrega/stHome.aspx

| ਤਾਲਿਕਾ-2 : ਪੰਜਾਬ ਵਿੱਚ ਮਨਰੇਗਾ ਦੀ ਸਥਿਤੀ | |
|---|---|
| ਪੰਜਾਬ ਵਿੱਚ ਜ਼ਿਲ੍ਹਿਆਂ ਦੀ ਗਿਣਤੀ | 22 |
| ਪੰਜਾਬ ਵਿੱਚ ਬਲਾਕਾਂ ਦੀ ਗਿਣਤੀ | 146 |
| ਪੰਜਾਬ ਵਿੱਚ ਗ੍ਰਾਮ ਪੰਚਾਇਤਾਂ | 13099 |
| ਕੁੱਲ ਮਨਰੇਗਾ ਜਾਬ ਕਾਰਡ | 12.89 ਲੱਖ |
| ਕੁੱਲ ਮਨਰੇਗਾ ਕਿਰਤੀ | 21.16 ਲੱਖ |
| ਐੱਸ ਸੀ ਕਿਰਤੀ | 76.47 % |
| ਐੱਸ ਟੀ ਕਿਰਤੀ | 0.02 % |
| ਜਿਨ੍ਹਾਂ ਜਾਬ ਕਾਰਡ ਧਾਰਕਾਂ ਨੂੰ ਕੰਮ ਮਿਲਿਆ | 9.57 ਲੱਖ |

ਰਾਜਾਂ ਵਿਚਲੇ ਪੇਂਡੂ ਮਜ਼ਦੂਰ ਮਨਰੇਗਾ ਵਿੱਚ ਜ਼ਿਆਦਾ ਹਿੱਸਾ ਲੈ ਰਹੇ ਹਨ। ਇਨ੍ਹਾਂ ਰਾਜਾਂ ਵਿੱਚ ਜਾਬ ਕਾਰਡ ਧਾਰਕਾਂ ਅਤੇ ਮਨਰੇਗਾ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਗਿਣਤੀ ਦੂਜੇ ਰਾਜਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਤਾਲਿਕਾ ਵਿੱਚ ਸਾਰੇ ਰਾਜਾਂ ਵਿਚਲੀ ਜ਼ਿਲ੍ਹਿਆਂ, ਬਲਾਕਾਂ ਅਤੇ ਗ੍ਰਾਮ ਪੰਚਾਇਤਾਂ ਦੀ ਗਿਣਤੀ ਨਾਲ ਹੀ ਮਨਰੇਗਾ ਜਾਬ ਕਾਰਡ ਧਾਰਕਾਂ ਦੀ ਗਿਣਤੀ ਅਤੇ ਮਨਰੇਗਾ ਕਾਮਿਆਂ ਦੀ ਗਿਣਤੀ ਦਿਖਾਈ ਗਈ ਹੈ। ਇਹ ਗਿਣਤੀ ਪਿਛਲੇ ਸਾਲਾਂ ਦੀ ਗਿਣਤੀ ਨਾਲੋਂ ਦਿਨੋਂ-ਦਿਨ ਵਧ ਰਹੀ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਪਿੰਡਾਂ ਵਿੱਚ ਰਹਿ ਰਹੇ ਲੋਕ ਮਨਰੇਗਾ ਵਿੱਚ ਕੰਮ ਕਰਨਾ ਚਾਹੁੰਦੇ ਹਨ। ਇਸ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦਿਆਂ ਇਸ ਸਾਲ (2017-18) ਦੇ ਬਜਟ ਵਿੱਚ ਕੇਂਦਰ ਸਰਕਾਰ ਨੇ 48,000 ਕਰੋੜ ਰੁਪਏ ਮਨਰਗੇਾ ਲਈ ਰੱਖੇ ਹਨ।

ਪੰਜਾਬ ਦੇ ਕੁੱਲ 22 ਜ਼ਿਲ੍ਹਿਆਂ ਵਿੱਚੋਂ 13099 ਪਿੰਡਾਂ ਵਿੱਚ ਸਾਲ 2016-17 ਵਿੱਚ 12.89 ਲੱਖ ਜਾਬ ਕਾਰਡ ਮਨਰੇਗਾ ਤਹਿਤ ਬਣਨਾ ਇਸ ਦੀ ਕਾਮਯਾਬੀ ਦੀ ਗਵਾਹੀ ਭਰਦਾ ਹੈ। ਭਾਵੇਂ ਕਿ ਆਂਕੜੇ ਦੱਸਦੇ ਹਨ ਕਿ 76.47 ਪ੍ਰਤਿਸ਼ਤ ਅਨੁਸੂਚਿਤ ਜਾਤੀਆਂ ਅਤੇ 0.02 ਪ੍ਰਤਿਸ਼ਤ ਅਨੁਸੂਚਿਤ ਜਨ ਜਾਤੀਆਂ ਨਾਲ ਸੰਬੰਧਿਤ ਕਿਰਤੀਆਂ ਨੇ ਮਨਰੇਗਾ ਤਹਿਤ ਕੰਮ ਕੀਤਾ ਹੈ ਪਰ ਇਹ ਵੀ ਸੱਚ ਹੈ ਕਿ ਜਨਰਲ ਵਰਗ ਦੇ ਕਿਰਤੀ ਵੀ ਇਸ ਵਿੱਚ ਕੰਮ ਕਰਦੇ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਕਿਰਤੀ ਮਨਰੇਗਾ ਤਹਿਤ ਕੰਮ ਕਰਕੇ ਖ਼ੁਸ਼ ਹਨ।

ਮਨਰੇਗਾ ਦੀ ਵੈਬਸਾਈਟ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 2012-13 ਵਿੱਚ 70.89 ਲੱਖ, 2013-14 ਵਿੱਚ 84.9 ਲੱਖ, 2014-15 ਵਿੱਚ 90.24 ਲੱਖ, 2015-16 ਵਿੱਚ 134.67 ਲੱਖ ਅਤੇ 2016-17 ਵਿੱਚ 137.56 ਲੱਖ ਰੁਪਏ ਮਨਰੇਗਾ ਤਹਿਤ ਪੰਜਾਬ ਰਾਜ ਵਿੱਚ ਖਪਤ ਕੀਤੇ ਗਏ। ਪੰਜਾਬ ਵਿੱਚ ਮਨਰੇਗਾ ਲਈ ਆਈ ਰਾਸ਼ੀ ਦਾ ਹਰੇਕ ਸਾਲ ਵਧਣਾ ਵੀ ਇਸ ਦੀ ਕਾਮਯਾਬੀ ਦਾ ਸਬੂਤ ਹੈ।

## ਪੰਜਾਬ ਦੇ ਮਜ਼ਦੂਰਾਂ ਉਪਰ ਮਨਰੇਗਾ ਦਾ ਪ੍ਰਭਾਵ

ਪੰਜਾਬ ਵਿੱਚ ਪਿੰਡਾਂ ਵਿੱਚ ਰਹਿੰਦੇ ਲੋਕ ਮਨਰੇਗਾ ਵੱਲ ਆਕਰਸ਼ਿਤ ਹੋ ਰਹੇ ਹਨ। ਸਿਰਫ ਮਜ਼ਦੂਰ ਹੀ ਨਹੀਂ ਸਗੋਂ ਛੋਟੇ ਕਿਸਾਨ (ਜਿਨ੍ਹਾਂ ਕੋਲ ਖੇਤੀ ਯੋਗ ਜ਼ਮੀਨ ਬਹੁਤ ਘੱਟ ਹੈ) ਉਨ੍ਹਾਂ ਨੇ ਵੀ ਮਨਰੇਗਾ ਤਹਿਤ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜਿਸ ਨਾਲ ਉਹ ਇੱਜ਼ਤ ਦੀ ਰੋਟੀ ਖਾ ਸਕਣ। ਮਨਰੇਗਾ ਨਾਲ ਜਿਥੇ ਪੰਜਾਬ ਦੇ ਪੇਂਡੂ ਮਜ਼ਦੂਰਾਂ ਨੂੰ ਆਰਥਿਕ ਲਾਭ ਹੋਇਆ ਹੈ ਉਸ ਦੇ ਨਾਲ ਹੀ ਉਨ੍ਹਾਂ ਦਾ ਸਮਾਜਿਕ ਪੱਧਰ ਵੀ ਉੱਚਾ ਹੋਇਆ ਹੈ। ਮਨਰੇਗਾ ਨਾਲ ਜੋ ਮਜ਼ਦੂਰ ਆਪਣੇ ਪਿੰਡ ਤੋਂ ਬਾਹਰ ਸ਼ਹਿਰ ਵਿੱਚ ਜਾਂ ਹੋਰ ਪਿੰਡਾਂ ਵਿੱਚ ਜਾ ਕੇ ਮਜ਼ਦੂਰੀ ਕਰਨ ਲਈ ਮਜ਼ਬੂਰ ਸਨ ਉਹ ਹੁਣ ਆਪਣੇ ਪਿੰਡ ਵਿੱਚ ਹੀ ਕੰਮ ਕਰਨ ਲੱਗ ਗਏ ਹਨ। ਪੰਜਾਬ ਦੇ ਪੇਂਡੂ ਮਜ਼ਦੂਰ ਚਾਹੁੰਦੇ ਹਨ ਕਿ ਮਨਰੇਗਾ ਤਹਿਤ ਕੰਮ 100 ਦਿਨ ਦੀ ਬਜਾਇ ਘੱਟੋ-ਘੱਟ 200 ਦਿਨ ਕੀਤਾ ਜਾਵੇ। ਇਕ ਸਰਵੇਖਣ ਮੁਤਾਬਕ ਪੰਜਾਬ ਦੇ ਪਿੰਡਾਂ ਵਿੱਚ ਲੋਕ ਨਸ਼ਿਆਂ ਦਾ ਕੰਮ ਕਰਨ ਲੱਗ ਗਏ ਸਨ ਪਰ ਮਨਰੇਗਾ ਵਿੱਚ ਕੰਮ ਕਰਕੇ ਉਨ੍ਹਾਂ ਨੇ ਉਹ ਕੰਮ ਛੱਡ ਦਿੱਤਾ ਹੈ।

ਪਹਿਲਾਂ ਪੇਂਡੂ ਮਜ਼ਦੂਰ ਆਪਣੇ ਬੱਚਿਆਂ ਨੂੰ ਛੋਟੇ ਮੋਟੇ ਕੰਮਾਂ ਉਤੇ ਲਗਾ ਦਿੰਦੇ ਸਨ, ਜਦ ਕਿ ਹੁਣ ਉਹ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਭੇਜਦੇ ਹਨ ਭਾਵ ਇਸ ਨਾਲ ਬਾਲ ਮਜ਼ਦੂਰੀ ਵੀ ਬਹੁਤ ਘੱਟ ਹੋਈ ਹੈ। ਇਹ ਤਾਂ ਸਿਰਫ ਉਦਾਹਰਣ ਹੈ ਜੇਕਰ ਮਨਰੇਗਾ ਪਾਰਦਰਸ਼ੀ ਢੰਗ ਨਾਲ ਅਤੇ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਤਾਂ ਪਿੰਡਾਂ ਦੇ ਮਜ਼ਦੂਰਾਂ ਦੀ ਹਾਲਤ ਹੋਰ ਵੀ ਵਧੀਆ ਹੋ ਸਕਦੀ ਹੈ ਫਿਰ ਉਹ ਦਿਨ ਦੂਰ ਨਹੀਂ ਜਦੋਂ ਸਿਰਫ ਪੰਜਾਬ ਹੀ ਨਹੀਂ ਸਗੋਂ ਪੂਰਾ ਦੇਸ਼ ਖ਼ੁਸ਼ਹਾਲ ਹੋ ਜਾਵੇਗਾ।

## ਸਿੱਟਾ

ਅਸੀਂ ਕਹਿ ਸਕਦੇ ਹਾਂ ਕਿ ਪੇਂਡੂ ਮਜ਼ਦੂਰਾਂ ਦੀ ਹਾਲਤ ਸੁਧਾਰਨ ਵਿੱਚ ਮਨਰੇਗਾ ਦਾ ਬਹੁਤ ਯੋਗਦਾਨ ਹੈ। ਮਨਰੇਗਾ ਨਾਲ ਪੰਜਾਬ ਦੇ ਪੇਂਡੂ ਮਜ਼ਦੂਰਾਂ ਦਾ ਸਿਰਫ ਆਰਥਿਕ ਪੱਧਰ ਹੀ ਨਹੀਂ ਸਗੋਂ ਸਮਾਜਕ ਪੱਧਰ ਵੀ ਉੱਚਾ ਹੋਇਆ ਹੈ। ਹੁਣ ਪੂਰੇ ਦੇਸ਼ ਦੇ ਪਿੰਡਾਂ ਵਿੱਚ ਮਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਜ਼ਾਮਨੀ ਕਾਨੂੰਨ) ਵਧੀਆ ਤਰੀਕੇ ਨਾਲ ਚੱਲ ਰਿਹਾ ਹੈ।

ਮਨਰੇਗਾ ਪਿੰਡਾਂ ਦੇ ਵਿਕਾਸ ਲਈ ਅਤੇ ਪਿੰਡਾਂ ਦੇ ਲੋਕਾਂ ਨੂੰ ਰੋਜ਼ਗਾਰ ਦੇਣ ਲਈ ਕ੍ਰਾਂਤੀਕਾਰੀ ਕਦਮ ਹੈ। ਮਨਰੇਗਾ ਨਾਲ ਪੇਂਡੂ ਲੋਕਾਂ ਦਾ ਜੀਵਨ ਪੱਧਰ ਵੀ ਕਾਫੀ ਉੱਚਾ ਹੋਇਆ ਹੈ। ਜੇ ਕਰ ਮਨਰੇਗਾ ਕਾਨੂੰਨ ਨਾ ਹੁੰਦਾ ਤਾਂ ਪੇਂਡੂ ਮਜ਼ਦੂਰਾਂ ਦੀ ਹਾਲਤ ਹੋਰ ਵੀ ਬਦਤਰ ਹੋਣੀ ਸੀ। ਪਿੰਡਾਂ ਦੇ ਲੋਕਾਂ ਦਾ ਸਮਾਜਕ ਅਤੇ ਆਰਥਿਕ ਵਿਕਾਸ ਕਰਨ ਲਈ ਇਹ ਕਾਨੂੰਨ ਇਕ ਮੀਲ ਪੱਥਰ ਸਾਬਤ ਹੋਵੇਗਾ।

*(ਲੇਖਕ ਅਸਿਸਟੈਂਟ ਪ੍ਰੋਫੈਸਰ, ਲੋਕ ਪ੍ਰਕਾਸ਼ਨ ਵਿਭਾਗ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਹੈ।)*

***ਸਫ਼ਾ 46 ਦੀ ਬਾਕੀ***

(ੳ) ਅੰਤਰਰਾਜੀ ਪ੍ਰਵਾਸੀ ਕਾਮੇ (ਰੋਜ਼ਗਾਰ ਨਿਯੰਤ੍ਰਣ ਅਤੇ ਸੇਵਾ ਦੀਆਂ ਸ਼ਰਤਾਂ) ਕੇਂਦਰੀ ਨਿਯਮ, 1980 (ਫਾਰਮ 23 ਨਿਯਮ 56 (1) ਅਤੇ (2) ਵੇਖੋ

8. ਸੱਨਅਤੀ ਝਗੜਿਆਂ ਬਾਰੇ ਕਾਨੂੰਨ, 1947

(ੳ) ਸੱਨਅਤੀ ਝਗੜੇ (ਕੇਂਦਰੀ) ਨਿਯਮ 1957 (ਫਾਰਮ ਜੀ-1 ਨਿਯਮ 36 ਏ ਵੇਖੋ)

ਇਸ ਤੋਂ ਪਹਿਲਾਂ ਮਾਲਕ ਨੂੰ ਈ ਐੱਸ ਆਈ ਸੀ ਅਤੇ ਈ ਪੀ ਐੱਫ ਓ ਨੂੰ ਵੱਖ-ਵੱਖ ਮਾਸਕ ਰਿਟਰਨ ਦਾਖਲ ਕਰਨ ਦੀ ਲੋੜ ਹੁੰਦੀ ਸੀ। ਕਰਮਚਾਰੀ ਭਵਿੱਖਨਿਧੀ ਸੰਗਠਨ (ਈ ਪੀ ਐੱਫ ਓ) ਅਤੇ ਕਰਮਚਾਰੀ ਰਾਜ ਬੀਮਾ ਨਿਗਮ (ਈ ਐੱਸ ਆਈ ਸੀ) ਦੇ ਲਈ ਮਾਸਕ ਇਲੈਕਟ੍ਰਾਨਿਕ ਚਲਾਨ ਸਹਿ-ਰਿਟਰਨ (ਈ ਸੀ ਆਰ) ਨੂੰ ਹੁਣ ਇਕੱਠਾ ਕਰ ਦਿੱਤਾ ਗਿਆ ਹੈ ਅਤੇ ਕਿਰਤ ਸ਼ਰਮ ਸੁਵਿਧਾ ਪੋਰਟਲ ਉਤੇ ਇਕ ਹੀ ਜਗ੍ਹਾ ਉਤੇ ਦਰਜ ਕੀਤਾ ਜਾ ਸਕਦਾ ਹੈ। ❑❑

# ਸਵੱਛ ਭਾਰਤ ਮੁਹਿੰਮ ਵਿੱਚ ਔਰਤਾਂ ਦੀ ਭੂਮਿਕਾ

ਦੇਸ਼ ਭਰ ਵਿੱਚ ਚੱਲਣ ਵਾਲੇ ਸਵੱਛ ਭਾਰਤ ਹਫ਼ਤੇ ਦੀ 1 ਮਾਰਚ, 2017 ਨੂੰ ਸ਼ੁਰੂਆਤ ਪੀਣ ਵਾਲੇ ਪਾਣੀ ਅਤੇ ਸਾਫ਼-ਸਫ਼ਾਈ ਮੰਤਰਾਲੇ ਵਲੋਂ ਕੀਤੀ ਗਈ ਜਿਸ ਦਾ ਉਦੇਸ਼ ਸਵੱਛ ਭਾਰਤ ਮਿਸ਼ਨ ਵਿੱਚ ਔਰਤਾਂ ਦੀ ਭੂਮਿਕਾ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਦੀ ਅਗਵਾਈ ਨੂੰ ਮਾਨਤਾ ਦੇਣਾ ਹੈ। ਇਸ ਘਟਨਾ ਦੇ ਮੁੱਖ ਉਦੇਸ਼ ਇਹ ਹਨ (1) ਔਰਤ ਸਰਪੰਚਾਂ, ਜ਼ਮੀਨੀ ਪੱਧਰ ਉਤੇ ਕੰਮ ਕਰਨ ਵਾਲਿਆਂ ਅਤੇ ਦੂਜੇ ਸਵੱਛਗ੍ਰਹੀਆਂ ਨੂੰ ਸਨਮਾਨਤ ਕਰਨਾ ਜਿਨ੍ਹਾਂ ਨੇ ਆਪਣੇ ਪਿੰਡਾਂ ਨੂੰ ਖੁੱਲ੍ਹੇ ਵਿੱਚ ਪਾਖਾਨਾ ਕਰਨ ਤੋਂ ਮੁਕਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ, (2) ਔਰਤਾਂ ਦੇ ਦ੍ਰਿਸ਼ਟੀਕੋਣ ਤੋਂ ਸਾਫ਼-ਸਫ਼ਾਈ, ਗਰੀਬੀ ਹਟਾਉਣ, ਹੁਨਰਮੰਦ ਭਾਰਤ, ਡਿਜੀਟਲ ਭਾਰਤ, ਮਕਾਨ ਉਸਾਰੀ ਅਤੇ ਬੇਟੀ ਬਚਾਉ/ਬੇਟੀ ਪੜ੍ਹਾਉ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਨਾ, (3) ਔਰਤ ਸਰਪੰਚਾਂ ਨੂੰ ਰੋਜ਼ਗਾਰ ਵਿਚਲੀਆਂ ਵੱਖ-ਵੱਖ ਵਿਕਾਸ ਮੁਖੀ ਸਰਗਰਮੀਆਂ ਬਾਰੇ ਜਾਣੂੰ ਕਰਵਾਉਣਾ ਜਿਵੇਂ (ੳ) ਡੇਅਰੀ ਵਿਕਾਸ, (ਅ) ਪਾਣੀ ਦੀ ਸੰਭਾਲ (ਵਾਸਮੋ ਮਾਡਲ, ਤੁਪਕਾ ਸਿੰਜਾਈ), (ੲ) ਸਵੈ-ਸਹਾਇਤਾ ਸਮੂਹ, (ਸ) ਫੂਡ ਪ੍ਰਾਸੈਸਿੰਗ, (ਹ) ਈ-ਗ੍ਰਾਮ/ਡਿਜੀਟਲ ਗ੍ਰਾਮ, (ਕ) ਖਾਦੀ ਅਤੇ, (ਖ) ਖੇਤੀ ਉਪਜ ਬਾਜ਼ਾਰ। ਇਸ ਘਟਨਾ ਦੇ ਇਹ ਉਦੇਸ਼ ਵੀ ਹਨ, (1) ਸਾਰੇ ਭਾਗੀਦਾਰਾਂ ਅਤੇ ਪਤਵੰਤਿਆਂ ਨੂੰ ਉਨ੍ਹਾਂ ਦੀ ਸਵੱਛ ਭਾਰਤ ਮਿਸ਼ਨ ਲਈ ਪ੍ਰਤਿਬੱਧਤਾ ਯਾਦ ਕਰਵਾਉਣੀ, (2) ਅੰਤਰ-ਮੰਤਰਾਲਾ ਸਮਰੱਥਾ ਵਿਕਾਸ ਵਿੱਚ ਮਦਦ ਕਰਨੀ ਕਿਉਂਕਿ ਇਸ ਦਾ ਸੰਬੰਧ ਐੱਸ ਬੀ ਐੱਮ ਕਾਰਜ ਯੋਜਨਾ, ਤਕਨੀਕਾਂ, ਵਿਹਾਰਕ ਤਬਦੀਲੀ ਆਦਿ ਨਾਲ ਹੈ, (3) ਖੁੱਲ੍ਹੇ ਵਿੱਚ ਮਲ ਤਿਆਗ ਤੋਂ ਮੁਕਤੀ ਦੀ ਸਥਿਰਤਾ ਯਕੀਨੀ ਬਣਾਉਣ ਲਈ ਸਹਾਇਤਾ ਪ੍ਰਾਪਤ ਗ੍ਰਾਮ ਪੰਚਾਇਤਾਂ ਨੂੰ ਹਮਾਇਤ ਲਈ ਉਤਸ਼ਾਹਿਤ ਕਰਨਾ, (4) ਮਾੜੀ ਕਾਰਗੁਜ਼ਾਰੀ ਵਾਲੇ ਜ਼ਿਲ੍ਹਿਆਂ ਵਿੱਚ ਸਫਲ ਵਿਚਾਰਾਂ ਦਾ ਪਸਾਰ ਕਰਨਾ ਅਤੇ ਅਗਵਾਈ ਦੀ ਭਾਵਨਾ ਪੈਦਾ ਕਰਨੀ, (5) ਗ੍ਰਾਮ ਪੰਚਾਇਤਾਂ ਦੀ ਆਪਸੀ ਸਿਖਲਾਈ ਲਈ ਰਾਜ ਪੱਧਰ ਉਤੇ ਅਜਿਹੇ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਨਾ। ਸਵੱਛ ਸ਼ਕਤੀ ਸਪਤਾਹ ਦੀ ਰਾਸ਼ਟਰੀ ਸ਼ੁਰੂਆਤ ਗੁਰੂਗ੍ਰਾਮ (ਹਰਿਆਣਾ) ਵਿਖੇ ਹਰਿਆਣਾ ਸਰਕਾਰ ਨਾਲ ਇਕ ਸਾਂਝੇ ਪ੍ਰੋਗਰਾਮ ਸਮੇਂ ਕੀਤੀ ਗਈ। ਹਰਿਆਣਾ ਤੋਂ ਜ਼ਮੀਨੀ ਪੱਧਰ ਉਤੇ ਕੰਮ ਕਰਨ ਵਾਲੀਆਂ 1000 ਤੋਂ ਵੱਧ ਔਰਤਾਂ ਨੇ ਇਸ ਵਿੱਚ ਭਾਗ ਲਿਆ। ਔਰਤ ਕਾਰਜਕਰਤਾਵਾਂ, ਸਰਪੰਚਾਂ, ਆਸ਼ਾ ਕਾਮਿਆਂ, ਸਕੂਲ ਅਧਿਆਪਕਾਵਾਂ, ਨੌਜਵਾਨ ਵਿਦਿਆਰਥੀਆਂ ਅਤੇ ਬਜ਼ੁਰਗ ਨਾਗਰਿਕਾਂ ਨੂੰ ਰਾਸ਼ਟਰੀ ਪੱਧਰ ਉਤੇ ਇਸ ਹਫ਼ਤੇ ਵਿੱਚ ਸਨਮਾਨਿਤ ਕੀਤਾ ਗਿਆ ਜਿਸ ਦੀ ਸਮਾਪਤੀ ਗੁਜਰਾਤ ਵਿੱਚ ਸਵੱਛ ਸ਼ਕਤੀ 2017 ਨਾਮਕ ਵਿਸ਼ਾਲ ਪ੍ਰੋਗਰਾਮ ਵਿੱਚ ਹੋਈ। ਇਸ ਸਮੇਂ ਪ੍ਰਧਾਨ ਮੰਤਰੀ ਵਲੋਂ ਦੇਸ਼ ਭਰ ਦੀਆਂ 6000 ਤੋਂ ਵੱਧ ਜੀ ਡੀ ਪੀ – – ਪੰਚਾਇਤਾਂ, ਸਾਰੀਆਂ ਔਰਤ ਸਵੱਛਗ੍ਰਹੀ ਸਰਪੰਚਾਂ ਨੂੰ ਸੰਬੋਧਨ ਕੀਤਾ ਗਿਆ ਅਤੇ ਸਵੱਛ ਭਾਰਤ ਮਿਸ਼ਨ ਵਿੱਚ ਯੋਗਦਾਨ ਪਾਉਣ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਗਾਂਧੀਨਗਰ ਵਿਖੇ ਸਵੱਛ ਸ਼ਕਤੀ 2017 ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ 2019 ਵਿੱਚ ਮਹਾਤਮਾ ਗਾਂਧੀ ਦੀ 150ਵੀਂ ਜਨਮ ਵਰ੍ਹੇਗੰਢ ਹੋਵੇਗੀ, ਜਿਨ੍ਹਾਂ ਨੇ ਕਿਹਾ ਸੀ ਕਿ ਸਵੱਛਤਾ ਰਾਜਨੀਤਕ ਆਜ਼ਾਦੀ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਹੈ।

ਪ੍ਰਧਾਨ ਮੰਤਰੀ ਦੇ ਹਾਜ਼ਰ ਇਕਠ ਨੂੰ ਉਹ ਗਤੀਸ਼ੀਲਤਾ ਬਣਾਈ ਰੱਖਣ ਲਈ ਜ਼ੋਰ ਦਿੱਤਾ ਜੋ ਸਾਫ਼-ਸਫ਼ਾਈ ਬਣਾਈ ਰੱਖਣ ਲਈ ਜ਼ਰੂਰੀ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਸਵੱਛਤਾ ਜਾਂ ਸਾਫ਼-ਸਫ਼ਾਈ ਸਾਡੀ ਆਦਤ ਬਣਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਜਦੋਂ ਅਸੀਂ ਸਵੱਛਤਾ ਪ੍ਰਾਪਤ ਕਰ ਲੈਂਦੇ ਹਾਂ ਅਤੇ ਘੱਟੇ ਨੂੰ ਖਤਮ ਕਰ ਦਿੰਦੇ ਹਾਂ ਤਾਂ ਇਸ ਦਾ ਸਭ ਤੋਂ ਵੱਧ ਲਾਭ ਗਰੀਬਾਂ ਨੂੰ ਹੁੰਦਾ ਹੈ। ਉਨ੍ਹਾਂ ਹੋਰ ਆਖਿਆ ਕਿ ਜਦੋਂ ਉਹ ਔਰਤ ਸਰਪੰਚਾਂ ਨੂੰ ਮਿਲਦੇ ਹਨ ਤਾਂ ਉਨ੍ਹਾਂ ਨੂੰ ਹਾਂ-ਪੱਖੀ ਫਰਕ ਪੈਦਾ ਕਰਨ ਦਾ ਦ੍ਰਿੜ੍ਹ ਨਿਸ਼ਚਾ ਦਿਖਾਈ ਦਿੰਦਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਇਕ ਗੁਣਾਤਮਕ ਤਬਦੀਲੀ ਲਿਆਉਣ ਦੀਆਂ ਇਛੱਕ ਹਨ। 'ਬੇਟੀ ਬਚਾਉ, ਬੇਟੀ ਪੜ੍ਹਾਉ' ਪਹਿਲਕਦਮੀ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਔਰਤ ਸਰਪੰਚਾਂ ਵਾਲੇ ਪਿੰਡ ਭਰੂਣ ਹੱਤਿਆ ਦੀ ਬੁਰਾਈ ਨੂੰ ਖਤਮ ਕਰਨ ਵਿੱਚ ਮੁੱਖ ਭੂਮਿਕਾ ਨਿਭਾਅ ਸਕਦੇ ਹਨ।

**1.7 ਲੱਖ ਤੋਂ ਵੱਧ ਪਿੰਡਾਂ ਅਤੇ 118 ਜ਼ਿਲ੍ਹਿਆਂ ਨੂੰ ਪਹਿਲਾਂ ਹੀ ਖੁੱਲ੍ਹੇ ਵਿੱਚ ਮਲ ਤਿਆਗ ਕਰਨ ਤੋਂ ਮੁਕਤ ਐਲਾਨਿਆ ਜਾ ਚੁੱਕਾ ਹੈ। ਦੇਸ਼ ਭਰ ਵਿੱਚ ਔਰਤਾਂ ਜ਼ਮੀਨੀ ਪੱਧਰ ਉਤੇ ਸਵੱਛ ਭਾਰਤ ਮਿਸ਼ਨ ਦੀਆਂ ਝੰਡਾ ਬਰਦਾਰ ਬਣੀਆਂ ਹਨ ਅਤੇ ਹੁਣ ਤੱਕ ਹੋਈ ਤਰੱਕੀ ਵਿੱਚ ਉਨ੍ਹਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ।**

## ਵੱਖ-ਵੱਖ ਕਿਰਤ ਕਾਨੂੰਨਾਂ ਤਹਿਤ ਰਜਿਸਟਰ ਬਣਾ ਕੇ ਰੱਖਣ ਨੂੰ ਸਰਲ ਕੀਤਾ ਗਿਆ

ਸਰਕਾਰ ਵਲੋਂ ਖੇਤੀ ਅਤੇ ਗ਼ੈਰ-ਖੇਤੀ ਖੇਤਰਾਂ ਦੇ ਲਗਭਗ 5.85 ਕਰੋੜ ਸੰਸਥਾਨਾਂ ਵਿੱਚ ਕਿਰਤੀਆਂ ਦੇ ਰਜਿਸਟਰਾਂ ਦੇ ਰੱਖ-ਰਖਾਅ ਨੂੰ ਸਰਲ ਕਰ ਦਿੱਤਾ ਗਿਆ ਹੈ। ਇਹ ਰਜਿਸਟਰ ਕਰਮਚਾਰੀਆਂ ਦੇ ਵੇਰਵਿਆਂ, ਉਨ੍ਹਾਂ ਦੀਆਂ ਤਨਖ਼ਾਹਾਂ, ਕਰਜ਼ੇ, ਵਸੂਲੀਆਂ, ਹਾਜ਼ਰੀ ਆਦਿ ਨਾਲ ਸੰਬੰਧਿਤ ਹਨ। ਇਸ ਨਾਲ ਅਜਿਹੇ ਸੰਸਥਾਨਾਂ ਵਲੋਂ ਰੱਖੇ ਜਾ ਰਹੇ ਰਜਿਸਟਰਾਂ ਦੀ ਸੰਖਿਆ 56 ਤੋਂ ਘਟਾ ਕੇ ਸਿਰਫ 5 ਕਰਨ ਵਿੱਚ ਮਦਦ ਮਿਲੇਗੀ। ਇਸ ਲਈ ਦੋਹਰੇ ਅਤੇ ਫਜ਼ੂਲ ਦੇ ਇੰਦਰਾਜਾਂ ਨੂੰ ਖਤਮ ਕੀਤਾ ਗਿਆ ਹੈ। ਇਸ ਨਾਲ ਸੰਸਥਾਨਾਂ

ਨੂੰ ਲਾਗਤ ਅਤੇ ਯਤਨਾਂ ਦੀ ਬੱਚਤ ਕਰਨ ਅਤੇ ਕਿਰਤ ਕਾਨੂੰਨਾਂ ਦੀ ਬੇਹਤਰ ਪਾਲਣਾ ਕਰਨ ਵਿੱਚ ਮਦਦ ਮਿਲੇਗੀ।

ਵੱਖ-ਵੱਖ ਕੇਂਦਰੀ ਕਿਰਤ ਐਕਟਾਂ ਤਹਿਤ, ਖੇਤੀ ਅਤੇ ਗ਼ੈਰ-ਖੇਤੀ ਖੇਤਰਾਂ ਦੇ ਸੰਸਥਾਨਾਂ ਵਿੱਚ ਕਰਮਚਾਰੀਆਂ ਦੀ ਮੁਢਲੀ ਸੰਖਿਆ ਦੇ ਅਧਾਰ ਉਤੇ ਰਜਿਸਟਰ ਬਣਾ ਕੇ ਰੱਖਣ ਦੀ ਜ਼ਰੂਰਤ ਹੁੰਦੀ ਹੈ। ਕੇਂਦਰੀ ਅੰਕੜਾ ਦਫ਼ਤਰ ਵਲੋਂ 2013-14 ਵਿੱਚ ਕਰਵਾਏ ਛੇਵੀਂ ਆਰਥਿਕ ਜਨਗਣਨਾ ਮੁਤਾਬਕ ਭਾਰਤ ਵਿੱਚ ਖੇਤੀ ਅਤੇ ਗ਼ੈਰ-ਖੇਤਰਾਂ ਵਿੱਚ ਕੁੱਲ ਮਿਲਾ ਕੇ 5.58 ਕਰੋੜ ਸੰਸਥਾਨ ਹਨ। ਇਨ੍ਹਾਂ ਵਿੱਚੋਂ 4.45 ਕਰੋੜ ਸੰਸਥਾਨ ਗ਼ੈਰ-ਖੇਤੀ ਖੇਤਰ ਵਿੱਚ ਹਨ। 9 ਕੇਂਦਰੀ ਐਕਟਾਂ ਤਹਿਤ ਵੱਖ-ਵੱਖ ਰਿਟਰਨਾਂ, ਰਜਿਸਟਰ, ਫਾਰਮ ਭਰਨ ਦੀ ਲੋੜ ਦੀ ਸਮੀਖਿਆ ਕਰਦੇ ਸਮੇਂ ਬਹੁਤ ਸਾਰੇ ਦੋਹਰੇ, ਫਜ਼ੂਲ ਇੰਦਰਾਜ ਪਾਏ ਗਏ ਜਿਨ੍ਹਾਂ ਨੂੰ ਤਰਕਸੰਗਤ ਬਣਾਇਆ ਜਾ ਸਕਦਾ ਸੀ।

ਕਿਰਤ ਤੇ ਰੋਜ਼ਗਾਰ ਮੰਤਰਾਲੇ ਵਲੋਂ ਵੀ ਇਸੇ ਹੀ ਸਮੇਂ ਇਨ੍ਹਾਂ 5 ਇਕੋ ਜਿਹੇ ਰਜਿਸਟਰਾਂ ਲਈ ਇਕ ਸਾਫਟਵੇਅਰ ਤਿਆਰ ਕਰਨ ਲਈ ਕੰਮ ਸ਼ੁਰੂ ਕੀਤਾ ਗਿਆ।ਸਾਫਟਵੇਅਰ ਤਿਆਰ ਹੋਣ ਉਪਰੰਤ ਇਸ ਨੂੰ ਕਿਰਤ ਤੇ ਰੋਜ਼ਗਾਰ ਮੰਤਰਾਲੇ ਦੇ ਗ੍ਰਾਮ ਸੁਵਿਧਾ ਪੋਰਟਲ ਤੇ ਮੁਫਤ ਡਾਊਨਲੋਡ ਲਈ ਰੱਖਿਆ ਜਾਵੇਗਾ ਤਾਂਕਿ ਇਨ੍ਹਾਂ ਰਜਿਸਟਰਾਂ ਨੂੰ ਡਿਜੀਟਲ ਰੂਪ ਵਿੱਚ ਰੱਖਣ ਲਈ ਮਦਦ ਮਿਲ ਸਕੇ। ਜਿਹੜੇ ਕਿਰਤ ਕਾਨੂੰਨਾਂ ਤਹਿਤ ਇਹ ਰਜਿਸਟਰ ਬਣਾਏ ਜਾਂਦੇ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : • ਇਮਾਰਤਸਾਜ਼ੀ ਅਤੇ ਹੋਰ ਉਸਾਰੀ ਕਾਮੇ (ਰੋਜ਼ਗਾਰ ਤੇ ਕੰਮ ਦੀਆਂ ਸ਼ਰਤਾਂ ਦਾ ਨਿਯਮਨ) ਐਕਟ, 1996 • ਕੰਟਰੈਕਟ ਕਵਰ (ਨਿਯਮਨ ਅਤੇ ਖਾਤਮਾ) ਐਕਟ, 1970 • ਬਰਾਬਰ ਉਜਰਤਾਂ ਐਕਟ, 1976 • ਅੰਤਰ-ਰਾਜੀ ਪਰਵਾਸੀ ਕਾਮੇ (ਰੋਜ਼ਗਾਰ ਤੇ ਸੇਵਾ ਸ਼ਰਤਾਂ ਦਾ ਨਿਯਮਨ) ਐਕਟ, 1979 • ਖਾਣਾਂ ਬਾਰੇ ਐਕਟ, 1952 • ਘੱਟੋ-ਘੱਟ ਉਜਰਤਾਂ ਐਕਟ, 1948 • ਉਜਰਤਾਂ ਦਾ ਭੁਗਤਾਨ ਐਕਟ, 1936 • ਵਿਕਰੀ ਪ੍ਰੋਤਸਾਹਨ ਕਰਮਚਾਰੀ (ਸੇਵਾ ਸ਼ਰਤਾਂ) ਐਕਟ, 1976 • ਕੰਮਕਾਜੀ ਪੱਤਰਕਾਰ ਅਤੇ ਦੂਜੇ ਅਖ਼ਬਾਰੀ ਕਰਮਚਾਰੀ (ਸੇਵਾ ਸ਼ਰਤਾਂ) ਐਕਟ, 1955।

## 6 ਕਰੋੜ ਦਿਹਾਤੀ ਪਰਿਵਾਰਾਂ ਲਈ ਡਿਜੀਟਲ ਸਾਖਰਤਾ

6 ਕਰੋੜ ਦਿਹਾਤੀ ਪਰਿਵਾਰਾਂ ਨੂੰ ਡਿਜੀਟਲ ਸਾਖਰ ਬਣਾਉਣ ਲਈ 'ਪ੍ਰਧਾਨ ਮੰਤਰੀ ਗ੍ਰਾਮੀਣ ਡਿਜੀਟਲ ਸਾਖਰਤਾ ਅਭਿਆਨ' (ਪੀ ਐੱਮ ਜੀ ਡੀ ਆਈ ਐੱਸ ਐੱਚ ਏ) ਨੂੰ ਕੇਂਦਰੀ ਵਜ਼ਾਰਤ ਵਲੋਂ ਮਨਜ਼ੂਰੀ ਦਿੱਤੀ ਗਈ ਹੈ। ਮਾਰਚ, 2019 ਤੱਕ ਪੇਂਡੂ ਭਾਰਤ ਵਿੱਚ ਡਿਜੀਟਲ ਸਾਖਰਤਾ ਦਾ ਪਸਾਰ ਕਰਨ ਲਈ ਇਸ ਪ੍ਰਜੈਕਟ ਵਾਸਤੇ 2,351.38 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਅਜਿਹਾ ਵਿੱਤ ਮੰਤਰੀ ਵਲੋਂ 2016-17 ਦੇ ਕੇਂਦਰੀ ਬਜਟ ਵਿੱਚ ਕੀਤੇ ਐਲਾਨ ਮੁਤਾਬਕ ਹੈ।

ਪੀ ਐੱਸ ਜੀ ਡੀ ਆਈ ਐੱਸ ਐੱਚ ਏ ਦੁਨੀਆਂ ਭਰ ਵਿੱਚ ਡਿਜੀਟਲ ਸਾਖਰਤਾ ਦਾ ਸੱਭ ਤੋਂ ਵੱਡਾ ਪ੍ਰੋਗਰਾਮ ਸਾਬਤ ਹੋ ਸਕਦਾ ਹੈ। ਇਸ ਸਕੀਮ ਤਹਿਤ ਵਿੱਤ ਵਰ੍ਹੇ 2016-17 ਵਿੱਚ 25 ਲੱਖ, 2017-18 ਵਿੱਚ 275 ਲੱਖ ਅਤੇ 2018-19 ਵਿੱਚ 300 ਲੱਖ ਉਮੀਦਵਾਰਾਂ ਨੂੰ ਸਿੱਖਿਅਤ ਕੀਤਾ ਜਾਵੇਗਾ। ਬਰਾਬਰ ਭੂਗੋਲਿਕ ਪਹੁੰਚ ਯਕੀਨੀ ਬਣਾਉਣ ਲਈ 250,000 ਗ੍ਰਾਮ ਪੰਚਾਇਤਾਂ ਵਿੱਚੋਂ ਹਰੇਕ ਤੋਂ 200-300 ਉਮੀਦਵਾਰ ਪੰਜੀਕ੍ਰਿਤ ਕਰਨ ਦੀ ਆਸ ਹੈ।

**ਡਿਜੀਟਲ ਤੌਰ ਤੇ ਸਾਖਰ ਵਿਅਕਤੀ ਕੰਪਿਊਟਰ/ਡਿਜੀਟਲ ਉਪਕਰਨ (ਜਿਵੇਂ ਟੈਬਲੈਟ, ਸਮਾਰਟ ਫ਼ੋਨ ਆਦਿ) ਚਲਾਉਣ, ਈ-ਮੇਲ ਭੇਜਣ ਅਤੇ ਪ੍ਰਾਪਤ ਕਰਨ, ਇੰਟਰਨੈੱਟ ਦੀ ਵਰਤੋਂ, ਸਰਕਾਰੀ ਸੇਵਾਵਾਂ ਦੀ ਵਰਤੋਂ, ਜਾਣਕਾਰੀ ਦੀ ਖੋਜ, ਨਕਦ-ਰਹਿਤ ਲੈਣ-ਦੇਣ ਆਦਿ ਕਰਨ ਦੇ ਸਮਰੱਥ ਹੋਣਗੇ, ਸਿੱਟੇ ਵਜੋਂ ਦੇਸ਼ ਦੀ ਉਸਾਰੀ ਵਿੱਚ ਸਰਗਰਮੀ ਨਾਲ ਭਾਗ ਲੈਣ ਲਈ ਸੂਚਨਾ ਤਕਨੀਕ ਦੀ ਵਰਤੋਂ ਕਰ ਸਕਣਗੇ।**

ਇਸ ਸਕੀਮ ਉਤੇ ਅਮਲ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨੀਕ ਮੰਤਰਾਲੇ ਦੀ ਨਿਗਰਾਨੀ ਹੇਠ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਸਰਗਰਮ ਭਿਆਲੀ ਨਾਲ ਕੀਤਾ ਜਾਵੇਗਾ। ਇਸ ਲਈ ਰਾਜ ਦੀਆਂ ਮਨੋਨੀਤ ਅਮਲਕਾਰੀ ਏਜੰਸੀਆਂ, ਜ਼ਿਲ੍ਹਾ ਪੱਧਰੀ ਈ-ਸ਼ਾਸਨ ਸੁਸਾਇਟੀਆਂ (ਡੀ ਈ ਜੀ ਐੱਸ) ਆਦਿ ਦੀ ਮਦਦ ਲਈ ਜਾਵੇਗੀ। ❑

*ਵਿਚਾਰ*

- *ਵੇਹਲੇ ਨਾ ਬੈਠੋ, ਮਿਹਨਤ ਕਰੋ*

*- ਰੋਬਰਟ ਬਰਟਨ*

- *ਮਿਹਨਤ ਕਰਨ ਵਾਲੇ ਕਿਸਮਤ ਵਾਲੇ ਹਨ।*

*- ਕਾਰਲੇ*

- *ਮਿਹਨ ਦੇ ਤੁਲ ਹੋਰ ਕੋਈ ਚੀਜ਼ ਨਹੀਂ।*

*- ਐਡੀਸਨ*

- *ਜਦੋਂ ਮਿਹਨਤ ਆਨੰਦ ਹੈ, ਉਦੋਂ ਜੀਵਨ ਖ਼ੁਸ਼ਹਾਲ ਹੁੰਦਾ ਹੈ, ਜਦੋਂ ਮਿਹਨਤ ਮਜਬੂਰੀ ਹੁੰਦੀ ਹੈ, ਉਦੋਂ ਜੀਵਨ ਗੁਲਾਮੀ ਹੁੰਦਾ ਹੈ।*

*- ਗੋਰਕੀ*

- *ਵਿਹਲ ਵਿੱਚੋਂ ਕੁਝ ਨਹੀ ਨਿਕਲਣਾ।*

*- ਵਿ. ਸ਼ੈਕਸਪੀਅਰ*

- *ਮਿਹਨਤੀ ਪੁਰਾਣੀ ਦੁਨੀਆਂ ਢਾਹ ਕੇ ਨਵੀਂ ਦੁਨੀਆਂ ਦੀ ਉਸਾਰੀ ਕਰਦੇ ਹਨ।*

*- ਗੋਰਕੀ*

- *ਆਪਣੇ ਕੀਮਤੀ ਸਮੇਂ ਦਾ ਹਰ ਪਲ ਮਿਹਨਤ ਵਿੱਚ ਬਿਤਾਉਣ ਨਾਲ ਆਨੰਦ ਤਾਂ ਹਾਸਲ ਹੁੰਦਾ ਹੀ ਹੈ, ਪਛਤਾਵੇ ਦਾ ਅਹਿਸਾਸ ਵੀ ਨਹੀਂ ਹੁੰਦਾ।*

*- ਐਮਰਸਨ*

- *ਜਦੋਂ ਕਿਸੇ ਕੰਮ ਨੂੰ ਸਿਰੇ ਚਾੜ੍ਹਨ ਲਈ ਤਨਦੇਹੀ ਨਾਲ ਮਿਹਨਤ ਕੀਤੀ ਹੈ ਪਰ ਉਹ ਕੰਮ ਫੇਰ ਵੀ ਪੂਰਾ ਨਹੀਂ ਹੋ ਸਕਿਆ, ਤਦ ਉਸ ਦੀ ਚਿੰਤਾ ਛੱਡ ਦੇਵੋ।*

*- ਸਵੇਟ ਮਾਰਡਨ*

- *ਮਿਹਨਤ ਹੀ ਰੱਬ ਦੀ ਭਗਤੀ ਹੈ।*

*- ਕਾਰਲਾਇਲ*

- *ਸਭ ਤੋਂ ਵੱਡੀ ਪ੍ਰਸ਼ੰਸਾ ਉਹ ਕੰਮ ਕਰਨ ਵਿੱਚ ਹੁੰਦੀ ਹੈ, ਜਿਸ ਨੂੰ ਲੋਕ ਕਹਿਣ ਤੁਸੀ ਨਹੀਂ ਕਰ ਸਕਦੇ।*

*- ਗੇਟੇ*

- *ਬਿਨਾਂ ਮਿਹਨਤ ਦੇ ਕੋਈ ਵੀ ਉੱਨਤੀ ਨਹੀਂ ਕਰਦਾ।*

*- ਸੋਫੋਕਲੀਜ਼*

- *ਮਿਹਨਤ ਸਾਰਿਆਂ ਉਪਰ ਜਿੱਤ ਪ੍ਰਾਪਤ ਕਰਦੀ ਹੈ।*

*- ਹੋਮਰ*


PUBLICATIONS DIVISION
website: publicationsdivision.nic.in
Some Prestigious Titles Now Available Online
India 2016 (also available as eBook)
Bharat 2016 (also available as eBook)
Legends of Indian Silver Screen (also available as eBook)
Abode Under The Dome
Winged Wonders of Rashtrapati Bhavan
Right of The Line : The President's Bodyguard
Indra Dhanush
The Presidential Retreats of India
Rashtrapati Bhawan
Belief In The Ballot (also available as eBook)
Gandhi : Jeevan Aur Darshan (hindi)
1857 The Uprising
Sardar Patel-Sachitra Jeevni(hindi) (also available as eBook)
Sardar Patel - A Pictorial Biography (also available as eBook)
Basohli Painting
Kangra Painting
Indian Women : Contemporary Essays
Bharat Ki Ekta Ka Nirman (hindi) (also available as eBook)
Yuva Sanyasi (hindi)
Gazetteer of India Vol.2
The Geet Govinda of Shri Jaydev
Who's Who of Indian Martyrs (Vol-I)
Who's Who of Indian Martyrs (Vol-II)
Saga of Valour
Some Aspects of Indian Culture
Art & Science of Playing Tabla (also available as eBook)
Indian Classical Dance
Celebration of Life : Indian Folk Dance
Nataraja
Bengali Theatre: 200 Years (also available as eBook)
Bihari Satsai (hindi)
Bihari Satsai - A Commentary
Eye In Art
Looking Again At Indian Art
The Life of Krishna In Indian Art
Pahari Painting of Nala Damayanti Theme
Ajanta Ka Vaibhav (hindi)
Bharatiya Kala - Udhbhav Aur Vikas (hindi)
Bharatiya Chitrakala Main Sangeet Tatva (hindi)
South Indian Paintings
Garhwal Chitrakala (hindi)
A Moment In Time
Samay, Cinema Aur Itihas (hindi)
Indian Cinema Through The Century
Bharatiya Cinema Ka Safarnama (hindi)
A History of Socialism
Lamps of India
Bharat Ke Durg (hindi)
Wood Carving of Gujarat
Lawns And Gardens
Paryavaran Sanrakshan : Chunotiyan Aur Samadhan (hindi)
eBooks
Lokmanya Bal Gangadhar Tilak
The Gospel of Buddha
Introduction To Indian Music
Sardar Vallabhbhai Patel
Sardar Vallabhbhai Patel (Adhunik Bharat Ke Nirmata Series)
Lauh Purush Sardar Patel
Aise They Bapu
Mahatama Gandhi -A Pictorial Biography
Gandhi In Champaran
Mahatma Gandhi And One World
Printed Books available at flipkart.com
eBooks at kobo.com

**PUBLICATIONS DIVISION**
**Ministry of Information & Broadcasting**
**Soochna Bhawan, CGO Complex,**
**Lodhi Road, New Delhi-110003**

## COMMERCIAL ADVERTISEMENT RATES FOR DPD JOURNALS
## (w.e.f. 15th March, 2016

| S. No. | Name of Journal | Inside Text Page | | | | Back Cover | 2nd Cover Page | 3rd Cover Page |
|---|---|---|---|---|---|---|---|---|
| | (Rate for each Journals for one edition | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English) | 35,000 | 20,000 | 25,000 | 15,000 | 10,0000 | 70,000 | 70,000 |
| 2 | Yojana (Hindi) | 25,000 | 15,000 | 18,000 | 11,000 | 75,000 | 50,000 | 50,000 |
| 3 | Kurukshetra (English & Hindi) | 20,000 | 12,000 | 15,000 | 10,000 | 30,000 | 27,000 | 25,000 |
| 4 | Ajkal (Hindi& Urdu) | 10,000 | 6,000 | 7,000 | 5,000 | 15,000 | 12000 | 11000 |
| 5 | Yojana (Urdu/Punjabi/ Oriya/Assamese/ Gujrati/Malayalam) | 70,00 | 4,500 | 5,000 | 3,000 | 10,000 | 9000 | 8000 |
| 6 | Ball Bharti | 10,000 | | | | 15,000 | 12,000 | 11000 |
| 7 | Yojana (Bengali/Telgu/ Marathi/Tamil/Kannada) | 13,000 | 8,000 | 10,000 | 6,000 | 20,000 | 17,000 | 15000 |

COMMERCIAL ADVERTISEMENT RATES FOR INDIA/BHARAT**

| | India | | Bharat | |
|---|---|---|---|---|
| | Colour | Black & White | Colour | Black & White |
| Full Page | 40,000 | 25,000 | 25,000 | 15,000 |
| 2nd Cover Page | | | | |
| 3rd Cover Page | 70,000 | | 50,000 | |

** Rates of Advertisement tariff in India & Bharat annual reference are inclusive for print & electronic version

Note :

2nd cover page of magazines will be reserved for the DAVP and Government Organizations. The above rate are only for PSU advertisement.

* 2 % extra discount on each additional insertion of advertisement subject to maximum discount of 40%

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |

Advertisement material - Artpull/Artwork/CD/Positives

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, Room No. 48-53, Soochna Bhawan, CGO Complex, Lodi Road, New Delhi-1100 03. E-mail : *pdjucir@gmail.com*. For any other query please contact at 011-24367453.